॥ ਅਰਦਾਸ ॥

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ, ਜਬ ਗੁਰੁ ਬੋਲਹਿ ਤਬ ਬਿਸਮੁ ਹੋਇ ਜਾਇ ॥
ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ, ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥
ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ, ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥ (੧੬੭)

ਅੰਗ ੧੭੦ = ਗਉੜੀ ਪੂਰਬੀ ਮਹਲਾ ੪ ॥ ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ, ਕਹੁ ਕਿਥੈ ਹਰਿ ਪਹੁ ਨਸੀਐ ॥ ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ, ਹਰਿ ਆਪ ਛਡਾਏ ਛੁਟੀਐ ॥੧॥ ਹੇ ਮੇਰੇ ਮਨ! (ਕੀਤੇ ਪਾਪ ਕਰਮਾਂ ਤੋਂ ਜੇ ਲੁਕਣਾ ਚਾਹੀਏ, ਤਾਂ) ਦੱਸ, ਹਰੀ ਪਾਸੋਂ ਨੱਸ ਕੇ ਕਿੱਥੇ ਜਾਈਏ? (ਕਿਉਂਕਿ) ਉਹ ਪ੍ਰਭੂ ਸੁਆਮੀ ਸਦਾ (ਤੇਰੇ) ਨਾਲ ਹੈ। ਸੱਚਾ ਹਰੀ ਪ੍ਰਭੂ ਆਪੇ (ਸਾਨੂੰ ਪਾਪ ਕਰਮਾਂ ਤੋਂ) ਬਖਸ਼ ਲਵੇ (ਤਾਂ ਅਸੀਂ ਬਖਸ਼ੇ ਜਾ ਸਕਦੇ ਹਾਂ), ਹਰੀ ਆਪ ਹੀ (ਸਾਨੂੰ) ਛੁਡਾ ਲਵੇ ਤਾਂ ਛੁੱਟ ਸਕਦੇ ਹਾਂ।੧।

ਮੇਰੇ ਮਨ, ਜਪਿ ਹਰਿ ਹਰਿ ਹਰਿ ਮਨਿ ਜਪੀਐ ॥ ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ, ਗੁਰ ਸਤਿਗੁਰ ਪੀਛੈ ਛੁਟੀਐ ॥੧॥ ਰਹਾਉ॥ ਹੇ ਮੇਰੇ ਮਨ! ਹਰਿ ਹਰਿ ਜਪ ਤੇ ਮਨ ਕਰਕੇ ਵੀ ਹਰੀ ਨਾਮ ਜਪਣਾ ਚਾਹੀਦਾ ਹੈ। ਹੇ ਮੇਰੇ ਮਨਾ! ਸਤਿਗੁਰੂ ਦੀ ਸਰਣ ਵਿਚ ਭੱਜ ਕੇ ਜਾ ਪਉ ,(ਕਿਉਂਕਿ) ਪੂਜਨੀਕ ਸਤਿਗੁਰੂ ਦੇ ਪਿਛੇ ਲਗ ਕੇ ਹੀ ਛੁਟਕਾਰਾ ਹੁੰਦਾ ਹੈ (ਸਤਿਗੁਰੂ ਤੋਂ ਨਾਮ ਪ੍ਰਾਪਤ ਹੁੰਦਾ ਹੈ, ਜਿਸਦੇ ਸਿਮਰਨ ਨਾਲ ਕਰਮ ਨਾਸ਼ ਹੋ ਜਾਂਦੇ ਹਨ ਤੇ ਮਨੁਖ ਜਨਮ ਮਰਣ ਤੋਂ ਛੁੱਟ ਜਾਂਦਾ ਹੈ)।੧।ਰਹਾਉ।

ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖ ਦਾਤਾ, ਜਿਤੁ ਸੇਵਿਐ ਨਿਜ ਘਰਿ ਵਸੀਐ ॥ ਗੁਰਮੁਖਿ ਜਾਇ ਲਹਹੁ ਘਰੁ ਅਪਨਾ, ਘਸਿ ਚੰਦਨੁ ਹਰਿ ਜਸੁ ਘਸੀਐ ॥੨॥ ਹੇ ਮੇਰੇ ਮਨ! ਉਹ ਪ੍ਰਭੂ ਜੋ ਸਾਰੇ ਸੁੱਖਾਂ ਦਾ ਦਾਤਾ ਹੈ, (ਉਸਦਾ) ਸਿਮਰਨ ਕਰ, ਜਿਸ ਦੇ ਸਿਮਰਨ ਨਾਲ ਅਪਣੇ ਸਰੂਪ ਵਿਚ ਜਾ ਵਸੀਦਾ ਹੈ। ਗੁਰੂ ਪਾਸ ਜਾਕੇ ਅਪਣਾ ਅਸਲੀ ਘਰ ਲੱਭ ਲੈ, ਜਿਵੇਂ ਚੰਦਨ ਘਸ ਕੇ ਮਹਿਕ ਖਿਲਾਰਦਾ ਹੈ, ਤਿਵੇਂ ਹਰੀ ਜਸ ਨੂੰ ਘਸਾਈਏ ਭਾਵ ਬਾਰ ਬਾਰ ਉਚਾਰਨ ਕਰੀਏ (ਗੁਰੂ ਤੋਂ ਕੀਰਤਨ ਦੀ ਦਾਤ ਲੈ ਕੇ ਬਾਰ ਬਾਰ ਗੁਣ ਗਾਈਏ ਅਤੇ ਚੰਦਨ ਦੀ ਮਹਿਕ ਵਾਂਗ ਹਰੀ ਜਸ ਦੀ ਮਹਿਕ ਆਸ ਪਾਸ ਖਿਲਾਰੀਏ, ਆਪ ਜਪੀਏ ਤੇ ਹੋਰਨਾਂ ਨੂੰ ਵੀ ਜਪਾਈਏ)।੨।

ਮੇਰੇ ਮਨ, ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ, ਲੈ ਲਾਹਾ ਹਰਿ ਮਨਿ ਹਸੀਐ ॥ ਹਰਿ ਹਰਿ ਆਪਿ ਦਇਆ ਕਰਿ ਦੇਵੈ, ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥੩॥ ਹੇ ਮੇਰੇ ਮਨ! ਹਰਿ ਹਰਿ ਹਰਿ ਹਰਿ (ਦਾ ਜਾਪ ਕਰ, ਦੇਵੀ ਦੇਵਤਿਆਂ ਤੇ ਵੱਡੇ ਲੋਕਾਂ ਦੇ ਜਸ ਨਾਲੋਂ) ਹਰੀ ਦਾ ਜਸ ਉਤਮ ਹੈ; ਭਗਤਾਂ ਦੇ ਦੁੱਖ ਹਰਨ ਵਾਲਾ ਜੋ ਹਰੀ ਦਾ ਹਰਿ ਹਰਿ ਨਾਮ ਤੇ ਹਰੀ ਦਾ ਜਸ ਹੈ, (ਇਹ ਦੋਵੇਂ) ਉਤਮ ਹਨ (ਫ.ਸ.; ਸੰ.ਸ., ਇਹ) ਲਾਹਾ ਲੈ ਕੇ ਮਨ ਵਿਚ ਹਸਦੇ ਰਹੀਏ। ਹਰਿ ਹਰਿ (ਜਸ ਕਰਨ ਦੀ ਦਾਤ ਹਰੀ) ਆਪ ਦਇਆ ਕਰ ਕੇ ਦੇਵੇ ਤਾਂ ਹਰੀ ਨਾਮ ਦਾ ਅੰਮ੍ਰਿਤ ਰਸ ਚੱਖਿਆ ਜਾ ਸਕਦਾ ਹੈ (ਨਾਮ ਤੇ ਕੀਰਤਨ ਨੂੰ ਹਰੀ ਦੀ ਦਾਤ ਸਮਝੀਏ)।੩।

ਮੇਰੇ ਮਨ, ਨਾਮ ਬਿਨਾ ਜੋ ਦੂਜੈ ਲਾਗੇ, ਤੇ ਸਾਕਤ ਨਰ ਜਮਿ ਘੁਟੀਐ ॥ ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ, ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥ ਹੇ ਮੇਰੇ ਮਨ! ਨਾਮ ਤੋਂ ਬਿਨਾ ਜੋ ਦੂਜੇ ਪਾਸੇ ਲੱਗੇ ਹੋਏ ਹਨ, ਉਹ ਬੰਦੇ ਸਾਕਤ ਹਨ, (ਉਨ੍ਹਾਂ ਨੂੰ) ਜਮ ਨੇ ਘੁੱਟ (ਨੱਪ) ਲੈਣਾ ਹੈ। ਜਿਨ੍ਹਾਂ ਨੇ ਨਾਮ ਨੂੰ ਭੁਲਾਇਆ ਹੋਇਆ ਹੈ, ਉਹ ਬੰਦੇ ਸਾਕਤ (ਮਾਇਆ ਵੇੜ੍ਹੇ) ਹਨ ਤੇ ਚੋਰ (ਕਿਉਂਕਿ ਰੱਬਾ ਦਾ ਦਿਤਾ ਖਾ ਪਹਿਨ ਕੇ, ਭਜਨ ਤੋਂ ਚਿਤ ਚੁਰਾਉਂਦੇ) ਹਨ, ਹੇ ਮੇਰੇ ਮਨ! ਉਨ੍ਹਾਂ ਦੇ ਨੇੜੇ ਨਹੀਂ ਜਾਣਾ ਚਾਹੀਦਾ।੪।

ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ, ਜਿਤੁ ਸੇਵਿਐ ਲੇਖਾ ਛੁਟੀਐ ॥ ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ, ਖਿਨੁ ਮਾਸਾ ਤੋਲੁ ਨ ਘਟੀਐ ॥੫॥੫॥੧੯॥੫੭॥ ਹੇ ਮੇਰੇ ਮਨ! ਨਾ ਸਮਝੇ ਜਾ ਸਕਣ ਵਾਲੇ, ਮਾਇਆ ਤੋਂ ਰਹਿਤ ਵਾਹਿਗੁਰੂ ਦੀ ਸੇਵਾ ਕਰ, ਜਿਸ ਦੀ ਸੇਵਾ ਕਰਨ ਨਾਲ (ਕੀਤੇ ਕਰਮਾਂ ਦਾ) ਲੇਖਾ ਦੇਣ ਤੋਂ ਛੁੱਟ ਜਾਈਦਾ ਹੈ। ਗੁਰੂ ਜੀ ਆਖਦੇ ਹਨ ਕਿ ਜਿਹੜੇ ਸੇਵਕ ਹਰੀ ਪ੍ਰਭੂ ਨੇ ਪੂਰੇ (ਗੁਰਮੁਖ) ਬਣਾ ਦਿਤੇ ਹਨ, ਖਿਨ ਭਰ ਲਈ ਵੀ ਉਨ੍ਹਾਂ (ਦੀ ਗੁਰਮੁਖਤਾਈ) ਦਾ ਵਜਨ ਮਾਸਾ ਮਾਤ੍ਰ ਵੀ ਨਹੀਂ

All Rights Reserved by Harjinder Singh Gyani | www.GuruGranthVakhyaan.org

ਘਟਦਾ (ਉਹ ਕਦੇ ਅਪੂਰਨ ਨਹੀਂ ਹੁੰਦੇ)।੫।੫।੧੯।੧੭।

ਪਦਾਰਥ = ਕਹੁ–ਦੱਸੋ।ਹਰਿ ਪਹੁ–ਹਰੀ ਪਾਸੋਂ।ਛੁਟੀਐ–ਛੁਟਕਾਰਾ ਹੁੰਦਾ ਹੈ।੧।ਭਜਿ ਪਉ–ਦੌੜ ਕੇ ਜਾ ਪੈ।ਪੀਛੈ–ਪਿੱਛੇ ਲਗ ਕੇ।ਛੁਟੀਐ–ਮੁਕਤ ਹੋ ਸਕੀਦਾ ਹੈ।੧।ਰਹਾਉ।ਸ੍ਰਬ–ਸਾਰੇ।ਸੇਵਹੁ–ਸੇਵਾ (ਸਿਮਰਨ) ਕਰੋ।ਨਿਜ ਘਰਿ–ਅਪਣੇ ਘਰ ਵਿਚ। ਲਹਹੁ–ਲੱਭ ਲਵੋ।ਘਸਿ–ਘਸਾ ਕੇ।ਘਸੀਐ–ਘਸਾਈਏ ਭਾਵ ਅਭਿਆਸ (ਭਜਨ) ਕਰੀਏ।੨।ਲਾਹਾ–ਲਾਭ।ਹਸੀਐ–ਹਸਦੇ ਰਹੀਏ ਭਾਵ ਅਨੰਦ ਮਾਣੀਏ।ਚਖੀਐ–ਖਾਈਏ; ਸੁਆਦ ਲਈਏ।੩।ਦੂਜੈ ਲਾਗੇ–ਦੂਜੇ ਪਾਸੇ (ਦੁਐਤ ਭਾਵ ਵਿਚ) ਲੱਗੇ ਹਨ। ਤੇ–ਉਹ। ਸਾਕਤ–ਰੱਬ ਤੋਂ ਟੁੱਟੇ ਹੋਏ।ਨਰ–ਬੰਦੇ।ਜਮਿ–ਜਮ ਨੇ।ਘੁਟੀਐ–ਘੁੱਟ (ਦੱਬ) ਲੈਣਾ ਹੈ।ਨਿਕਟਿ–ਨੇੜੇ।ਨ ਭਿਟੀਐ–ਨਹੀ ਢੁਕਣਾ ਚਾਹੀਦਾ; ਸੰਗਤ ਨਹੀਂ ਕਰਨੀ ਚਾਹੀਦੀ।੪।ਅਲਖ–ਜੋ ਸਮਝਿਆ ਨਹੀਂ ਜਾ ਸਕਦਾ।ਨਿਰੰਜਨ–ਮਾਇਆ ਤੋਂ ਰਹਿਤ।ਨਰਹਰਿ–ਨਰ ਸਿੰਘ (ਵਾਹਿਗੁਰੂ)।ਲੇਖਾ ਛੁਟੀਐ–ਲੇਖਾ ਦੇਣ ਤੋਂ ਛੁੱਟ ਜਾਈਦਾ ਹੈ।ਪੂਰੇ–ਪੂਰਨ।ਤੋਲੁ–ਵਜਨ।੫। ੫।੧੯।੫੭।

ਗਉੜੀ ਪੂਰਬੀ ਮਹਲਾ ੪ ॥ ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ, ਮੇਰਾ ਜੀਉ ਪਿੰਡੁ ਸਭ ਤੇਰੀ ॥ ਦਇਆ ਕਰਹੁ ਹਰਿ ਦਰਸੁ ਦਿਖਾਵਹੁ ,ਮੇਰੈ ਮਨਿ ਤਨਿ ਲੋਚ ਘਣੇਰੀ ॥੧॥ ਹੇ ਪ੍ਰਭੂ! ਸਾਡੇ ਪ੍ਰਾਣ ਤੁਹਾਡੇ ਵਸ ਵਿਚ ਹਨ ਅਤੇ ਮੇਰਾ ਸਰੀਰ ਤੇ ਜਿੰਦ ਸਭ ਆਪ ਜੀ ਦੀ (ਬਖਸ਼ੀ ਦਾਤ) ਹੈ।ਹੇ ਹਰੀ! ਦਇਆ ਕਰੋ, (ਸਾਨੂੰ ਅਪਣਾ) ਦਰਸ਼ਨ ਦਿਖਾਓ, ਮੇਰੇ ਮਨ ਤੇ ਤਨ ਵਿਚ (ਆਪ ਜੀ ਦੇ ਦਰਸ਼ਨ ਕਰਨ ਦੀ) ਬਹੁਤ ਇੱਛਾ ਹੈ।੧।

ਰਾਮ, ਮੇਰੈ ਮਨਿ ਤਨਿ ਲੋਚ ਮਿਲਣ ਹਰਿ ਕੇਰੀ ॥ ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ, ਹਰਿ ਮਿਲਿਆ ਆਇ ਪ੍ਰਭੁ ਮੇਰੀ ॥੧॥ ਰਹਾਉ॥ ਹੇ ਰਾਮ! ਹੇ ਹਰੀ! ਮੇਰੇ ਮਨ ਤੇ ਤਨ ਵਿਚ (ਆਪ ਜੀ ਨੂੰ) ਮਿਲਣ ਦੀ ਇੱਛਾ ਹੈ।ਪੂਜਨੀਕ ਕ੍ਰਿਪਾਲ ਗੁਰੂ ਨੇ ਥੋੜੀ ਜਿਹੀ ਕ੍ਰਿਪਾ ਕੀਤੀ, ਤਾਂ (ਮੇਰੀ ਇੱਛਾ ਜਾਣ ਕੇ) ਮੇਲਣ ਵਾਲਾ ਹਰੀ ਪ੍ਰਭੂ (ਮੈਨੂੰ) ਆ ਮਿਲਿਆ।੧।ਰਹਾਉ।

ਜੋ ਹਮਰੈ ਮਨ ਚਿਤਿ ਹੈ ਸੁਆਮੀ, ਸਾ ਬਿਧਿ ਤੁਮ ਹਰਿ ਜਾਨਹੁ ਮੇਰੀ ॥ ਅਨਦਿਨੁ ਨਾਮੁ ਜਪੀ ਸੁਖੁ ਪਾਈ, ਨਿਤ ਜੀਵਾ ਆਸ ਹਰਿ ਤੇਰੀ ॥੨॥ ਹੇ ਸੁਆਮੀ! ਸਾਡੇ ਮਨ ਤੇ ਚਿਤ ਵਿਚ ਜੋ (ਕੁਛ ਵਰਤ ਰਿਹਾ) ਹੈ, ਹੇ ਹਰੀ! ਉਹ ਮੇਰੀ ਹਾਲਤ ਤੁਸੀਂ ਜਾਣਦੇ ਹੋ। (ਕ੍ਰਿਪਾ ਕਰੋ ਕਿ) ਹਰ ਰੋਜ ਨਾਮ ਜਪਦਾ ਰਹਾਂ ਅਤੇ ਸੁਖ ਪਾਉਂਦਾ ਰਹਾਂ, ਹੇ ਹਰੀ! ਮੈਂ ਨਿਤ ਤੇਰੀ ਆਸ ਤੇ ਜਿਉਂਦਾ ਹਾਂ।੨।

ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ, ਹਰਿ ਮਿਲਿਆ ਆਇ ਪ੍ਰਭੁ ਮੇਰੀ ॥ ਅਨਦਿਨੁ ਅਨਦੁ ਭਇਆ ਵਡਭਾਗੀ, ਸਭ ਆਸ ਪੁਜੀ ਜਨ ਕੇਰੀ ॥੩॥ ਵੱਡੇ ਸਤਿਗੁਰੂ ਦਾਤੇ ਨੇ (ਮੈਨੂੰ ਰੱਬ ਨਾਲ ਮਿਲਣ ਦਾ) ਰਸਤਾ ਦੱਸਿਆ, ਤੇ ਮੇਰਾ ਹਰੀ ਪ੍ਰਭੂ ਆ ਮਿਲਿਆ ਹੈ।(ਹੁਣ ਮੈਨੂੰ) ਵੱਡੇ ਭਾਗਾਂ ਨਾਲ ਹਰ ਰੋਜ ਅਨੰਦ ਬਣਿਆ ਰਹਿੰਦਾ ਹੈ ਤੇ ਦਾਸ ਦੀ ਸਾਰੀ ਆਸ ਪੂਰੀ ਹੋ ਗਈ ਹੈ।੩।

ਜਗੰਨਾਥ ਜਗਦੀਸੁਰ ਕਰਤੇ, ਸਭ ਵਸਗਤਿ ਹੈ ਹਰਿ ਕੇਰੀ ॥ ਜਨ ਨਾਨਕ ਸਰਣਾਗਤਿ ਆਏ, ਹਰਿ ਰਾਖਹੁ ਪੈਜ ਜਨ ਕੇਰੀ ॥੪॥ ੬॥੨੦॥੫੮॥ ਹੇ ਜਗਤ ਦੇ ਮਾਲਕ! ਹੇ ਜਗਤ ਦੇ ਈਸਰ! ਹੇ ਕਰਤਾਰ! ਹੇ ਹਰੀ! ਸਭ ਕੁਛ (ਆਪ ਜੀ ਦੇ) ਵਸ ਵਿਚ ਹੈ।ਗੁਰੂ ਜੀ ਆਖਦੇ ਹਨ ਕਿ (ਅਸੀਂ) ਦਾਸ (ਆਪ ਦੀ) ਸ਼ਰਣ ਵਿਚ ਆਏ ਹਾਂ, ਹੇ ਹਰੀ! ਦਾਸਾਂ ਦੀ ਪੈਜ ਰੱਖੋ ਜੀ।੪।੬।੨੦।੫੮।

ਪਦਾਰਥ = ਵਸਗਤਿ–ਵਸ ਵਿਚ; ਅਧੀਨ।ਜੀਉ–ਜਿੰਦ।ਪਿੰਡੁ–ਸਰੀਰ।ਲੋਚ–ਇੱਛਾ।ਘਣੇਰੀ–ਬਹੁਤ।੧।ਕੇਰੀ–ਦੀ।ਕਿੰਚਤ–ਥੋੜੀ ਜਿਹੀ।ਪ੍ਰਭ ਮੇਰੀ–ਮੇਰਾ ਪ੍ਰਭੂ (ਸ਼ਬਦਾਰਥ); ਮੇਲੀ (ਮਿਲਾ ਲੈਣ ਵਾਲਾ); ਪ੍ਰਭੂ ਨੇ ਮੇਰੀ ਲੋਚਾ ਦੇਖ ਕੇ।੧।ਰਹਾਉ।ਸਾ–ਉਹ।ਬਿਧਿ–ਹਾਲਤ।ਅਨਦਿਨੁ–ਹਰ ਰੋਜ।ਜਪੀ–ਮੈਂ ਜਪਾਂ।੨।ਗੁਰਿ ਸਤਿਗੁਰਿ–ਪੂਜਨੀਕ ਸਤਿਗੁਰੂ ਨੇ।ਦਾਤੈ–ਦਾਤੇ ਨੇ।ਪੰਥੁ–ਰੱਬ ਨੂੰ ਮਿਲਣ ਦਾ ਰਸਤਾ।ਬਤਾਇਆ–ਦੱਸਿਆ।ਮੇਰੀ–ਮੇਰਾ; ਮੇਲੀ।ਪੁਜੀ–ਪੂਰੀ ਹੋ ਗਈ।ਜਨ ਕੇਰੀ–ਦਾਸ ਦੀ।੩। ਜਗੰਨਾਥ–ਹੇ ਜਗਤ ਦੇ ਮਾਲਕ।ਕਰਤੇ–ਹੇ ਕਰਤਾਰ।ਪੈਜ–ਲਾਜ; ਇੱਜਤ।੪।੬।੨੦।੫੮।

ਅੰਗ ੧੭੧ = ਗਉੜੀ ਪੂਰਬੀ ਮਹਲਾ ੪ ॥ ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ, ਦਹ ਦਹ ਦਿਸਿ ਚਲਿ ਚਲਿ ਹਾਢੇ ॥ ਗੁਰੁ ਪੂਰਾ ਪਾਇਆ ਵਡਭਾਗੀ, ਹਰਿ ਮੰਤ੍ਰੁ ਦੀਆ ਮਨੁ ਠਾਢੇ ॥੧॥ ਮੇਰਾ ਇਹ ਬਹੁ ਰੰਗੀ ਮਨ (ਵਿਸ਼ੇ ਵਿਕਾਰਾਂ ਦੇ ਬਹੁਤੇ ਰੰਗਾਂ ਵਿਚ ਫਸਿਆ) ਇਕ ਖਿਨ ਭਰ ਵੀ ਨਹੀਂ ਟਿਕਦਾ ਅਤੇ ਤ੍ਰਿਸ਼ਨਾ ਦੀ ਅੱਗ ਦਾ ਸੜਿਆ ਹੋਇਆ (ਇਹ ਮਨ) ਦਸੋ ਦਿਸ਼ਾਵਾਂ

All Rights Reserved by Harjinder Singh Gyani | www.GuruGranthVakhyaan.org

ਵਿਚ ਚੰਚਲਤਾ ਦੇ ਨਾਲ ਦੌੜਦਾ ਫਿਰਦਾ ਹੈ {ਮਨੁ ਦਹ ਦਿਸਿ ਚਲਿ ਚਲਿ ਭਰਮਿਆ...੭੭੬}।(ਪਰ ਸਾਨੂੰ) ਵੱਡੇ ਭਾਗਾਂ ਨਾਲ ਪੂਰਾ ਗੁਰੂ ਪ੍ਰਾਪਤ ਹੋਇਆ ਤਾਂ (ਗੁਰੂ ਜੀ ਨੇ) ਹਰੀ ਦਾ ਨਾਮ ਮੰਤ੍ਰ ਦਿਤਾ ਤਾਂ ਮਨ ਖਲੋ (ਟਿਕ) ਗਿਆ; ਠੰਢਾ (ਸ਼ਾਂਤ) ਹੋ ਗਿਆ।੧।

ਰਾਮ, ਹਮ ਸਤਿਗੁਰ ਲਾਲੇ ਕਾਂਢੇ ॥੧॥ਰਹਾਉ॥ ਹੇ ਰਾਮ (ਭਾਈ)! ਅਸੀਂ ਸਤਿਗੁਰੂ ਦੇ ਗੁਲਾਮ ਕਹੇ ਜਾਂਦੇ ਹਾਂ।੧।ਰਹਾਉ।

ਹਮਰੈ ਮਸਤਕਿ ਦਾਗੁ ਦਗਾਨਾ, ਹਮ ਕਰਜ ਗੁਰੂ ਬਹੁ ਸਾਢੇ ॥ ਪਰਉਪਕਾਰੁ ਪੁੰਨੁ ਬਹੁ ਕੀਆ, ਭਉ ਦੁਤਰੁ ਤਾਰਿ ਪਰਾਢੇ ॥੨॥ ਅਸੀਂ ਗੁਰੂ ਦਾ ਬਹੁਤ ਕਰਜਾ ਦੇਣਾ ਸੀ (ਉਹ ਕਰਜਾ ਦੇਣ ਦੇ ਬਦਲੇ ਅਸੀਂ ਗੁਰੂ ਪਾਸ ਵਿਕ ਗਏ, ਤੇ ਸਤਿਗੁਰੂ ਨੇ ਅਪਣੇ ਗੁਲਾਮ ਹੋਣ ਦਾ) ਸਾਡੇ ਅੰਤਹਕਰਣ ਰੂਪ ਮੱਥੇ ਤੇ ਦਾਗ ਲਗਾ ਦਿਤਾ ਹੈ।(ਗੁਰੂ ਨੇ ਸਾਡੇ ਤੇ) ਬੜਾ ਪਰਉਪਕਾਰ ਰੂਪ ਪੁੰਨ ਕੀਤਾ ਕਿ ਬੜਾ ਔਖਾ ਤਰੇ ਜਾਣ ਵਾਲੇ ਭਵ ਸਾਗਰ ਤੋਂ ਤਾਰ ਕੇ ਪਾਰ ਕਰ ਦਿਤਾ ਹੈ; ਜੋ ਬੇਅੰਤ ਪਰਉਪਕਾਰ ਗੁਰੂ ਨੇ ਮੇਰੇ ਤੇ ਕੀਤੇ ਹਨ, ਉਹ ਗੁਰੂ ਦਾ ਕਰਜਾ ਇਕੱਠਾ ਹੁੰਦਾ ਹੁੰਦਾ ਬਹੁਤ ਸਾਰਾ ਜੋੜ ਬਣ ਗਿਆ ਹੈ, ਉਸ ਵਿਚੋਂ ਮੁਕਾਇਆ ਕੁਝ ਵੀ ਨਹੀਂ, ਇਸ ਲਈ ਮੈਂ ਉਸ ਕਰਜੇ ਦੇ ਬਦਲੇ ਗੁਰੂ ਦਾ ਗੁਲਾਮ ਬਣਿਆ ਹਾਂ (ਸ਼ਬਦਾਰਥ)।੨।

ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ, ਤਿਨ ਕੂਰੇ ਗਾਢਨ ਗਾਢੇ ॥ ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ, ਤਿਉ ਮਨਮੁਖਿ ਗਰਭਿ ਗਲਾਢੇ ॥੩॥ ਜਿਨ੍ਹਾਂ (ਪੁਰਖਾਂ) ਨੂੰ ਹਿਰਦੇ ਵਿਚ ਹਰੀ ਦੀ ਪ੍ਰੀਤ ਨਹੀਂ ਹੈ, ਉਨ੍ਹਾਂ ਨੇ ਝੂਠੇ ਗੰਢਣ ਗੰਢੇ ਹਨ (ਰੱਬ ਦਾ ਪਿਆਰ ਛਡ ਕੇ ਹੋਰ ਦੂਜੇ ਪਿਆਰ ਵਿਚ ਲੱਗੇ ਹੋਏ ਹਨ)।ਜਿਵੇਂ ਪਾਣੀ ਵਿਚ ਕਾਗਜ ਨਾਸ਼ ਹੋ (ਗਲ੍ਹ) ਜਾਂਦਾ ਹੈ, ਇਸੇ ਤਰਾਂ (ਹਰੀ ਦੀ ਪ੍ਰੀਤ ਤੋਂ ਖਾਲੀ) ਮਨਮੁਖ ਲੋਕ ਮਾਂ ਦੇ ਗਰਭ ਵਿਚ ਗਲਦੇ ਹਨ (ਜੂਨਾਂ ਵਿਚ ਪਏ ਰਹਿੰਦੇ ਹਨ)।੩।

ਹਮ ਜਾਨਿਆ ਕਛੂ ਨ ਜਾਨਹ ਆਗੈ, ਜਿਉ ਹਰਿ ਰਾਖੈ ਤਿਉ ਠਾਢੇ ॥ ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ,ਜਨ ਨਾਨਕ ਕੁਤਰੇ ਕਾਢੇ ॥੪॥੭॥੨੧॥੫੯॥ ਨਾ ਅਸੀਂ (ਪਹਿਲਾਂ) ਕੁਛ ਜਾਣਿਆ ਹੈ, ਨਾ ਹੀ ਅੱਗੇ ਨੂੰ (ਭਵਿੱਖ ਵਿਚ ਵੀ) ਕੁਛ ਜਾਣ ਸਕਾਂਗੇ ਜਿਵੇਂ ਹਰੀ ਰੱਖਦਾ ਹੈ, ਤਿਵੇਂ ਖੜੇ (ਵਾਹਿਗੁਰੂ ਦੇ ਆਸਰੇ ਤੇ ਟਿਕੇ) ਰਹਿੰਦੇ ਹਾਂ।ਅਸੀਂ (ਜੀਵ) ਭੁਲਦੇ ਚੁਕਦੇ ਰਹਿੰਦੇ ਹਾਂ, ਹੇ ਗੁਰੂ ਜੀ! (ਸਾਡੇ ਉਤੇ) ਕਿਰਪਾ ਕਰੋ, ਗੁਰੂ ਜੀ ਆਖਦੇ ਹਨ ਕਿ ਅਸੀਂ ਦਾਸ (ਆਪ ਜੀ ਦੇ) ਕਤੂਰੇ ਕਹਾਉਂਦੇ ਹਾਂ; ਅਣਤਾਰੂਆਂ ਨੂੰ ਭਵ ਜਲ ਵਿਚੋਂ ਕੱਢ ਲਓ।੪।੭।੨੧।੫੯।

ਪਦਾਰਥ = ਮਨੂਆ–ਮਨ।ਖਿਨੁ–ਬਹੁਤ ਥੋੜਾ ਸਮਾਂ।ਬਹੁ ਰੰਗੀ–ਅਨੇਕ ਰੂਪ ਧਾਰਨ ਕਰਨ ਵਾਲਾ (ਬਹੁ ਰੂਪੀਆ); ਅਨੇਕ ਰੰਗ ਦਿਖਾਉਣ ਵਾਲਾ।ਦਹ–ਸੜਿਆ ਹੋਇਆ।ਚਲਿ ਚਲਿ–ਚੰਚਲਤਾ ਦੇ ਨਾਲ ਚਲਦਾ (ਦੌੜਿਆ) ਫਿਰਦਾ ਹੈ।ਹਾਢੇ–ਫਿਰਦਾ ਹੈ।ਠਾਢੇ– ਖਲੋ (ਟਿਕ) ਗਿਆ; ਸ਼ਾਤ ਹੋ ਗਿਆ।ਲਾਲੇ–ਗੁਲਾਮ।ਕਾਂਢੇ–ਕਹੇ ਜਾਂਦੇ ਹਾਂ।੧।ਰਹਾਉ।ਮਸਤਕਿ–ਮੱਥੇ ਉਤੇ।ਦਾਗੁ ਦਗਾਨਾ–(ਗੁਲਾਮ ਹੋਣ ਦਾ) ਚਿੰਨ੍ਹ ਲਾਇਆ (ਪੁਰਾਣੇ ਜਮਾਨੇ ਵਿਚ ਗੁਲਾਮਾਂ ਦੇ ਮੱਥੇ ਤੇ ਉਨ੍ਹਾਂ ਦੀ ਪਛਾਣ ਰੱਖਣ ਲਈ ਦਾਗ ਦਾਗਿਆ ਜਾਂਦਾ ਸੀ)।ਸਾਢੇ–ਜੋੜ ਬਣ ਗਿਆ; ਇਕੱਠਾ ਹੁੰਦਾ ਗਿਆ; ਅਦਾ (ਮੁਕਾ) ਕੀਤਾ।ਭਉ–ਭਵ ਸਾਗਰ।ਦੁਤਰੁ–ਔਖਾ ਤਰੇ ਜਾਣ ਵਾਲਾ।ਪਰਾਢੇ–ਪਾਰ ਕਰ ਦਿਤਾ।੨।ਰਿਦੈ–ਹਿਰਦੇ ਵਿਚ।ਕੂਰੇ–ਝੂਠੇ।ਗਾਢਨ ਗਾਢੇ–ਮੇਲ ਮੇਲੇ ਹਨ; ਮੇਲ ਜੋਲ ਕੀਤਾ ਹੈ।ਗਰਭਿ–ਮਾਂ ਦੇ ਗਰਭ ਵਿਚ; ਜੂਨਾਂ ਵਿਚ।ਗਲਾਢੇ–ਗਲਦੇ ਹਨ।੩।ਨ ਜਾਨਹ–ਅਸੀਂ ਨਹੀਂ ਜਾਣਦੇ।ਆਗੈ–ਅੱਗੇ ਆਉਣ ਵਾਲੇ ਸਮੇਂ ਵਿਚ।ਠਾਢੇ– ਖੜੇ (ਟਿਕੇ) ਹਾਂ।ਕੁਤਰੇ–ਕੁੱਤੀ ਦੇ ਬੱਚੇ (ਕਤੂਰੇ); ਨਾ ਤਰਨ ਵਾਲਿਆਂ ਨੂੰ।ਕਾਢੇ–ਅਖਵਾਉਂਦੇ ਹਾਂ।੪।੭।੨੧।੫੯।

ਰਾਗੁ ਗਉੜੀ ਪੂਰਬੀ ਮਹਲਾ ੪ ॥ ਕਾਮਿ ਕਰੋਧਿ ਨਗਰੁ ਬਹੁ ਭਰਿਆ, ਮਿਲਿ ਸਾਧੂ ਖੰਡਲ ਖੰਡਾ ਹੇ ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ, ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥ (ਮਨੁੱਖ ਦਾ) ਸਰੀਰ ਰੂਪ ਨਗਰ ਕਾਮ ਕ੍ਰੋਧ ਨਾਲ ਭਰਿਆ ਪਿਆ ਹੈ, (ਪਰ ਗੁਰਮੁਖਾਂ ਨੇ) ਸਾਧੂ (ਗੁਰੂ) ਨੂੰ ਮਿਲ ਕੇ (ਕਾਮ ਆਦਿਕਾਂ ਨੂੰ) ਤੋੜ ਦਿਤਾ ਹੈ; ਸਮੂੰਹ ਵਿਕਾਰਾਂ ਨੂੰ ਨਾਸ਼ ਕਰ ਦਿਤਾ ਹੈ (ਸਭ ਸੰਪ੍ਰਦਾਵਾਂ ਨੇ ਦੋਵੇਂ ਅਰਥ ਕੀਤੇ ਹਨ)।(ਗੁਰਮੁਖਾਂ ਦੇ ਭਾਗ ਚੰਗੇ ਸਨ, ਉਨ੍ਹਾਂ ਨੇ) ਪੂਰਬ ਲਿਖਤ ਦੇ ਲਿਖੇ ਅਨੁਸਾਰ ਹੀ (ਪੂਰਣ) ਗੁਰੂ ਪ੍ਰਾਪਤ ਕੀਤਾ ਹੈ ਅਤੇ ਹਰੀ ਦਾ ਧਿਆਨ ਮਨ (ਵਾਲੀ ਜਗ੍ਹਾ) ਵਿਚ ਸਜਾ ਲਿਆ (ਹਰੀ ਦੀ ਲਿਵ ਮਨ ਵਿਚ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਈ ਹੈ)।੧।

ਕਰਿ ਸਾਧੂ ਅੰਜੁਲੀ, ਪੁੰਨੁ ਵਡਾ ਹੇ ॥ ਕਰਿ ਡੰਡਉਤ, ਪੁਨੁ ਵਡਾ ਹੇ ॥੧॥ਰਹਾਉ॥ ਸਾਧੂ (ਗੁਰੂ) ਅੱਗੇ ਦੋਵੇਂ ਹੱਥ ਜੋੜਨ ਕਰਕੇ

All Rights Reserved by Harjinder Singh Gyani | www.GuruGranthVakhyaan.org

ਵੱਡਾ ਪੁੰਨ ਹੁੰਦਾ ਹੈ।(ਫਿਰ ਸਿੱਧਾ) ਡੰਡੇ ਵਾਂਙ ਲੰਮਾ ਪੈ ਕੇ ਨਮਸ਼ਕਾਰ ਕਰ (ਇਹ ਵੀ ਬਹੁਤ) ਵੱਡਾ ਪੁੰਨ ਹੈ।੧।ਰਹਾਉ।{ਸੰਤਹ ਚਰਨ ਮਾਥਾ ਮੇਰੋ ਪਉਤ।ਅਨਿਕ ਬਾਰ ਸੰਤਹ ਡੰਡਉਤ}।(ਅੰਗ ੮੮੯)।

ਸਾਕਤ ਹਰਿ ਰਸ ਸਾਦੁ ਨ ਜਾਨਿਆ, ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ, ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥ ਸਾਕਤਾਂ ਨੇ ਹਰੀ ਰਸ ਦੇ ਅਨੰਦ ਨੂੰ ਨਹੀਂ ਜਾਣਿਆ ਕਿਉਂਕਿ ਉਨ੍ਹਾਂ ਦੇ (ਮਨ ਰੂਪ ਪੈਰ) ਅੰਦਰ ਹਉਮੈ ਦਾ ਕੰਡਾ (ਚੁਭਿਆ ਹੋਇਆ) ਹੈ।ਜਿਵੇਂ ਜਿਵੇਂ (ਉਹ ਸਾਕਤ ਪੁਰਸ਼ ਹਉਮੈ ਦੇ ਕਰਮਾਂ ਵਿਚ ਅੱਗੇ) ਚਲਦੇ ਹਨ, ਕੰਡਾ ਚੁਭਦਾ ਹੈ, ਦੁਖ ਪਾਉਂਦੇ ਹਨ ਅਤੇ ਅੰਤ ਨੂੰ ਕਾਲ ਕਰਨ ਵਾਲੇ ਜਮਾਂ ਦਾ ਡੰਡਾ ਸਹਿੰਦੇ ਹਨ {ਕਰੈ ਗੁਮਾਨੁ ਚੁਭਹਿ ਤਿਸੁ ਸੂਲਾ, ਕੋ ਕਾਢਨ ਕੋ ਨਾਹੀ।ਅਜੈ ਸੁ ਚੋਭ ਕਉ ਬਿਲਲ ਬਿਲਾਤੇ, ਨਰਕੇ ਘੋਰ ਪਚਾਹੀ ੯੬੯}।ਦੂਜਾ ਅਰਥ = ਜਿਉਂ ਜਿਉਂ (ਸੰਤ ਜਨ ਧਰਮ ਮਾਰਗ ਤੇ ਅੱਗੇ) ਵਧਦੇ ਹਨ, (ਸੰਤਾਂ ਦਾ ਜਸ ਸਾਕਤਾਂ ਨੂੰ) ਚੁਭਦਾ ਹੈ, (ਇਸ ਚੋਭ ਦੇ ਦਰਦ ਦਾ ਸਾਕਤ) ਦੁਖ ਪਾਉਂਦੇ ਹਨ ਅਤੇ ਅੰਤ ਸਮੇਂ ਸਿਰ ਤੇ ਜਮਾਂ ਦਾ ਡੰਡਾ ਸਹਿੰਦੇ ਹਨ (ਸੰਪ੍ਰਦਾਵਾਂ ਨੇ ਦੋਵੇਂ ਅਰਥ ਕੀਤੇ ਹਨ)।੨। ਜਮ ਡੰਡੁ ਸਹਹਿ ਸਦਾ ਦੁਖੁ ਪਾਇ। (ਅੰਗ ੨੩੧)।

ਹਰਿ ਜਨ ਹਰਿ ਹਰਿ ਨਾਮਿ ਸਮਾਣੇ, ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ,ਬਹੁ ਸੋਭ ਖੰਡ ਬ੍ਰਹਮੰਡਾ ॥੩॥ (ਪਰ) ਹਰੀ ਦੇ ਸੇਵਕ ਹਰੀ ਦੇ ਨਾਮ ਵਿਚ ਸਮਾਏ ਰਹਿੰਦੇ ਹਨ ਅਤੇ ਉਨ੍ਹਾਂ ਨੇ ਸੰਸਾਰ ਦੇ ਜਨਮ ਮਰਣ ਦਾ ਦੁਖ ਕੱਟ ਦਿਤਾ ਹੈ; ਜਨਮ ਮਰਣ ਦਾ ਦੁਖ ਅਤੇ ਡਰ ਨਾਸ਼ ਕਰ ਦਿਤਾ ਹੈ।(ਉਨ੍ਹਾਂ ਨੇ) ਨਾਸ਼ ਰਹਿਤ ਸਰਬ ਵਿਆਪਕ ਪ੍ਰਭੂ ਨੂੰ ਪਾ ਲਿਆ ਹੈ ਅਤੇ (ਇਸ ਲਈ ਉਨ੍ਹਾਂ ਦੀ) ਸੋਭਾ ਖੰਡਾਂ ਬ੍ਰਹਿਮੰਡਾਂ ਵਿਚ ਬਹੁਤ ਹੁੰਦੀ ਹੈ।੩।ਦਹਦਿਸਿ ਪੂਜ ਹੋਵੈ ਹਰਿ ਜਨ ਕੀ, ਜੋ ਹਰਿ ਹਰਿ ਨਾਮੁ ਧਿਆਏ।(੭੬੮)।

ਹਮ ਗਰੀਬ ਮਸਕੀਨ ਪ੍ਰਭ ਤੇਰੇ, ਹਰਿ ਰਾਖੁ ਰਾਖੁ ਵਡ ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ, ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੮॥੨੨॥੬੦॥ (ਵਾਹਿਗੁਰੂ ਅੱਗੇ ਇਉਂ ਅਰਦਾਸ ਕਰੋ) ਹੇ ਪ੍ਰਭੂ! ਅਸੀਂ ਗਰੀਬ ਤੇ ਕੰਗਾਲ ਹਾਂ, ਪਰ ਤੇਰੇ ਹਾਂ {ਮੈ ਗਰੀਬ ਮੈ ਮਸਕੀਨ, ਤੇਰਾ ਨਾਮੁ ਹੈ ਅਧਾਰਾ ੭੨੭}, ਹੇ ਹਰੀ! (ਸਾਨੂੰ) ਰੱਖ ਲੈ, ਰੱਖ ਲੈ, (ਕਿਉਂਕਿ ਤੂੰ ਹੀ) ਵੱਡਿਆਂ ਤੋਂ ਵੱਡਾ (ਸਰਬ ਕਲਾ ਸਮਰੱਥ) ਹੈਂ {ਰਾਖੁ ਰਾਖੁ ਰਾਖੁ ਸੁਖ ਦਾਤੇ, ਸਭੁ ਨਾਨਕ ਜਗਤੁ ਤੁਮ੍ਾਰਹਿ ੧੨੧੧}; ਹੇ ਵੱਡਿਆਂ ਤੋਂ ਵੱਡੇ ਹਰੀ! (ਸਾਡੀ ਸੰਸਾਰ ਸਮੁੰਦਰ ਤੋਂ) ਰੱਖਿਆ ਕਰ ਅਤੇ (ਸਾਨੂੰ ਆਪਣੀ ਸ਼ਰਣ ਵਿਚ) ਰੱਖ।ਗੁਰੂ ਜੀ ਆਖਦੇ ਹਨ, (ਵਾਹਿਗੁਰੂ ਦਾ) ਨਾਮ ਹੀ ਤੇਰੇ ਦਾਸਾਂ ਦਾ ਆਸਰਾ ਤੇ ਟੇਕ ਹੈ, (ਦਾਸਾਂ ਨੇ) ਨਾਮ ਤੋਂ ਹੀ ਸੁਖ ਭੋਗਿਆ (ਪਾਇਆ) ਹੈ।੪। ੮।੨੨।੬੦।

ਪਦਾਰਥ = ਮਿਲਿ ਸਾਧੂ-ਸਾਧੂ (ਗੁਰੂ) ਨੂੰ ਮਿਲ ਕੇ।ਖੰਡਲ-ਸਮੂੰਹ।ਖੰਡਾ ਹੇ-ਤੋੜ ਦਿਤਾ।ਖੰਡਲ ਖੰਡਾ ਹੇ-ਟੋਟੇ ਟੋਟੇ ਕਰ ਦਿਤਾ।ਪੂਰਬਿ-ਪਿਛਲੇ; ਪਹਿਲੇ।ਲਿਖਤ-ਲੇਖ।ਲਿਵ-ਵਾਹਿਗੁਰੂ ਵਿਚ ਲੱਗੀ ਹੋਈ ਮਨ ਦੀ ਅਵਸਥਾ; ਧਿਆਨ।ਮੰਡਲ-ਸਥਾਨ।ਮੰਡਾ ਹੇ-ਸਜਾ ਦਿਤਾ।ਮੰਡਲ ਮੰਡਾ ਹੇ-ਚੰਗੀ ਤਰ੍ਹਾਂ ਟਿਕਾ ਲਿਆ।ਅੰਜੁਲੀ-ਦੋਵੇਂ ਹੱਥਾਂ ਨੂੰ ਮੇਲ ਕੇ ਬੁੱਕ ਜਿਹਾ ਬਣਾ ਲੈਣਾ; (ਮੱਥਾ ਟੇਕਣ ਲਈ) ਹੱਥ ਜੋੜਨਾ।ਪੁਨੁ-ਪੁੰਨ; ਚੰਗਾ ਕਰਮ।ਡੰਡਉਤ-ਡੰਡੇ ਵਾਂਗ ਸਿੱਧਾ ਲੰਬਾ ਪੈ ਕੇ ਮੱਥਾ ਟੇਕਣਾ।੧ ।ਸਾਕਤ-ਰੱਬ ਤੋਂ ਬੇ ਮੁਖ ਹੋਇਆ ਸ਼ਕਤੀ (ਮਾਇਆ) ਦਾ ਉਪਾਸ਼ਕ।ਹਰਿ ਰਸ-ਹਰੀ ਦੇ ਮਿਲਾਪ ਦਾ ਸੁੱਖ; ਹਰੀ ਦੇ ਨਾਮ ਸਿਮਰਨ ਦਾ ਅਨੰਦ।ਸਾਦ-ਸੁਆਦ; ਅਨੰਦ।ਤਿਨ-ਉਨ੍ਹਾਂ ਦੇ।ਅੰਤਰਿ-ਮਨ ਵਿਚ।ਕੰਡਾ-ਸੂਲ।ਚਲਹਿ-ਤੁਰਦੇ ਹਨ; ਅੱਗੇ ਵਧਦੇ ਹਨ।ਚੁਭੈ-ਚੁਭਦਾ ਹੈ।ਜਮ ਕਾਲੁ-ਕਾਲ ਕਰਨ (ਮਾਰਨ) ਵਾਲਾ ਜਮ ਦੂਤ।ਸਹਹਿ-ਸਹਿੰਦੇ ਹਨ।ਸਿਰਿ-ਸਿਰ ਉਤੇ। ਡੰਡਾ-ਸੋਟਾ।੨।ਸਮਾਣੇ-ਲੀਨ ਰਹਿੰਦੇ ਹਨ।ਭਵ-ਸੰਸਾਰ ਸਾਗਰ; ਡਰ।ਖੰਡਾ ਹੇ-ਤੋੜ ਦਿਤਾ।ਸੋਭ-ਸੋਭਾ; ਵਡਿਆਈ।ਖੰਡ ਬ੍ਰਹਮੰਡ-ਸਾਰਾ ਜਗਤ।੩।ਹਮ-ਅਸੀਂ। ਗਰੀਬ-ਧਨ ਹੀਣ; ਨਿਮਾਣਾ।ਮਸਕੀਨ-ਕੰਗਾਲ (ਜਿਸ ਕੋਲ ਕੁਛ ਵੀ ਨਾ ਹੋਵੇ); ਬਹੁਤ ਨਿਮਾਣਾ।ਵਡ ਵਡਾ ਹੇ-ਵੱਡਿਆਂ ਤੋਂ ਵੱਡਾ।ਰਾਖੁ-ਰੱਖ ਲੈ; ਰੱਖਿਆ ਕਰੋ।ਅਧਾਰ-ਆਸਰਾ।ਨਾਮੇ ਹੀ-ਨਾਮ ਵਿਚ; ਨਾਮ ਤੋਂ।ਮੰਡਾ ਹੇ-ਭੋਗਿਆ; ਅਨੁਭਵ ਕੀਤਾ ਹੈ; ਪਾਇਆ ਹੈ।੪।੮।੨੨।੬੦।

ਗਉੜੀ ਪੂਰਬੀ ਮਹਲਾ ੪ ॥ ਇਸੁ ਗੜ ਮਹਿ ਹਰਿ ਰਾਮ ਰਾਇ ਹੈ, ਕਿਛੁ ਸਾਦੁ ਨ ਪਾਵੈ ਧੀਠਾ ॥ ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ, ਹਰਿ ਗੁਰ ਸਬਦੀ ਚਖਿ ਡੀਠਾ ॥੧॥ ਇਸ ਸਰੀਰ ਰੂਪ ਕਿਲ੍ਹੇ ਵਿਚ ਸਾਰੇ ਰਮਿਆ ਹੋਇਆ ਹਰੀ ਰਾਜਾ ਵਸਦਾ

All Rights Reserved by Harjinder Singh Gyani | www.GuruGranthVakhyaan.org

ਹੈ, (ਪਰ ਉਸਦੀ ਹੋਂਦ ਦਾ ਇਹ) ਢੀਠ ਮਨੁੱਖ ਕੁੱਛ ਅਨੰਦ ਪ੍ਰਾਪਤ ਨਹੀਂ ਕਰਦਾ।(ਪਰ ਜਿਸ ਮਨੁੱਖ ਉਤੇ) ਦੀਨਾਂ ਉਪਰ ਦਇਆ ਕਰਨ ਵਾਲੇ ਹਰੀ ਨੇ ਮੇਹਰ ਕੀਤੀ ਹੈ, (ਉਸ ਨੇ) ਗੁਰੂ ਦੇ ਸ਼ਬਦ ਦੁਆਰਾ ਹਰੀ ਰਸ ਦਾ ਅਨੰਦ ਚਖ ਕੇ ਦੇਖਿਆ ਹੈ।੧।

ਰਾਮ, ਹਰਿ ਕੀਰਤਨੁ ਗੁਰ ਲਿਵ ਮੀਠਾ ॥੧॥ਰਹਾਉ॥ ਹੇ ਰਾਮ! ਗੁਰੂ ਦੇ (ਚਰਨਾਂ ਵਿਚ) ਲਿਵ ਲਾ ਕੇ ਕੀਰਤਨ ਕਰਨਾ (ਦੁਨੀਆਂ ਦੇ ਸਾਰੇ ਰਸਾਂ ਨਾਲੋਂ) ਮਿੱਠਾ ਹੈ।੧।ਰਹਾਉ।

ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ, ਮਿਲਿ ਸਤਿਗੁਰ ਲਾਗਿ ਬਸੀਠਾ ॥ ਜਿਨ ਗੁਰ ਬਚਨ ਸੁਖਾਨੇ ਹੀਅਰੈ, ਤਿਨ ਆਗੈ ਆਣਿ ਪਰੀਠਾ ॥੨॥ (ਮਨੁੱਖ ਦੀ) ਪਹੁੰਚ ਤੋਂ ਪਰੇ ਹਰੀ ਪ੍ਰਭੂ ਜੋ ਇੰਦ੍ਰੀਆਂ ਦਾ ਵਿਸ਼ੇ ਨਹੀਂ ਹੈ, (ਉਹ ਹਰੀ) ਵਿਚੋਲੇ ਸਤਿਗੁਰੂ ਦੇ ਚਰਨਾਂ ਨਾਲ ਲਗ ਜਾਣ ਕਰਕੇ ਮਿਲਦਾ ਹੈ।ਜਿਨ੍ਹਾਂ (ਪੁਰਖਾਂ) ਨੂੰ ਗੁਰੂ ਦੇ ਬਚਨ ਹਿਰਦੇ ਵਿਚ ਚੰਗੇ ਲਗੇ ਹਨ, (ਗੁਰੂ ਨੇ ਨਾਮ ਅੰਮ੍ਰਿਤ ਰੂਪ ਭੋਜਨ) ਉਨ੍ਹਾਂ ਦੇ ਅੱਗੇ ਲਿਆ ਕੇ ਪਰੋਸਿਆ ਹੈ।੨।

ਮਨਮੁਖ ਹੀਅਰਾ ਅਤਿ ਕਠੋਰੁ ਹੈ, ਤਿਨ ਅੰਤਰਿ ਕਾਰ ਕਰੀਠਾ ॥ ਬਿਸੀਅਰ ਕਉ ਬਹੁ ਦੂਧੁ ਪੀਆਈਐ, ਬਿਖੁ ਨਿਕਸੈ ਫੋਲਿ ਫੁਲੀਠਾ ॥੩॥ ਮਨਮੁਖਾਂ ਦਾ ਦਿਲ ਬਹੁਤ ਕਠੋਰ ਹੁੰਦਾ ਹੈ ਅਤੇ ਉਨ੍ਹਾਂ ਦੇ (ਮਨ ਦੇ) ਅੰਦਰ ਬਹੁਤ ਕਾਲਖ ਹੁੰਦੀ ਹੈ।(ਜਿਵੇਂ ਇਹ ਪ੍ਰਤੱਖ ਹੈ ਕਿ ਭਾਵੇਂ) ਸੱਪ ਨੂੰ ਬਹੁਤਾ ਦੁੱਧ ਵੀ ਪਿਲਾਈ ਜਾਈਏ, (ਦੁੱਧ ਪਿਆਉਣ ਨਾਲ ਜਹਿਰ ਘਟਦੀ ਨਹੀਂ, ਸੱਗੋਂ ਉਸਦਾ ਅੰਦਰ) ਫੋਲਣ ਨਾਲ ਜਹਿਰ ਹੀ ਨਿਕਲਦੀ ਹੈ (ਮਨਮੁਖਾਂ ਦਾ ਜਿੰਨਾ ਵੀ ਭਲਾ ਕਰੀਏ ਜਾਂ ਗਲਬਾਤ ਕਰੀਏ ਤਾਂ ਉਨ੍ਹਾਂ ਵਿਚੋਂ ਬੁਰਾਈ ਦੀ ਜਹਿਰ ਹੀ ਨਿਕਲਦੀ ਹੈ)।੩।

ਹਰਿ ਪ੍ਰਭੁ ਆਨਿ ਮਿਲਾਵਹੁ ਗੁਰੁ ਸਾਧੂ ,ਘਸਿ ਗਰੁੜੁ ਸਬਦੁ ਮੁਖਿ ਲੀਠਾ ॥ ਜਨ ਨਾਨਕ ਗੁਰ ਕੇ ਲਾਲੇ ਗੋਲੇ, ਲਗਿ ਸੰਗਤਿ ਕਰੂਆ ਮੀਠਾ ॥੪॥੯॥੨੩॥੬੧॥ ਹੇ ਹਰੀ ਪ੍ਰਭੂ! (ਕਿਰਪਾ ਕਰਕੇ ਮੈਨੂੰ) ਗੁਰੂ ਸਾਧੂ ਲਿਆ ਕੇ ਮਿਲਾ ਦੇਹ, (ਜਦ ਗੁਰੂ ਨੂੰ ਮਿਲ ਕੇ) ਸਬਦ ਰੂਪ ਬੂਟੀ ਨੂੰ ਘਸਾ (ਉਚਾਰ) ਕੇ ਮੂੰਹ ਵਿਚ ਚੂਸਿਆ (ਅਨੰਦ ਮਾਣਿਆ, ਤਾਂ ਮਾਇਆ ਰੂਪ ਸੱਪਣੀ ਦੀ ਜਹਿਰ ਉਤਰ ਗਈ) ।ਗੁਰੂ ਜੀ ਆਖਦੇ ਹਨ ਕਿ ਅਸੀਂ ਦਾਸ, ਗੁਰੂ ਦੇ ਗੁਲਾਮ ਸੇਵਕ ਹਾਂ, (ਜਿਸ ਗੁਰੂ ਦੀ) ਸੰਗਤ ਵਿਚ ਲੱਗ ਕੇ (ਸਾਡਾ) ਕੌੜਾ ਸੁਭਾਵ ਮਿੱਠਾ ਹੋ ਗਿਆ ਹੈ। ੪।੯।੨੩।੬੧।

ਪਦਾਰਥ = ਗੜ–ਕਿਲ੍ਹਾ (ਸਰੀਰ)।ਹਰਿ ਰਾਮ–ਸਭ ਜਗ੍ਹਾ ਰਮਿਆ ਹੋਇਆ ਹਰੀ।ਰਾਇ–ਰਾਜਾ; ਪ੍ਰਕਾਸ਼ ਰੂਪ।ਸਾਦੁ–ਸੁਆਦ। ਧੀਠਾ–ਢੀਠ; ਬੇ ਸ਼ਰਮ।ਦੀਨ ਦਇਆਲਿ–ਗਰੀਬਾਂ ਉਪਰ ਦਇਆ ਕਰਨ ਵਾਲੇ ਨੇ।ਅਨੁਗ੍ਰਹੁ–ਮੇਹਰ।ਚਖਿ–ਖਾ ਕੇ; ਧਾਰਣ ਕਰਕੇ।ਡੀਠਾ–ਦੇਖਿਆ।੧।ਰਾਮ–ਹੇ ਰਾਮ!; ਹੇ ਭਾਈ (ਸੰ.ਸ.)।ਲਿਵ–ਧਿਆਨ; ਲਗਨ।੧।ਰਹਾਉ।ਅਗਮੁ–ਅਪਹੁੰਚ। ਅਗੋਚਰੁ–ਇੰਦ੍ਰੀਆਂ ਦੀ ਪਕੜ ਵਿਚ ਨਾ ਆਉਣ ਵਾਲਾ।ਲਾਗਿ–ਲਗ (ਜੁੜ) ਕੇ।ਬਸੀਠਾ–ਵਿਚੋਲਾ।ਸੁਖਾਨੇ–ਚੰਗੇ (ਪਿਆਰੇ) ਲਗੇ ਹਨ।ਹੀਅਰੈ–ਹਿਰਦੇ ਵਿਚ।ਆਣਿ–ਲਿਆ ਕੇ।ਪਰੀਠਾ–ਪਰੋਸਿਆ ਹੈ; ਪਰੌਂਠਾ।੨।ਕਠੋਰੁ–ਕਰੜਾ; ਨਿਰਦਈ।ਕਾਰ ਕਰੀਠਾ–ਕਾਲਾ ਕਲੂਠਾ (ਬਹੁਤ ਕਾਲਾ); ਕਾਲਾ ਸਿਆਹ ਤੇ ਕਠੋਰ; (ਕਾਰਕ ਰੀਠਾ–ਰੀਠੇ ਦੇ ਬੀਜ ਵਰਗਾ ਕਾਲਾ)।ਬਿਸੀਅਰ–ਸੱਪ।ਕਉ–ਨੂੰ।ਫੋਲਿ ਫੁਲੀਠਾ–ਫੋਲ ਫੋਲਣ ਨਾਲ ਭਾਵ ਗੱਲ ਬਾਤ ਕਰਨ ਨਾਲ (ਫੋਲਿ–ਫਰੋਲ ਕੇ; ਫੋੜ ਕੇ।ਫੁਲੀਠਾ–ਫੋਲ ਡਿੱਠਾ ਭਾਵ ਫਰੋਲ ਕੇ ਦੇਖਿਆ); ਜਹਿਰ ਦਾ ਫੁੱਲਿਆ ਛਾਲਾ; ਸੱਪ ਦੇ ਮੂੰਹ ਅੰਦਰ ਬਿਖ ਭਰੀ ਥੈਲੀ।੩।ਘਸਿ–ਘਸਾ ਕੇ (ਜਪ ਕੇ)।ਗਰੁੜੁ–ਸੱਪ ਦੀ ਜਹਿਰ ਉਤਾਰਨ ਵਾਲੀ ਬੂਟੀ ਜਾਂ ਮੰਤ੍ਰ ਜਾਂ ਮਣਕਾ।ਲੀਠਾ–ਚੂਸਿਆ; ਚੱਟਿਆ; ਲਿਆ।ਲਾਲੇ ਗੋਲੇ–ਗੁਲਾਮ ਸੇਵਕ; ਗੁਲਾਮਾਂ ਦੇ ਸੇਵਕ।ਲਗਿ–ਲੱਗ ਕੇ; ਜੁੜ ਕੇ।ਕਰੂਆ–ਕੌੜਾ।੪।੯।੨੩।

ਗਉੜੀ ਪੂਰਬੀ ਮਹਲਾ ੪ ॥ ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ, ਪੂਰੇ ਗੁਰ ਕੈ ਆਗੇ ॥ ਸਤਿਗੁਰ ਦਾਤੈ ਨਾਮੁ ਦਿੜਾਇਆ, ਮੁਖਿ ਮਸਤਕਿ ਭਾਗ ਸਭਾਗੇ ॥੧॥ ਹਰਿ ਹਰਿ ਦੀ ਪ੍ਰਾਪਤੀ ਵਾਸਤੇ ਅਸੀਂ ਪੂਰੇ ਗੁਰੂ ਦੇ ਅੱਗੇ ਅਪਣਾ ਸਰੀਰ ਵੇਚ ਦਿਤਾ ਹੈ (ਆਪਾ ਸਮਰਪਿਤ ਕਰ ਦਿਤਾ ਹੈ।ਇਸ ਦੇ ਬਦਲੇ ਸਾਨੂੰ) ਸਤਿਗੁਰੂ ਦਾਤੇ ਨੇ ਨਾਮ ਦ੍ਰਿੜ ਕਰਾ ਦਿਤਾ, (ਜਿਸ ਕਰਕੇ ਮੇਰੇ) ਚੇਹਰੇ ਦੇ, ਮੱਥੇ ਦੇ ਭਾਗ ਜਾਗ ਪਏ ਹਨ, ਅਸੀਂ ਚੰਗੇ ਭਾਗਾਂ ਵਾਲੇ ਹੋ ਗਏ ਹਾਂ।੧।

ਅੰਗ ੧੭੨ = ਰਾਮ ਗੁਰਮਤਿ ਹਰਿ ਲਿਵ ਲਾਗੇ ॥੧॥ਰਹਾਉ॥ ਹੇ ਰਾਮ (ਭਾਈ! ਮੇਰੀ) ਹਰੀ ਵਿਚ ਲਿਵ ਗੁਰੂ ਦੀ ਸਿੱਖਿਆ ਦੁਆਰਾ ਲਗੀ (ਜੁੜੀ) ਹੈ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਘਟਿ ਘਟਿ ਰਮਈਆ ਰਮਤ ਰਾਮ ਰਾਇ, ਗੁਰ ਸਬਦਿ ਗੁਰੂ ਲਿਵ ਲਾਗੇ ॥ ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ,ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥੨॥ (ਭਾਵੇਂ ਉਹ) ਰਾਮ ਰਾਜਾ ਪ੍ਰਭੂ ਘਟ ਘਟ ਵਿਚ ਵਿਆਪਕ ਹੈ, (ਪਰ ਪ੍ਰਮਾਤਮਾ) ਗੁਰੂ ਨਾਲ ਲਿਵ ਗੁਰੂ ਦੇ ਸ਼ਬਦ ਦੁਆਰਾ ਹੀ ਲਗੀ ਹੈ।(ਜਿਸ) ਗੁਰੂ ਦੇ ਬਚਨਾਂ ਦੁਆਰਾ ਮੇਰਾ ਭਰਮ ਤੇ ਡਰ ਦੂਰ ਹੋ ਗਿਆ ਹੈ, ਮੈਂ (ਉਸ) ਗੁਰੂ ਨੂੰ ਅਪਣਾ ਮਨ ਤੇ ਤਨ ਕੱਟ ਕੇ ਭੇਟਾ ਕਰ ਦਿਆਂ।੨।

ਅੰਧਿਆਰੈ ਦੀਪਕ ਆਨਿ ਜਲਾਏ, ਗੁਰ ਗਿਆਨਿ ਗੁਰੂ ਲਿਵ ਲਾਗੇ ॥ ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ, ਘਰਿ ਵਸਤੁ ਲਹੀ ਮਨ ਜਾਗੇ ॥੩॥ ਅਗਿਆਨਤਾ ਦੇ ਹਨ੍ਹੇਰੇ (ਵਾਲੇ ਹਿਰਦੇ) ਵਿਚ (ਗੁਰੂ ਨੇ ਸ਼ਬਦ ਦਾ) ਦੀਵਾ ਲਿਆ ਕੇ ਜਗਾ ਦਿਤਾ, (ਜਿਸ ਕਰਕੇ) ਗੁਰੂ ਦੇ ਗਿਆਨ ਦੁਆਰਾ ਗੁਰੂ ਪ੍ਰਮਾਤਮਾ ਵਿਚ ਲਿਵ ਲਗ ਗਈ।(ਜਿਸ ਨਾਲ) ਅਗਿਆਨ ਰੂਪ ਹਨ੍ਹੇਰਾ ਉਕਾ ਹੀ ਦੂਰ ਹੋ ਗਿਆ ਅਤੇ ਮਨ ਦੇ ਜਾਗਣ ਨਾਲ ਹਿਰਦੇ ਵਿਚੋਂ ਹੀ (ਆਤਮ ਅਨੰਦ ਰੂਪ) ਵਸਤੂ ਲੱਭ ਪਈ ਹੈ।੩।

ਸਾਕਤ ਬਧਿਕ ਮਾਇਆ ਧਾਰੀ, ਤਿਨ ਜਮ ਜੋਹਨਿ ਲਾਗੇ ॥ ਉਨ ਸਤਿਗੁਰ ਆਗੈ ਸੀਸੁ ਨ ਬੇਚਿਆ, ਓਇ ਆਵਹਿ ਜਾਹਿ ਅਭਾਗੇ ॥੪॥ (ਜਿਹੜੇ ਲੋਕ) ਸਾਕਤ, ਹਿੰਸਕ ਤੇ ਮਾਇਆ ਧਾਰੀ ਹਨ, ਉਨ੍ਹਾਂ ਨੂੰ ਜਮ ਦੇਖਣ ਲੱਗਦਾ ਹੈ (ਜਮ ਦੀ ਤਾੜਨਾ ਵਿਚ ਹਨ) ।ਉਨ੍ਹਾਂ ਨੇ ਸਤਿਗੁਰੂ ਦੇ ਅੱਗੇ ਸੀਸ ਨਹੀਂ ਬੇਚਿਆ, (ਇਸ ਲਈ) ਉਹ ਅਭਾਗੇ ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿਣਗੇ।੪।

ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ, ਹਮ ਸਰਣਿ ਪ੍ਰਭੂ ਹਰਿ ਮਾਗੇ ॥ ਜਨ ਨਾਨਕ ਕੀ ਲਜ ਪਾਤਿ ਗੁਰੂ ਹੈ, ਸਿਰੁ ਬੇਚਿਓ ਸਤਿਗੁਰ ਆਗੇ ॥੫॥੧੦॥੨੪॥੬੨॥ ਹੇ ਪ੍ਰਭੂ ! ਹੇ ਠਾਕੁਰ ! ਸਾਡੀ ਬੇਨਤੀ ਸੁਣੋ, ਹੇ ਹਰੀ ਪ੍ਰਭੂ ! ਅਸੀਂ (ਆਪ ਜੀ ਦੀ) ਸ਼ਰਣ ਮੰਗਦੇ ਹਾਂ। (ਅਸੀਂ ਅਪਣਾ) ਸਿਰ ਸਤਿਗੁਰੂ ਅੱਗੇ ਵੇਚ ਦਿਤਾ ਹੈ, (ਇਸ ਕਰਕੇ ਲੋਕ ਪ੍ਰਲੋਕ ਵਿਚ) ਦਾਸ ਨਾਨਕ ਦੀ ਲਾਜ ਤੇ ਪੱਤ (ਰੱਖਣ ਵਾਲਾ) ਗੁਰੂ ਹੀ ਹੈ।੫।੧੦।੨੪।੬੨।

ਪਦਾਰਥ = ਅਰਥਿ–ਵਾਸਤੇ।ਹਮ–ਅਸੀਂ; ਮੈਂ।ਦਾਤੈ–ਦਾਤੇ ਨੇ।ਦ੍ਰਿੜਾਇਆ–(ਹਿਰਦੇ ਵਿਚ) ਪੱਕਾ ਕਰ ਦਿਤਾ।ਮੁਖਿ–ਮੂੰਹ ਉਤੇ।ਸਭਾਗੇ–ਭਾਗਾਂ ਵਾਲੇ।੧।ਗੁਰਮਤਿ–ਗੁਰੂ ਦੀ ਸਿਖਿਆ ਦੁਆਰਾ।ਲਿਵ–ਧਿਆਨ।੧।ਰਹਾਉ।ਘਟਿ ਘਟਿ–ਹਰੇਕ ਜੀਵ ਦੇ ਅੰਦਰ।ਰਮਈਆ–ਪ੍ਰਭੂ।ਰਮਤ–ਵਿਆਪਕ; ਰਮਿਆ ਹੋਇਆ।ਹਉ–ਮੈਂ।ਦੇਵਉ–ਮੈਂ ਦੇਵਾਂ।ਭਾਗੇ–ਦੌੜ (ਦੂਰ ਹੋ) ਗਿਆ। ੨।ਅੰਧਿਆਰੈ–ਹਨ੍ਹੇਰੇ ਵਿਚ।ਦੀਪਕ–(ਸ਼ਬਦ ਜਾਂ ਗਿਆਨ ਦਾ) ਦੀਵਾ।ਆਨਿ–ਲਿਆ ਕੇ; ਆ ਕੇ।ਗਿਆਨਿ–ਗਿਆਨ ਦੁਆਰਾ ।ਘਰਿ–ਹਿਰਦੇ ਵਿਚ।ਲਹੀ–ਲੱਭ ਪਈ।੩।ਸਾਕਤ–ਸ਼ਕਤੀ ਦੇ ਉਪਾਸ਼ਕ; ਰੱਬ ਤੋਂ ਬੇ ਮੁਖ।ਬਧਿਕ–ਸ਼ਿਕਾਰੀ (ਹਿੰਸਕ, ਮਾਇਆ ਲਈ ਲੋਕਾਂ ਦਾ ਕਤਲ ਕਰਨ ਵਾਲੇ ਨਿਰਦਈ); ਬੱਝੇ ਹੋਏ।ਤਿਨ–ਉਨ੍ਹਾਂ ਨੂੰ।ਜੋਹਨਿ–ਦੇਖਦਾ ਹੈ; ਤਾੜਨਾ ਵਿਚ।ਉਨ–ਉਨ੍ਹਾਂ ਨੇ।ਓਇ–ਉਹ (ਬਹੁ ਵਚਨ)।ਅਭਾਗੇ–ਮਾੜੀ ਕਿਸਮਤ ਵਾਲੇ।੪।ਬਿਨਉ–ਬੇਨਤੀ।ਮਾਗੇ–ਮੰਗਦਾ ਹਾਂ।ਲਜ–ਲਾਜ; ਪੈਜ ।ਪਾਤਿ–ਪੱਤ (ਇੱਜਤ)।ਸਿਰ ਵੇਚਿਓ–ਆਪਾ ਸਮਰਪਣ ਕੀਤਾ।੫।੧੦।੨੪।੬੨।

ਗਉੜੀ ਪੂਰਬੀ ਮਹਲਾ ੪ ॥ ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ, ਗੁਰਿ ਮਿਲਿਐ ਆਪੁ ਗਵਾਇਆ ॥ ਹਉਮੈ ਰੋਗੁ ਗਇਆ ਸੁਖੁ ਪਾਇਆ, ਧਨੁ ਧੰਨੁ ਗੁਰੂ ਹਰਿ ਰਾਇਆ ॥੧॥ ਅਸੀਂ ਹੰਕਾਰ ਤੇ ਅਗਿਆਨ ਮੱਤ ਵਾਲੇ ਹੰਕਾਰੀ ਸਾਂ, (ਪਰ) ਗੁਰੂ ਦੇ ਮਿਲਣ ਕਰਕੇ ਹੰਕਾਰ ਗੁਆ ਦਿਤਾ; (ਗੁਰੂ ਦੇ) ਮਿਲਿਆਂ ਗੁਰੂ ਨੇ ਹੰਕਾਰ ਦੂਰ ਕਰ ਦਿਤਾ।(ਹੁਣ ਸਾਡਾ) ਹਉਮੈ ਦਾ ਰੋਗ ਚਲਾ ਗਿਆ (ਅਤੇ ਆਤਮਕ) ਸੁਖ ਪਾ ਲਿਆ ਹੈ, ਹਰੀ ਰਾਜੇ ਦਾ ਰੂਪ (ਸਾਡਾ) ਗੁਰੂ ਧੰਨ ਹੈ ਅਤੇ ਸਲਾਹੁਣ ਯੋਗ ਹੈ।੧।

ਰਾਮ ਗੁਰ ਕੈ ਬਚਨਿ ਹਰਿ ਪਾਇਆ ॥੧॥ਰਹਾਉ॥ ਹੇ ਰਾਮ ! (ਅਸੀਂ) ਗੁਰੂ ਦੇ ਬਚਨਾਂ ਨਾਲ ਹਰੀ ਨੂੰ ਪਾਇਆ ਹੈ।੧।ਰਹਾਉ।

ਮੇਰੈ ਹੀਅਰੈ ਪ੍ਰੀਤਿ ਰਾਮ ਰਾਇ ਕੀ, ਗੁਰਿ ਮਾਰਗੁ ਪੰਥੁ ਬਤਾਇਆ ॥ ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ, ਜਿਨਿ ਵਿਛੁੜਿਆ ਹਰਿ ਗਲਿ ਲਾਇਆ ॥੨॥ (ਗੁਰੂ ਦੀ ਕਿਰਪਾ ਨਾਲ) ਮੇਰੇ ਹਿਰਦੇ ਵਿਚ ਰਾਜਾ ਰਾਮ ਦੀ ਪ੍ਰੀਤ (ਪੈਦਾ ਹੋਈ) ਹੈ, ਗੁਰੂ ਨੇ (ਪ੍ਰਭੂ ਦੀ ਪ੍ਰਾਪਤੀ ਦਾ ਜੋ) ਰਸਤਾ ਹੈ, ਉਹ ਰਸਤਾ ਦਸਿਆ ਹੈ।(ਇਸ ਕਰਕੇ) ਮੇਰਾ ਸਰੀਰ ਤੇ ਮੇਰੀ ਜਿੰਦ ਸਭ ਸਤਿਗੁਰੂ ਦੇ ਅੱਗੇ (ਅਰਪਣ) ਹੈ, ਜਿਸ ਨੇ ਵਿਛੜਿਆ ਹੋਇਆ ਹਰੀ ਮੇਰੇ ਗਲ ਨਾਲ ਲਾ (ਮਿਲਾ) ਦਿਤਾ ਹੈ।੨।

ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ ,ਗੁਰਿ ਹਿਰਦੈ ਨਾਲਿ ਦਿਖਾਇਆ ॥ ਸਹਜ ਅਨੰਦੁ ਭਇਆ ਮਨਿ ਮੋਰੈ, ਗੁਰ ਆਗੈ ਆਪੁ ਵੇਚਾਇਆ ॥੩॥ ਮੇਰੇ ਅੰਦਰ (ਪ੍ਰਭੂ) ਦੇਖਣ ਲਈ ਪ੍ਰੀਤ ਲਗੀ ਹੋਈ ਸੀ, ਗੁਰੂ ਨੇ ਹਿਰਦੇ ਨਾਲ (ਵਸਦਾ ਹਰੀ) ਦਿਖਾ ਦਿਤਾ

www.gurugranthvakhyaan.org ASAP

ਹੈ।(ਹੁਣ) ਮੇਰੇ ਮਨ ਵਿਚ ਆਤਮ ਅਨੰਦ ਪ੍ਰਾਪਤ ਹੋ ਗਿਆ ਹੈ, (ਜਿਸ ਕਰਕੇ ਮੈਂ) ਆਪਣਾ ਆਪ ਗੁਰੂ ਅੱਗੇ ਵੇਚ ਦਿਤਾ ਹੈ।੩।

ਹਮ ਅਪਰਾਧ ਪਾਪ ਬਹੁ ਕੀਨੇ, ਕਰਿ ਦੁਸਟੀ ਚੋਰ ਚੁਰਾਇਆ ॥ ਅਬ ਨਾਨਕ ਸਰਣਾਗਤਿ ਆਏ, ਹਰਿ ਰਾਖਹੁ ਲਾਜ ਹਰਿ ਭਾਇਆ ॥੪॥੧੧॥੨੫॥੬੩॥ ਅਸੀਂ ਬਹੁਤ ਅਪਰਾਧ ਤੇ ਪਾਪ ਕਰਮ ਕੀਤੇ ਹਨ, ਦੁਸ਼ਟਤਾਈ ਕਰਦੇ ਰਹੇ ਹਾਂ, ਅਤੇ ਚੋਰ ਬਣ ਕੇ (ਲੋਕਾਂ ਦੀਆਂ ਚੀਜਾਂ ਵੀ) ਚੁਰਾਉਂਦੇ ਰਹੇ ਹਾਂ।ਗੁਰੂ ਜੀ ਆਖਦੇ ਹਨ, ਹੇ ਹਰੀ! (ਅਸੀਂ) ਹੁਣ ਆਪ ਜੀ ਦੀ ਸ਼ਰਣ ਵਿਚ ਆਏ ਹਾਂ, ਜਿਵੇਂ ਆਪ ਜੀ ਨੂੰ ਚੰਗਾ ਲਗਦਾ ਹੈ, (ਸਾਡੀ) ਲਾਜ ਰੱਖੋ ਜੀ।੪।੧੧।੨੫।੬੩।

ਪਦਾਰਥ = ਅਗਿਆਨ ਮਤਿ–ਅਗਿਆਨ ਵਾਲੀ ਬੁੱਧੀ।ਆਪੁ–ਆਪਾ ਭਾਵ (ਹੰਕਾਰ)।ਸੁਖੁ–ਆਤਮ ਅਨੰਦ।ਰਾਇਆ–ਰਾਜਾ।੧।ਬਚਨਿ–ਉਪਦੇਸ਼ ਦੀ ਬਰਕਤ ਨਾਲ।੧।ਰਹਾਉ।ਹੀਅਰੈ–ਹਿਰਦੇ ਵਿਚ।ਰਾਇ–ਪ੍ਰਕਾਸ਼ ਸਰੂਪ; ਰਾਜਾ।ਮਾਰਗੁ–ਰਸਤਾ।ਪੰਥੁ–ਰਸਤਾ।ਜੀਉ–ਜਿੰਦ।ਪਿੰਡੁ–ਸਰੀਰ।ਜਿਨਿ–ਜਿਸ ਨੇ।ਗਲਿ–ਗਲ ਨਾਲ।੨।ਕਉ–ਨੂੰ; ਲਈ।ਸਹਜ ਅਨੰਦ–ਆਤਮ ਅਨੰਦ; ਕੁਦਰਤੀ ਅਨੰਦ।ਭਇਆ–ਹੋਇਆ।ਮੋਰੈ–ਮੇਰੇ।ਆਪੁ–ਆਪਣਾ ਆਪ।੩।ਕੀਨੇ–ਕੀਤੇ।ਦੁਸਟੀ–ਬੁਰਿਆਈ।ਚੋਰ ਚੁਰਾਇਆ–ਚੋਰ ਬਣ ਕੇ ਚਰਾਉਂਦੇ ਰਹੇ।ਅਬ–ਹੁਣ।ਲਾਜ–ਪੈਜ।ਭਾਇਆ–ਚੰਗਾ ਲੱਗੇ।੪।੧੧।੨੫।੬੩।

ਗਉੜੀ ਪੂਰਬੀ ਮਹਲਾ ੪ ॥ ਗੁਰਮਤਿ ਬਾਜੈ ਸਬਦੁ ਅਨਾਹਦੁ ,ਗੁਰਮਤਿ ਮਨੂਆ ਗਾਵੈ ॥ ਵਡਭਾਗੀ ਗੁਰ ਦਰਸਨੁ ਪਾਇਆ, ਧਨੁ ਧੰਨੁ ਗੁਰੂ ਲਿਵ ਲਾਵੈ ॥੧॥ (ਹੇ ਭਾਈ! ਜਦ) ਗੁਰੂ ਦੀ ਮੱਤ ਦੁਆਰਾ ਮਨ ਹਰੀ ਦੇ ਗੁਣ ਗਾਉਂਦਾ ਹੈ ਅਤੇ ਗੁਰੂ ਦੀ ਮੱਤ ਲੈ ਕੇ (ਨਾਮ ਸਿਮਰਦਾ ਹੈ, ਤਾਂ ਦਸਮ ਦੁਆਰ ਵਿਚ) ਅਨਾਹਦ ਸ਼ਬਦ ਵੱਜਦਾ ਹੈ।ਵੱਡੇ ਭਾਗਾਂ ਵਾਲੇ (ਪੁਰਖਾਂ) ਨੇ ਗੁਰੂ ਦਾ ਦਰਸ਼ਨ ਪਾਇਆ ਹੈ, ਉਹ ਗੁਰੂ ਧੰਨ ਹੈ, ਧੰਨ ਹੈ ਜੋ ਹਰੀ ਵਿਚ ਲਿਵ ਲਵਾ ਦੇਂਦਾ ਹੈ।੧।

ਗੁਰਮੁਖਿ ਹਰਿ ਲਿਵ ਲਾਵੈ ॥੧॥ਰਹਾਉ॥ ਗੁਰਮੁਖ ਹਰੀ ਵਿਚ ਲਿਵ ਲਾਉਂਦਾ (ਜੋੜਦਾ) ਹੈ।੧।ਰਹਾਉ।

ਹਮਰਾ ਠਾਕੁਰੁ ਸਤਿਗੁਰੁ ਪੂਰਾ, ਮਨੁ ਗੁਰ ਕੀ ਕਾਰ ਕਮਾਵੈ ॥ ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ, ਜੋ ਹਰਿ ਹਰਿ ਕਥਾ ਸੁਨਾਵੈ ॥੨॥ ਸਾਡਾ ਮਾਲਕ ਸਤਿਗੁਰੂ ਪੂਰਨ ਹੈ (ਅਤੇ ਸਾਡਾ) ਮਨ ਗੁਰੂ ਦੀ ਕਾਰ (ਸੇਵਾ) ਕਮਾਉਂਦਾ ਹੈ।ਅਸੀਂ ਗੁਰੂ ਦੇ ਚਰਨ ਮਲ ਮਲ ਕੇ ਧੋਂਦੇ ਹਾਂ, ਜੋ ਹਰਿ ਹਰਿ ਕਥਾ (ਸਾਨੂੰ) ਸੁਣਾਉਂਦੇ ਹਨ।੨।

ਹਿਰਦੈ ਗੁਰਮਤਿ ਰਾਮ ਰਸਾਇਣੁ ,ਜਿਹਵਾ ਹਰਿ ਗੁਣ ਗਾਵੈ ॥ ਮਨ ਰਸਕਿ ਰਸਕਿ ਹਰਿ ਰਸਿ ਆਘਾਨੇ, ਫਿਰਿ ਬਹੁਰਿ ਨ ਭੁਖ ਲਗਾਵੈ ॥੩॥ ਗੁਰੂ ਦੀ ਸਿੱਖਿਆ ਦੁਆਰਾ ਵਾਹਿਗੁਰੂ ਦਾ ਨਾਮ ਰਸਾਇਣ ਹਿਰਦੇ ਵਿਚ ਵਸ ਗਿਆ ਹੈ ਅਤੇ ਜੀਭ ਹਰੀ ਦੇ ਗੁਣ ਗਾਉਂਦੀ ਹੈ।ਮਨ ਹਰੀ ਦੇ ਰਸ ਵਿਚ ਅਨੰਦ ਲੈ ਲੈ ਕੇ ਰੱਜ ਗਿਆ ਹੈ, ਫਿਰ ਮੁੜ (ਪਦਾਰਥਾਂ ਦੀ) ਭੁੱਖ ਨਹੀਂ ਲਗਦੀ।੩।

ਕੋਈ ਕਰੈ ਉਪਾਵ ਅਨੇਕ ਬਹੁਤੇਰੇ, ਬਿਨੁ ਕਿਰਪਾ ਨਾਮੁ ਨ ਪਾਵੈ ॥ ਜਨ ਨਾਨਕ ਕਉ ਹਰਿ ਕਿਰਪਾ ਧਾਰੀ, ਮਤਿ ਗੁਰਮਤਿ ਨਾਮੁ ਦ੍ਰਿੜਾਵੈ ॥੪॥੧੨॥੨੬॥੬੪॥ (ਜੇ) ਕੋਈ ਮਨੁੱਖ ਅਨੇਕ ਪ੍ਰਕਾਰ ਦੇ (ਕਰਮ ਕਾਂਡ ਵਾਲੇ) ਬਹੁਤ ਜਤਨ ਕਰ ਲਵੇ, (ਪਰ) ਗੁਰੂ ਦੀ ਕਿਰਪਾ ਤੋਂ ਬਿਨਾ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ।ਦਾਸ ਨਾਨਕ ਨੂੰ ਹਰੀ ਨੇ ਕਿਰਪਾ ਕੀਤੀ ਹੈ, ਗੁਰੂ ਦੀ ਮਤਿ ਦੁਆਰਾ (ਗੁਰੂ ਨੇ ਸਾਡੀ) ਮੱਤ ਵਿਚ ਨਾਮ ਦ੍ਰਿੜ ਕਰਾ ਦਿਤਾ ਹੈ; ਗੁਰੂ ਜੀ ਆਖਦੇ ਹਨ ਕਿ (ਜਿਸ) ਦਾਸ ਉਤੇ ਹਰੀ ਨੇ ਕ੍ਰਿਪਾ ਕੀਤੀ ਹੈ, (ਉਸਨੇ ਅਪਣੀ) ਮੱਤ ਵਿਚ ਗੁਰੂ ਦੀ ਮੱਤ ਲੈ ਕੇ ਨਾਮ ਨੂੰ ਪੱਕੀ ਤਰ੍ਹਾਂ ਟਿਕਾ ਲਿਆ ਹੈ।੪।੧੨।੨੬।੬੪।

ਪਦਾਰਥ = ਬਾਜੈ–ਵੱਜਦਾ ਹੈ।ਅਨਾਹਦੁ–ਇਕ ਰਸ; ਲਗਾਤਾਰ।੧।ਗੁਰਮੁਖਿ–ਗੁਰੂ ਨਾਲ ਜੁੜਿਆ ਮਨੁੱਖ।੧।ਰਹਾਉ।ਹਮਰਾ–ਸਾਡਾ।ਕਾਰ–ਸੇਵਾ।ਮਲਿ ਮਲਿ–ਮਲ ਮਲ ਕੇ।ਧੋਵਹ–ਧੋਂਦਾ ਹਾਂ।ਪਾਵ–ਚਰਨ।੨।ਰਾਮ ਰਸਾਇਣੁ–ਪ੍ਰਭੂ ਦਾ ਨਾਮ ਜੋ ਰਸਾਇਣ ਰੂਪ ਹੈ।ਜਿਹਵਾ–ਜੀਭ।ਰਸਕਿ ਰਸਕਿ–ਅਨੰਦ ਲੈ ਲੈ ਕੇ।ਆਘਾਨੇ–ਰੱਜ ਗਿਆ।ਫਿਰਿ ਬਹੁਰਿ–ਫਿਰ ਮੁੜ ਦੁਬਾਰਾ।੩।ਉਪਾਵ–ਜਤਨ।ਬਹੁਤੇਰੇ–ਬਹੁਤ।ਦ੍ਰਿੜਾਵੈ–ਦ੍ਰਿੜ (ਪੱਕਾ ਨਿਸਚਾ) ਕਰਾ ਦਿਤਾ; ਪੱਕੀ ਤਰ੍ਹਾਂ ਟਿਕਾ ਲਿਆ।੪।੧੨।੨੬।੬੪।

ਇਸ ਤੋਂ ਅੱਗੇ ਗਉੜੀ ਮਾਝ ਵਿਚ ੬ ਸ਼ਬਦ ਉਚਾਰੇ ਹੋਏ ਹਨ।ਇਨ੍ਹਾਂ ਸ਼ਬਦਾਂ ਵਿਚ ਰਹਾਉ ਨਹੀਂ ਹੈ।

ਰਾਗੁ ਗਉੜੀ ਮਾਝ ਮਹਲਾ ੪ ॥ ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ ॥ ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥ ਹੇ ਜਿੰਦੇ!

www.gurugranthvakhyan.org

ਗੁਰੂ ਦੁਆਰਾ (ਵਾਹਿਗੁਰੂ ਦਾ) ਨਾਮ ਜਪ, ਇਹ ਕਰਮ ਕਰ।(ਅਪਣੀ) ਬੁੱਧੀ ਵਿਚ ਗੁਰੂ ਦੀ ਸਿੱਖਿਆ ਧਾਰਨ ਕਰਨ ਨੂੰ ਮਾਤਾ ਬਣਾ ਅਤੇ ਮੂੰਹ ਨਾਲ ਵਾਹਿਗੁਰੂ ਦੇ ਨਾਮ ਸਿਮਰਨ ਨੂੰ ਜੀਵਨ ਦਾ ਆਸਰਾ ਬਣਾ।

ਅੰਗ ੧੭੩ = ਸੰਤੋਖੁ ਪਿਤਾ ਕਰਿ, ਗੁਰੁ ਪੁਰਖੁ ਅਜਨਮਾ ॥ ਵਡਭਾਗੀ ਮਿਲੁ ਰਾਮਾ ॥੧॥ ਸੰਤੋਖ ਨੂੰ ਪਿਤਾ ਬਣਾ ਅਤੇ ਅਜੂਨੀ ਅਕਾਲ ਪੁਰਖ ਰੂਪ ਗੁਰੂ ਨੂੰ (ਅਪਣਾ ਗੁਰੂ) ਧਾਰਣ ਕਰ।ਹੇ ਵੱਡੇ ਭਾਗਾਂ ਵਾਲੇ! (ਇਉਂ ਤੂੰ) ਵਾਹਿਗੁਰੂ ਨੂੰ ਮਿਲ ਪਉ।੧।

ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥ ਗੁਰੁ ਹਰਿ ਰੰਗਿ ਰਤੜਾ, ਸਦਾ ਨਿਰਬਾਣੀ ਜੀਉ ॥ ਵਡਭਾਗੀ ਮਿਲੁ ਸੁਘੜ ਸੁਜਾਣੀ ਜੀਉ ॥ ਮੇਰਾ ਮਨੁ ਤਨੁ ਹਰਿ ਰੰਗਿ ਭਿੰਨਾ ॥੨॥ (ਮੈਨੂੰ ਐਸਾ) ਜੋਗੀ ਪੁਰਖ ਗੁਰੂ ਮਿਲਿਆ ਹੈ, (ਜਿਸਦੀ ਕਿਰਪਾ ਨਾਲ ਮੈਂ) ਅਨੰਦ ਮਾਣਦਾ ਹਾਂ ਜੀ।(ਮੇਰਾ) ਗੁਰੂ ਹਰੀ ਦੇ ਪ੍ਰੇਮ ਵਿਚ ਰੰਗਿਆ ਹੋਇਆ ਸਦਾ (ਜਗਤ ਦੇ ਮੋਹ ਤੋਂ) ਨਿਰਲੇਪ ਰਹਿੰਦਾ ਹੈ ਜੀ।(ਅਪਣੇ ਵੱਲੋਂ ਹੋਰਨਾਂ ਲੋਕਾਂ ਨੂੰ ਵੀ ਆਖਦੇ ਹਨ) ਹੇ ਵੱਡੇ ਭਾਗਾਂ ਵਾਲੇ (ਜਗਿਆਸੂਓ)! ਸੁਘੜ ਸੁਜਾਣ ਗੁਰੂ ਨੂੰ ਮਿਲੋ।(ਗੁਰੂ ਦੇ ਮਿਲਣ ਕਰਕੇ) ਮੇਰਾ ਮਨ ਤੇ ਤਨ ਹਰੀ ਦੇ ਪ੍ਰੇਮ ਵਿਚ ਭਿੱਜ ਗਿਆ ਹੈ।੨।

ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥ ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥ ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥੩॥ ਹੇ ਸੰਤ ਜਨੋਂ! ਆਓ, ਮਿਲ ਕੇ ਹਰੀ ਦਾ ਨਾਮ ਜਪੀਏ।ਸੰਗਤ ਵਿਚ ਜਾ ਕੇ (ਇਹ) ਨਾਮ ਜਪਣ ਦਾ ਲਾਭ ਸਦਾ ਲੈ ਲਈਏ ਜੀ।ਸੰਤਾਂ ਦੀ ਸੇਵਾ ਕਰਕੇ ਨਾਮ ਅੰਮ੍ਰਿਤ ਮੂੰਹ ਵਿਚ ਪਾ ਲਈਏ ਜੀ।ਧੁਰ ਦਰਗਾਹ ਤੋਂ ਲਿਖੇ ਪੂਰਬਲੇ ਕਰਮਾਂ ਅਨੁਸਾਰ ਹੀ (ਅਜੇਹੇ ਸੰਤ) ਮਿਲ ਸਕਦੇ ਹਨ; ਪ੍ਰਭੂ ਨੂੰ ਮਿਲ, (ਪਰ) ਧੁਰ ਤੋਂ ਲਿਖੇ ਹੋਏ ਪੂਰਬਲੇ ਕਰਮਾਂ ਨਾਲ ਹੀ (ਪ੍ਰਭੂ ਮਿਲਦਾ ਹੈ) = ਮੇਰਾ ਵਿਚਾਰ।੩।

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥ ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ॥ ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥ ਜਨ ਨਾਨਕ ਪ੍ਰੇਮਿ ਰਤੰਨਾ ॥੪॥੧॥੨੭॥੬੫॥ ਸਾਵਣ ਵਿਚ ਅੰਮ੍ਰਿਤ (ਜਲ) ਨਾਲ ਭਰਪੂਰ ਬੱਦਲ ਜਗਤ ਤੇ ਛਾਇਆ ਹੋਇਆ ਹੈ ਭਾਵ ਮਨੁੱਖਾ ਜਨਮ ਸਾਵਣ ਦਾ ਮਹੀਨਾ ਹੈ, ਨਾਮ ਬਾਣੀ ਰੂਪ ਅੰਮ੍ਰਿਤ ਜਲ ਨਾਲ ਭਰਪੂਰ ਗੁਰੂ ਰੂਪ ਬੱਦਲ ਜਗਤ ਉਤੇ ਵਰਖਾ ਕਰਨ ਲਈ ਆ ਪ੍ਰਗਟ ਹੋਇਆ ਹੈ।(ਜਿਸ ਵੇਲੇ ਗੁਰੂ ਨੇ ਮੇਰੇ) ਮੂੰਹ ਵਿਚ ਸ਼ਬਦ (ਰੂਪ ਅੰਮ੍ਰਿਤ) ਪਾਇਆ ਤਾਂ ਮਨ ਰੂਪ ਮੋਰ (ਖੁਸ਼ੀ ਵਿਚ ਪੈਲਾਂ ਪਾਉਂਦਾ ਹੋਇਆ) ਕੁਹ ਕੁਹ ਕਰਦਾ ਬੋਲਿਆ; (ਜਦ ਮੈਂ ਗੁਰੂ ਦਾ) ਸ਼ਬਦ ਮੂੰਹ ਵਿਚ ਪਾਇਆ ਤਾਂ ਮਨ ਨਿਹਾਲ ਹੋ ਗਿਆ (ਟਕਸਾਲ)।ਹਰੀ ਦਾ ਅੰਮ੍ਰਿਤ ਨਾਮ (ਜਦ ਹਿਰਦੇ ਵਿਚ ਆ) ਵਸਿਆ; (ਜਦ) ਹਰੀ ਨਾਮ ਅੰਮ੍ਰਿਤ ਜਲ ਵਰਸਿਆ ਤਾਂ ਹਰੀ ਰਾਜਾ ਮਿਲ ਗਿਆ ਜੀ।ਦਾਸ ਨਾਨਕ (ਹਰੀ ਦੇ) ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ।੪।੧।੨੭।੬੫।

ਪਦਾਰਥ = ਗੁਰਮੁਖਿ–ਗੁਰੂ ਦੁਆਰਾ।ਜਿੰਦੂ–ਹੇ ਜਿੰਦੇ!।ਕਰੰਮਾ–ਕਰਮ।ਮਤਿ–ਬੁੱਧੀ; ਗੁਰੂ ਦੀ ਸਿੱਖਿਆ।ਜੀਉ–ਜੀਵਨ।ਮੁਖਿ–ਮੂੰਹ ਨਾਲ।ਅਜਨਮਾ–ਅਜੂਨੀ (ਜਨਮ ਮਰਨ ਤੋਂ ਰਹਿਤ)।੧।ਗੁਰੁ ਜੋਗੀ ਪੁਰਖੁ–ਗੁਰੂ ਜੋਗੀ ਪੁਰਖ ਹੈ; ਅਕਾਲ ਪੁਰਖ ਨਾਲ ਜੁੜਿਆ ਗੁਰੂ।ਰੰਗੁ–ਆਤਮ ਅਨੰਦ।ਮਾਣੀ–ਮਾਣਦਾ ਹਾਂ।ਰੰਗਿ ਰਤੜਾ–ਪ੍ਰੇਮ ਰੰਗਿ ਵਿਚ ਰੰਗਿਆ।ਨਿਰਬਾਣੀ–ਵਾਸ਼ਨਾ ਰਹਿਤ; ਨਿਰਲੇਪ।ਸੁਘੜ–ਸਿਆਣਾ।ਸੁਜਾਣੀ–ਗਿਆਨ ਵਾਲਾ।ਭਿੰਨਾ–ਭਿੱਜ ਗਿਆ।੨।ਜਪਾਹਾ–(ਅਸੀਂ) ਜਪੀਏ। ਲਾਹਾ–ਲਾਭ।ਮੁਖਿ ਪਾਹਾ–ਮੂੰਹ ਵਿਚ ਪਾਈਏ।ਧੁਰਿ–ਧੁਰ ਤੋਂ।ਪੂਰਬਿ–ਪਿਛਲੇ ਜਨਮਾਂ ਦੇ।ਕਰਮਾ–ਚੰਗੇ ਕਰਮਾਂ ਨਾਲ ਭਾਗਾਂ ਅਨੁਸਾਰ।੩।ਸਾਵਣਿ–ਸੌਣ ਦੇ ਮਹੀਨੇ ਵਿਚ।ਵਰਸੁ–ਬੱਦਲ।ਅੰਮ੍ਰਿਤਿ–ਅੰਮ੍ਰਿਤ ਜਲ ਨਾਲ।ਛਾਇਆ–ਫੈਲਿਆ; ਪ੍ਰਗਟਿਆ। ਕੁਹੁਕਿਅੜਾ–(ਮੋਰਾਂ ਦਾ) ਬੋਲਣਾ; ਕੂਕਣਾ।ਵੁਠੜਾ–ਆ ਵਸਿਆ।ਰਾਇਆ–ਰਾਜਾ।ਰਤੰਨਾ–ਰੰਗਿਆ ਗਿਆ।੪।੧।੨੭। ੬੫।

ਗਉੜੀ ਮਾਝ ਮਹਲਾ ੪ ॥ ਆਉ ਸਖੀ, ਗੁਣ ਕਾਮਣ ਕਰੀਹਾ ਜੀਉ ॥ ਮਿਲਿ ਸੰਤ ਜਨਾ, ਰੰਗੁ ਮਾਣਿਹ ਰਲੀਆ ਜੀਉ ॥ ਗੁਰ ਦੀਪਕੁ ਗਿਆਨੁ ,ਸਦਾ ਮਨਿ ਬਲੀਆ ਜੀਉ ॥ ਹਰਿ ਤੁਠੈ, ਢੁਲਿ ਢੁਲਿ ਮਿਲੀਆ ਜੀਉ ॥੧॥ (ਕੁਝ ਇਸਤ੍ਰੀਆਂ ਅਪਣੇ ਪਤੀ ਨੂੰ ਵਸ ਕਰਨ ਵਾਸਤੇ ਕੋਈ ਜੰਤ੍ਰ ਮੰਤ੍ਰ ਕਰਦੀਆਂ ਹਨ) ਹੇ (ਸਤ ਸੰਗੀ) ਸਹੇਲੀਓ! ਆਓ, (ਅਸੀਂ ਪਤੀ ਪ੍ਰਭੂ ਨੂੰ ਵਸ ਕਰਨ

All Rights Reserved by Harjinder Singh Gyani | www.GuruGranthVakhyaan.org

ਲਈ) ਗੁਣਾਂ ਦਾ ਟੂਣਾ ਕਰੀਏ ਜੀ। ਸੰਤ ਜਨਾਂ ਨੂੰ ਮਿਲ ਕੇ ਅਨੰਦ ਮਾਣੀਏ ਜੀ। (ਜਿਨ੍ਹਾਂ ਪੁਰਖਾਂ ਦੇ) ਮਨ ਵਿਚ ਗੁਰੂ ਦਾ ਗਿਆਨ ਰੂਪ ਦੀਵਾ ਸਦਾ ਬਲਦਾ ਰਹਿੰਦਾ ਹੈ ਜੀ। (ਉਨ੍ਹਾਂ ਨੂੰ) ਹਰੀ ਪ੍ਰਸੰਨਤਾ ਨਾਲ ਦ੍ਰਵੀ ਭੂਤ ਹੋ ਕੇ ਮਿਲਦਾ ਹੈ ਜੀ; ਹਰੀ ਦੇ ਪ੍ਰਸੰਨ ਹੋਣ ਤੇ (ਉਹ ਪੁਰਖ) ਢਲ ਕੇ (ਹਰੀ ਨਾਲ) ਮਿਲ ਜਾਂਦੇ ਹਨ (ਜਿਵੇਂ ਤੇਜ ਧੁੱਪ ਨਾਲ ਬਰਫ ਦਾ ਡਲਾ ਢਲ ਜਾਂਦਾ ਹੈ)।੧।

ਮੇਰੈ ਮਨਿ ਤਨਿ ਪ੍ਰੇਮੁ ਲਗਾ, ਹਰਿ ਢੋਲੇ ਜੀਉ ॥ ਮੈ ਮੇਲੇ ਮਿਤ੍ਰ ਸਤਿਗੁਰੁ ਵੇਚੋਲੇ ਜੀਉ ॥ਮਨੁ ਦੇਵਾਂ ਸੰਤਾ, ਮੇਰਾ ਪ੍ਰਭੁ ਮੇਲੇ ਜੀਉ ॥ ਹਰਿ ਵਿਟੜਿਅਹੁ ,ਸਦਾ ਘੋਲੇ ਜੀਉ ॥੨॥ ਮੇਰੇ ਮਨ ਵਿਚ ਤੇ ਤਨ ਵਿਚ ਪਿਆਰੇ ਹਰੀ ਦਾ ਪ੍ਰੇਮ ਲਗਾ ਹੋਇਆ ਹੈ ਜੀ। ਸਤਿਗੁਰੂ ਵੇਚੋਲੇ ਹੋ ਕੇ ਮੈਨੂੰ ਹਰੀ ਮਿਤ੍ਰ ਮਿਲਾ ਦੇਣ ਜੀ। (ਮੈਂ ਅਪਣਾ) ਮਨ (ਉਨ੍ਹਾਂ) ਸੰਤਾਂ ਨੂੰ ਭੇਟ ਕਰ ਦੇਵਾਂ (ਜਿਹੜੇ ਮੈਨੂੰ) ਮੇਰਾ ਪ੍ਰਭੂ ਮਿਲਾ ਦੇਣ ਜੀ। ਮੈਂ ਹਰੀ ਤੋਂ ਸਦਾ ਕੁਰਬਾਨ ਹਾਂ ਜੀ।

ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ, ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥ ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ, ਗੁਰੁ ਪੂਰਾ ਵੇਖਿ ਵਿਗਸੁ ਜੀਉ ॥ ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ, ਮਨਿ ਅਨਦਿਨੁ ਅਨਦੁ ਰਹਸੁ ਜੀਉ ॥ ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ, ਨਿਤ ਲੈ ਲਾਹਾ ਮਨਿ ਹਸੁ ਜੀਉ ॥੩॥ ਹੇ ਮੇਰੇ ਪਿਆਰੇ! ਮੇਰੇ ਸਰੀਰ ਵਿਚ ਆ ਵਸ, ਹੇ ਮੇਰੇ ਗੋਵਿੰਦ! ਮੇਰੀ ਬਾਣੀ ਵਿਚ ਵੀ ਆ ਵਸ ਅਤੇ ਹੇ ਹਰੀ! ਕਿਰਪਾ ਕਰਕੇ ਮੇਰੇ ਮਨ ਵਿਚ ਆ ਵਸ ਜੀ। ਹੇ ਮੇਰੇ ਗੋਵਿੰਦਾ! (ਉਸ ਸੁਹਾਗਣ ਨੇ) ਮਨ ਵਿਚ ਚਿਤਵਿਆ ਫਲ ਪਾ ਲਿਆ ਹੈ, (ਜਿਹੜੀ) ਪੂਰਨ ਗੁਰੂ ਨੂੰ ਦੇਖ ਕੇ ਖਿੜ ਗਈ ਹੈ ਜੀ। ਹੇ ਮੇਰੇ ਗੋਬਿੰਦ! ਜਿਨ੍ਹਾਂ ਸੁਹਾਗਣੀਆਂ ਨੂੰ ਹਰੀ ਦਾ ਨਾਮ ਮਿਲਿਆ ਹੈ, ਉਨ੍ਹਾਂ ਦੇ ਮਨ ਵਿਚ ਦਿਨ ਰਾਤ ਆਤਮਕ ਅਨੰਦ ਬਣਿਆ ਰਹਿੰਦਾ ਹੈ ਜੀ। ਹੇ ਮੇਰੇ ਗੋਵਿੰਦ! (ਜਿਨ੍ਹਾਂ ਜੀਵ ਇਸਤ੍ਰੀਆਂ ਨੇ) ਵੱਡੇ ਭਾਗਾਂ ਕਰਕੇ ਹਰੀ ਨੂੰ ਪਾਇਆ ਹੈ, ਉਹ ਹਰ ਰੋਜ (ਨਾਮ ਸਿਮਰਨ ਦਾ) ਲਾਹਾ ਲੈ ਕੇ ਮਨ ਵਿਚ ਖੁਸ਼ ਰਹਿੰਦਿਆਂ ਹਨ ਜੀ।੩।

ਹਰਿ ਆਪਿ ਉਪਾਏ ਹਰਿ ਆਪੇ ਵੇਖੈ, ਹਰਿ ਆਪੇ ਕਾਰੈ ਲਾਇਆ ਜੀਉ ॥ ਇਕਿ ਖਾਵਹਿ ਬਖਸ ਤੋਟਿ ਨ ਆਵੈ, ਇਕਨਾ ਫਕਾ ਪਾਇਆ ਜੀਉ ॥ ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ, ਇਕਨਾ ਭਿਖ ਮੰਗਾਇਆ ਜੀਉ ॥ ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ, ਜਨ ਨਾਨਕ ਨਾਮੁ ਧਿਆਇਆ ਜੀਉ ॥੪॥੨॥੨੮॥੬੬॥ ਹਰੀ ਆਪੇ (ਜਗਤ ਨੂੰ) ਪੈਦਾ ਕਰਦਾ ਹੈ, ਹਰੀ ਆਪ ਹੀ (ਉਸ ਨੂੰ) ਦੇਖਦਾ ਹੈ ਅਤੇ ਹਰੀ ਨੇ ਆਪੇ ਹੀ (ਸਭ ਨੂੰ ਵੱਖੋ ਵਖਰੇ) ਕੰਮਾਂ ਤੇ ਲਾਇਆ ਹੋਇਆ ਹੈ ਜੀ। ਕਈ (ਲੋਕ ਹਰੀ ਦੇ) ਬਖਸੇ ਹੋਏ (ਪਦਾਰਥ ਰੱਜ ਕੇ) ਖਾਂਦੇ ਹਨ, (ਜਿਨ੍ਹਾਂ ਵਿਚ ਕਦੇ) ਕਮੀ ਨਹੀਂ ਆਉਂਦੀ, (ਪਰ) ਕਈਆਂ ਨੂੰ ਫੱਕਾ ਮਾਤ੍ਰ ਹੀ ਪ੍ਰਾਪਤ ਹੁੰਦਾ ਹੈ ਜੀ। ਕਈ ਰਾਜੇ ਹੋ ਕੇ ਤਖਤ ਤੇ ਬੈਠਦੇ ਹਨ, ਨਿਤ ਸੁਖੀ ਰਹਿੰਦੇ ਹਨ, ਪਰ ਕਈਆਂ ਤੋਂ ਰਬ ਭਿੱਖਿਆ ਮੰਗਵਾਉਂਦਾ ਹੈ ਜੀ। ਗੁਰੂ ਜੀ ਆਖਦੇ ਹਨ ਕਿ ਹੇ ਮੇਰੇ ਗੋਵਿੰਦ! (ਜਿਨ੍ਹਾਂ) ਦਾਸਾਂ ਨੇ ਤੇਰੇ ਨਾਮ ਨੂੰ ਧਿਆਇਆ ਹੈ, (ਉਨ੍ਹਾਂ ਨੂੰ ਨਿਸਚਾ ਹੋਇਆ ਹੈ ਕਿ) ਸਭ ਜਗ੍ਹਾ ਤੇਰਾ ਇਕੋ ਹੁਕਮ ਵਰਤ ਰਿਹਾ ਹੈ; ਸਭ ਇਕੋ ਬ੍ਰਹਮ ਵਰਤ ਰਿਹਾ ਹੈ।੪।੨।੨੮।੬੬।

ਪਦਾਰਥ = ਸਖੀ–ਹੇ ਸਹੇਲੀਓ!।ਕਾਮਣ–ਜੰਤ੍ਰ ਮੰਤ੍ਰ; ਟੂਣੇ।ਕਰੀਹਾ–(ਅਸੀਂ) ਕਰੀਏ।ਰਲੀਆ–ਆਤਮ ਅਨੰਦ।ਦੀਪਕੁ–ਦੀਵਾ।ਬਲੀਆ–ਬਲਦਾ ਹੈ।ਢੁਲਿ ਢੁਲਿ–ਦ੍ਰਵੀ ਭੂਤ (ਨਰਮ) ਹੋ ਕੇ ਭਾਵ ਕਠੋਰਤਾ ਛਡ ਕੇ।੧।ਢੋਲੇ–ਪਿਆਰਾ।ਮੈ–ਮੈਨੂੰ। ਵਿਟੜਿਅਹੁ–ਤੋਂ।ਘੋਲੇ–ਕੁਰਬਾਨ।੨।ਚਿੰਦਿਅੜਾ–ਚਿਤਵਿਆ ਹੋਇਆ।ਵਿਗਸੁ–ਖੇੜਾ; ਖੁਸ਼ੀ।ਅਨਦੁ ਰਹਸੁ–ਗੁੱਝਾ ਅਨੰਦ; ਆਤਮਕ ਅਨੰਦ; ਅੰਦਰ ਅਨੁਭਵ ਹੋਣ ਵਾਲਾ ਅਨੰਦ।ਵਡਭਾਗੀਈ–ਵੱਡੇ ਭਾਗਾਂ ਕਰਕੇ।ਹਸੁ–ਖੁਸ਼; ਅਨੰਦ।੩।ਉਪਾਏ–ਪੈਦਾ ਕੀਤੇ।ਵੇਖੈ–ਦੇਖਦਾ; ਸੰਭਾਲਦਾ; ਪਾਲਦਾ ਹੈ।ਕਾਰੈ–ਕੰਮਾਂ ਵਿਚ।ਇਕਿ–ਕਈ।ਫਕਾ–ਫੱਕਾ (ਮੁੱਠੀ ਭਰ ਅੰਨ); ਫਾਕਾ (ਅ. ਭੁੱਖ)।ਤਖਤਿ–ਤਖਤ ਉਤੇ। ਬਹਹਿ–ਬੈਠਦੇ ਹਨ।ਭਿਖ–ਭਿੱਖਿਆ।ਸਬਦੁ–ਹੁਕਮ; ਬ੍ਰਹਮ।੪।੨।੨੮।੬੬।

ਇਕਿ ਖਾਵਹਿ = ਇਕ ਰੱਬ ਦੇ ਦਿਤੇ ਇਤਨੇ ਪਦਾਰਥ ਖਾਂਦੇ ਹਨ ਅਤੇ ਹੋਰਨਾਂ ਨੂੰ ਵੀ ਬਖਸ਼ਦੇ ਹਨ, ਫਿਰ ਵੀ ਉਨ੍ਹਾਂ ਨੂੰ ਕੋਈ ਕਮੀ ਨਹੀਂ ਆਉਂਦੀ, ਪਰ ਇਕਨਾ ਨੂੰ ਮੁਸ਼ਕਲ ਨਾਲ ਫੱਕਾ ਭਰ (ਥੋੜਾ ਜਿਹਾ) ਅੰਨ ਮਿਲਦਾ ਹੈ; ਇਕਨਾ ਨੂੰ ਫਾਕਾ ਕੱਟਣਾ ਪੈਂਦਾ ਹੈ।

ਗਉੜੀ ਮਾਝ ਮਹਲਾ ੪ ॥ ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ, ਹਰਿ ਰੰਗਿ ਰਤਾ ਮਨ ਮਾਹੀ ਜੀਉ ॥ ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ, ਗੁਰੁ ਪੂਰਾ ਅਲਖੁ ਲਖਾਹੀ ਜੀਉ ॥ ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ, ਸਭ ਦਾਲਦ ਦੁਖ ਲਹਿ ਜਾਹੀ ਜੀਉ ॥ ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ, ਵਡਭਾਗੀ ਨਾਮਿ ਸਮਾਹੀ ਜੀਉ ॥੧॥ ਹੇ ਮੇਰੇ ਗੋਵਿੰਦ! (ਜਿਸ)

All Rights Reserved by Harjinder Singh Gyani | www.GuruGranthVakhyaan.org

ਹਰੀ ਦੇ ਪ੍ਰੇਮ ਰੰਗ ਵਿਚ ਮੈਂ ਰੰਗਿਆ ਹੋਇਆ ਹਾਂ, (ਉਹ ਹਰੀ); ਹਰੇਕ ਰੰਗ ਵਿਚ ਰੰਗਿਆ ਹਰੀ ਮੇਰੇ ਮਨ ਵਿਚ (ਪਹਿਲਾਂ ਵੀ) ਸੀ, ਮਨ ਵਿਚ (ਹੁਣ ਵੀ) ਹੈ ਤੇ (ਭਵਿੱਖ ਵਿਚ ਵੀ) ਮਨ ਵਿਚ ਹੋਵੇਗਾ। ਹੇ ਮੇਰੇ ਗੋਵਿੰਦ! (ਉਹ) ਪ੍ਰੇਮ ਸਰੂਪ ਹਰੀ (ਸਭ ਜੀਵਾਂ ਦੇ) ਨਾਲ ਹੈ ਪਰ (ਆਪਣੇ ਆਪ) ਜਾਣਿਆ ਨਹੀਂ ਜਾਂਦਾ, ਪੂਰਾ ਗੁਰੂ ਉਸ ਅਲੱਖ ਹਰੀ ਨੂੰ ਲਖਾ ਦੇਂਦਾ ਹੈ ਜੀ। ਹੇ ਮੇਰੇ ਗੋਵਿੰਦ! (ਜਿਨ੍ਹਾਂ ਦੇ ਹਿਰਦੇ ਵਿਚ) ਹਰਿ ਹਰਿ ਨਾਮ ਪ੍ਰਕਾਸ਼ਿਆ ਹੈ, (ਉਨ੍ਹਾਂ ਦੇ) ਸਾਰੇ ਦੁਖ ਤੇ ਦਲਿੱਦਰ ਲਹਿ ਜਾਂਦੇ ਹਨ ਜੀ। ਹੇ ਮੇਰੇ ਗੋਵਿੰਦ! (ਜਿਨ੍ਹਾਂ ਪੁਰਖਾਂ ਨੇ ਗੁਰੂ ਤੋਂ) ਹਰੀ ਦੇ ਨਾਮ ਦੀ ਉਤਮ ਪਦਵੀ ਨੂੰ ਪਾਇਆ ਹੈ, ਉਹ ਵੱਡੇ ਭਾਗਾਂ ਵਾਲੇ ਨਾਮ ਵਿਚ ਸਮਾ ਜਾਂਦੇ ਹਨ ਜੀ।੧।

ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ, ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥ ਹੇ ਮੇਰੇ ਪਿਆਰੇ! ਹੇ ਮੇਰੇ ਗੋਵਿੰਦ! (ਮੈਨੂੰ ਦੱਸੋ ਕਿ ਤੈਨੂੰ) ਨੈਣਾਂ ਵਾਲੇ ਹਰੀ ਪ੍ਰਭੂ ਨੂੰ ਕਿਸੇ (ਪੁਰਖ) ਨੇ ਅੱਖਾਂ ਨਾਲ ਨਾਲ ਦੇਖਿਆ ਹੈ?; ਦੈਵੀ ਨੇਤ੍ਰਾਂ ਵਾਲੇ (ਗੁਰੂ ਦੁਆਰਾ, ਸੁੱਧ ਬੁੱਧ ਵਾਲੇ) ਕਿਸੇ ਵਿਰਲੇ ਪੁਰਖ ਨੇ ਨੈਣਾਂ ਨਾਲ ਹਰੀ ਪ੍ਰਭੂ ਨੂੰ ਦੇਖਿਆ ਹੈ ਜੀ।

ਅੰਗ ੧੭੪ = ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ, ਹਰਿ ਬਾਝਹੁ ਧਨ ਕੁਮਲੈਣੀ ਜੀਉ ॥ ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ, ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥ ਹਰਿ ਆਇ ਮਿਲਿਆ ਜਗਜੀਵਨੁ ਮੇਰੇ ਗੋਵਿੰਦਾ, ਮੈ ਸੁਖਿ ਵਿਹਾਣੀ ਰੈਣੀ ਜੀਉ ॥੨॥ ਹੇ ਮੇਰੇ ਗੋਵਿੰਦ! (ਤੇਰੇ ਵਿਛੋੜੇ ਵਿਚ) ਮੇਰਾ ਮਨ ਤੇ ਤਨ ਬਹੁਤ ਵੈਰਾਗਿਆ ਹੋਇਆ ਹੈ, ਹਰੀ ਕੰਤ ਤੋਂ ਬਿਨਾ (ਮੈਂ ਜੀਵ) ਇਸਤ੍ਰੀ ਕੁਮਲਾਈ ਪਈ ਹਾਂ। ਹੇ ਮੇਰੇ ਗੋਵਿੰਦ! ਸੰਤ ਪੁਰਖਾਂ ਨੂੰ ਮਿਲ ਕੇ ਮੈਂ ਹਰੀ ਪ੍ਰਭੂ ਨੂੰ ਪਾ ਲਿਆ ਹੈ, ਜੋ ਮੇਰਾ ਇਸ ਲੋਕ ਦਾ ਮਿਤ੍ਰ ਹੈ ਅਤੇ ਪਰਲੋਕ ਦਾ ਸਾਥੀ ਹੈ ਜੀ। (ਸੰਤਾਂ ਦੀ ਕ੍ਰਿਪਾ ਨਾਲ) ਜਗਤ ਨੂੰ ਜੀਵਨ ਦੇਣ ਵਾਲਾ ਹਰੀ ਮੈਨੂੰ ਆ ਮਿਲਿਆ ਹੈ, ਹੇ ਮੇਰੇ ਗੋਵਿੰਦ! (ਹੁਣ) ਮੇਰੀ ਜੀਵਨ ਰੂਪ ਰਾਤ ਸੁੱਖਾਂ ਵਿਚ ਬੀਤਦੀ ਹੈ ਜੀ।੨।

ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ ,ਮੈ ਮਨਿ ਤਨਿ ਭੁਖ ਲਗਾਈਆ ਜੀਉ ॥ ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ, ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ ॥ ਹਰਿ ਰਾਇਆ ਮੇਰਾ ਸਜਣੁ ਪਿਆਰਾ, ਗੁਰੁ ਮੇਲੇ ਮੇਰਾ ਮਨੁ ਜੀਵਾਈਆ ਜੀਉ ॥ ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ, ਹਰਿ ਮਿਲਿਆ ਮਨਿ ਵਾਧਾਈਆ ਜੀਉ ॥੩॥ (ਮੈਂ ਅਰਦਾਸ ਕਰਦੀ ਹੁੰਦੀ ਸੀ ਕਿ) ਹੇ ਸੰਤ ਜਨੋਂ! ਮੈਨੂੰ ਮੇਰਾ ਹਰੀ ਪ੍ਰਭੂ ਸੱਜਣ ਮਿਲਾ ਦਿਓ, ਮੇਰੇ ਮਨ ਵਿਚ ਤੇ ਤਨ ਵਿਚ (ਹਰੀ ਦੇ ਦਰਸ਼ਨਾਂ ਦੀ) ਭੁੱਖ ਲੱਗੀ ਹੋਈ ਹੈ ਜੀ। ਮੇਰੇ ਪ੍ਰੀਤਮ ਨੂੰ ਦੇਖੇ ਬਿਨਾ ਮੈਂ ਰਹਿ ਨਹੀਂ ਸਕਦੀ, (ਕਿਉਂਕਿ) ਹਰੀ ਨੇ ਮੇਰੇ ਹਿਰਦੇ ਅੰਦਰ ਵਿਛੋੜੇ (ਦੀ ਪੀੜ) ਲਗਾ ਦਿਤੀ ਹੈ ਜੀ। ਹਰੀ ਰਾਜਾ ਮੇਰਾ ਪਿਆਰਾ ਸੱਜਣ ਹੈ, (ਉਸ ਨੇ ਮੇਰੀ ਅਰਦਾਸ ਸੁਣ ਕੇ, ਮੈਨੂੰ) ਗੁਰੂ ਨਾਲ ਮਿਲਾ ਕੇ ਮੇਰਾ (ਮੁਰਦਾ) ਮਨ ਜਿਵਾ ਦਿਤਾ ਹੈ ਜੀ। ਹੇ ਮੇਰੇ ਗੋਵਿੰਦ! ਮੇਰੇ ਮਨ ਤੇ ਤਨ ਦੀਆਂ ਆਸਾਂ ਪੂਰੀਆਂ ਹੋ ਗਈਆਂ ਹਨ, (ਹੁਣ) ਹਰੀ ਮਿਲ ਪਿਆ ਹੈ ਤੇ ਮਨ ਵਿਚ ਵਧਾਈਆਂ (ਖੁਸ਼ੀਆਂ) ਹੋ ਰਹੀਆਂ ਹਨ।੩।

ਵਾਰੀ ਮੇਰੇ ਗੋਵਿੰਦਾ ਵਾਰੀ ਮੇਰੇ ਪਿਆਰਿਆ, ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ ॥ ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਮੇਰੇ ਗੋਵਿਦਾ, ਹਰਿ ਪੂੰਜੀ ਰਾਖੁ ਹਮਾਰੀ ਜੀਉ ॥ ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ, ਹਰਿ ਮੇਲੇ ਕਰਿ ਰੈਬਾਰੀ ਜੀਉ ॥ ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ, ਜਨ ਨਾਨਕੁ ਸਰਣਿ ਤੁਮਾਰੀ ਜੀਉ ॥੪॥੩॥੨੯॥੬੭॥ ਹੇ ਮੇਰੇ ਗੋਵਿੰਦ! (ਮੈਂ ਤੇਰੇ ਤੋਂ ਮਨ ਕਰਕੇ) ਵਾਰਨੇ ਜਾਂਦਾ ਹੈ, ਹੇ ਮੇਰੇ ਪਿਆਰੇ! (ਮੈਂ ਤੇਰੇ ਤੋਂ ਤਨ ਕਰਕੇ ਵੀ) ਵਾਰਨੇ ਜਾਂਦਾ ਹਾਂ ਅਤੇ ਮੈਂ ਤੇਰੇ ਤੋਂ ਸਦਾ ਹੀ (ਬਾਣੀ ਜਾਂ ਕਰਮ ਕਰਕੇ ਵੀ) ਵਾਰਨੇ ਜਾਂਦਾ ਹਾਂ ਜੀ। ਹੇ ਮੇਰੇ ਗੋਵਿੰਦ! (ਤੁਸੀਂ ਮੇਰੇ) ਪਿਆਰੇ ਹੋ, (ਆਪ ਜੀ ਦਾ) ਪ੍ਰੇਮ ਮੇਰੇ ਮਨ ਵਿਚ ਤੇ ਤਨ ਵਿਚ ਹੈ, ਹੇ ਹਰੀ! ਮੇਰੀ (ਇਹ ਪ੍ਰੇਮ ਦੀ) ਪੂੰਜੀ ਬਚਾਈ ਰੱਖੋ ਜੀ। ਹੇ ਮੇਰੇ ਗੋਵਿੰਦ! (ਅਰਦਾਸ ਹੈ ਕਿ ਮੈਨੂੰ) ਵਿਚੋਲਾ ਸਤਿਗੁਰੂ ਮਿਲਾਈ ਰੱਖੋ, (ਤਾਂ ਕਿ ਉਹ ਅਪਣੀ) ਅਗਵਾਈ ਕਰਕੇ ਹੇ ਹਰੀ! (ਆਪ ਜੀ ਨਾਲ) ਮੇਲੀ ਰੱਖੇ। (ਗੁਰੂ ਦੀ) ਦਇਆ ਕਰਕੇ ਹੀ ਹੇ ਮੇਰੇ ਗੋਵਿੰਦ! ਮੈਂ ਹਰਿ ਨਾਮ ਪਾਇਆ ਹੈ, ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ ਜੀ।੪।੩।੨੯।੬੭।

ਪਦਾਰਥ = ਮਾਹੀ–ਵਿਚ। ਹਰਿ ਰੰਗਿ–ਹਰੀ ਦੇ ਪ੍ਰੇਮ ਰੰਗ ਵਿਚ; ਅਨੇਕਾਂ ਰੰਗਾਂ ਵਿਚ ਰੰਗਿਆ ਹੋਇਆ ਹਰੀ। ਹਰਿ ਰੰਗੁ–ਪ੍ਰੇਮ ਸਰੂਪ ਹਰੀ। ਅਲਖੁ–ਅਦ੍ਰਿਸਟ; ਜਾਨਣ ਰਹਿਤ। ਨ ਲਖੀਐ–ਨਹੀਂ ਜਾਣਿਆ ਜਾਂਦਾ। ਲਖਾਹੀ–ਜਣਾ (ਜਾਣਕਾਰੀ ਕਰਾ) ਦੇਂਦਾ ਹੈ। ਦਾਲਦ–ਗਰੀਬੀ। ਹਰਿ ਪਦ–ਹਰੀ ਦੇ ਨਾਮ ਦੀ ਪਦਵੀ; ਹਰੀ ਮਿਲਾਪ ਦੀ ਪਦਵੀ। ਨਾਮਿ–ਨਾਮ ਵਿਚ; ਨਾਮੀ ਵਾਹਿਗੁਰੂ

www.gurugranthvakhyaan.org ASAP

ਵਿਚ। ਸਮਾਹੀ–ਲੀਨ ਹੁੰਦੇ ਹਨ।੧। ਨੈਣੀ–ਅੱਖਾਂ ਨਾਲ। ਕਿਨੈ–ਕਿਸੇ ਵਿਰਲੇ ਨੇ। ਡਿਠੜਾ–ਦੇਖਿਆ। ਬੈਰਾਗਿਆ–ਉਦਾਸਿਆ ਹੋਇਆ; ਵਿਛੋੜੇ ਵਿਚ ਵਿਆਕੁਲ ਹੋਇਆ। ਬਾਝਹੁ–ਬਿਨਾ। ਧਨ–ਜੀਵ ਇਸਤ੍ਰੀ। ਕੁਮਲੈਣੀ–ਮੁਰਝਾ ਗਈ ਹਾਂ। ਸਜਣੁ–ਚੰਗਾ ਮਿਤ੍ਰ। ਸੈਣੀ–ਸਾਥੀ; ਸਬੰਧੀ; ਵਾਕਿਫ। ਵਿਹਾਣੀ–ਬੀਤਦੀ ਹੈ। ਰੈਣੀ–ਰਾਤ।੨। ਮੈ–ਮੈਨੂੰ। ਹਉ–ਮੈਂ। ਬਿਰਹੁ–ਵਿਛੋੜੇ ਦਾ ਦਰਦ; ਪਿਆਰ ਦੀ ਖਿੱਚ। ਵਾਧਾਈਆ–ਖੁਸ਼ੀਆਂ।੩। ਵਾਰੀ–ਕੁਰਬਾਨ। ਵਿਟੜਿਅਹੁ–ਤੋਂ। ਤੁਧੁ–ਤੇਰਾ। ਸਦ–ਸਦਾ। ਪਿਰੰਮ ਕਾ–ਪਿਆਰੇ ਦਾ। ਵਿਸਟੁ–ਵਿਚੋਲਾ। ਮੇਲਿ–ਮੇਲੀ ਰੱਖੀਂ। ਰੈਬਾਰੀ–ਰਹਿਬਰੀ (ਫ.)–ਅਗੁਵਾਈ।੪।੩।੨੯।੬੭।

ਗਉੜੀ ਮਾਝ ਮਹਲਾ ੪ ॥ ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ, ਹਰਿ ਪ੍ਰਭੁ ਮੇਰਾ ਚੋਜੀ ਜੀਉ ॥ ਹਰਿ ਆਪੇ ਕਾਨ੍ਹ ਉਪਾਇਦਾ ਮੇਰੇ ਗੋਵਿਦਾ, ਹਰਿ ਆਪੇ ਗੋਪੀ ਖੋਜੀ ਜੀਉ ॥ ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ, ਆਪੇ ਰਸੀਆ ਭੋਗੀ ਜੀਉ ॥ ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ, ਆਪੇ ਸਤਿਗੁਰੁ ਜੋਗੀ ਜੀਉ ॥੧॥ ਹੇ ਮੇਰੇ ਗੋਵਿੰਦ! (ਤੂੰ) ਚੋਜੀ ਹੈਂ, ਹੇ ਮੇਰੇ ਪਿਆਰੇ! ਤੂੰ ਚੋਜੀ ਹੈਂ, ਮੇਰਾ ਹਰੀ ਪ੍ਰਭੂ ਚੋਜੀ ਹੈ ਜੀ। ਹਰੀ ਨੇ ਆਪ ਹੀ ਕ੍ਰਿਸ਼ਨ ਜੀ ਨੂੰ ਪੈਦਾ ਕੀਤਾ ਹੈ, ਹੇ ਮੇਰੇ ਗੋਵਿੰਦ! ਆਪ ਹੀ (ਕ੍ਰਿਸ਼ਨ ਦੀ) ਖੋਜ ਕਰਨ ਵਾਲੀ (ਰਾਧਾ) ਗੋਪੀ ਪੈਦਾ ਕੀਤੀ ਹੈ ਜੀ। ਹੇ ਮੇਰੇ ਗੋਵਿੰਦ! ਹਰੀ ਆਪ ਹੀ ਸਾਰੇ ਜੀਵਾਂ ਦੇ ਅੰਦਰ (ਵਿਆਪਕ ਹੋਣ ਕਰਕੇ ਪਦਾਰਥਾਂ ਨੂੰ) ਭੋਗਦਾ ਹੈ, (ਇਸ ਤਰ੍ਹਾਂ ਪਦਾਰਥਾਂ ਦਾ) ਰਸ ਲੈਣ ਵਾਲਾ ਹੈ ਤੇ ਆਪ ਹੀ (ਰਸਾਂ ਨੂੰ) ਭੋਗਣ ਵਾਲਾ ਹੈ ਜੀ। (ਰਸੀਆ ਤੇ ਭੋਗੀ ਹੋਣ ਦੇ ਬਾਵਜੂਦ ਜੀਵਾਂ ਵਾਂਗ ਅਗਿਆਨ ਕਰਕੇ ਕਦੇ ਵੀ) ਭੁੱਲਦਾ ਨਹੀਂ, ਹਰੀ ਸਿਆਣਾ ਹੈ, ਹੇ ਮੇਰੇ ਗੋਵਿੰਦ! ਆਪ ਹੀ (ਤੂੰ ਅਪਣੇ ਆਪ ਵਿਚ ਜੁੜਿਆ) ਸਤਿਗੁਰੂ ਰੂਪ ਜੋਗੀ (ਨਿਰਲੇਪ) ਹੈ ਜੀ।੧।

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ, ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥ ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ, ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥ ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ, ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥ ਭਗਤਾ ਨਾਮੁ ਆਧਾਰੁ ਹੈ ਮੇਰੇ ਗੋਵਿੰਦਾ, ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥੨॥ ਹੇ ਮੇਰੇ ਗੋਵਿੰਦ! (ਤੂੰ) ਆਪ ਹੀ ਜਗਤ ਨੂੰ ਪੈਦਾ ਕਰਦਾ ਹੈਂ, ਹੇ ਹਰੀ! (ਤੂੰ) ਆਪ ਹੀ ਬਹੁਤ ਰੰਗਾਂ ਵਿਚ ਖੇਲਦਾ ਹੈਂ ਜੀ। ਹੇ ਮੇਰੇ ਗੋਵਿੰਦ! ਕਈਆਂ ਨੂੰ (ਤੂੰ ਅਨੇਕ ਤਰ੍ਹਾਂ ਦੇ) ਭੋਗ ਭੁਗਾਉਂਦਾ (ਪਦਾਰਥਾਂ ਦੇ ਸੁਖ ਦੇਂਦਾ ਹੈਂ), ਕਈ ਜੀਵ ਨੰਗੇ ਫਿਰਦੇ ਹਨ ਤੇ ਕਈ ਨੰਗਿਆਂ ਤੋਂ ਵੀ ਨੰਗੇ (ਅਲਫ ਨੰਗੇ ਰਹਿੰਦੇ) ਹਨ ਜੀ। ਹੇ ਮੇਰੇ ਗੋਵਿੰਦ! (ਤੂੰ) ਆਪੇ ਜਗਤ ਨੂੰ ਪੈਦਾ ਕਰਦਾ ਹੈਂ, ਹੇ ਹਰੀ! ਸਾਰੀ ਦੁਨੀਆਂ (ਤੈਥੋਂ ਹੀ) ਮੰਗਦੀ ਹੈ, (ਤੂੰ) ਸਭ ਨੂੰ ਦਾਨ ਦੇਂਦਾ ਹੈਂ ਜੀ। ਹੇ ਮੇਰੇ ਗੋਵਿੰਦ! ਭਗਤਾਂ ਦਾ ਆਸਰਾ ਤੇਰਾ ਨਾਮ ਹੈ, ਹੇ ਹਰੀ! (ਉਹ) ਹਰਿ ਕਥਾ ਦਾ ਉਤਮ ਦਾਨ ਮੰਗਦੇ ਹਨ ਜੀ।੨।

ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ, ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥ ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ, ਰਵਿ ਰਹਿਆ ਨਹੀ ਦੂਰੀ ਜੀਉ ॥ ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ, ਹਰਿ ਆਪਿ ਰਹਿਆ ਭਰਪੂਰੀ ਜੀਉ ॥ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ, ਹਰਿ ਵੇਖੈ ਆਪਿ ਹਦੂਰੀ ਜੀਉ ॥੩॥ ਮੇਰਾ ਗੋਵਿੰਦ ਹਰੀ ਆਪੇ ਹੀ (ਭਗਤਾਂ ਤੋਂ) ਭਗਤੀ ਕਰਾਉਂਦਾ ਹੈ ਅਤੇ ਹਰੀ ਭਗਤਾਂ ਦੇ ਮਨ ਦੀ ਲੋਚਾ ਪੂਰੀ ਕਰਦਾ ਹੈ ਜੀ। ਮੇਰਾ ਗੋਵਿੰਦ ਆਪੇ ਜਲ ਵਿਚ ਥਲ ਵਿਚ ਵਰਤ ਰਿਹਾ ਹੈ, ਸਭ ਜਗ੍ਹਾ ਵਿਆਪਕ ਹੈ, (ਤੇ ਉਹ ਕਿਸੇ ਤੋਂ) ਦੂਰ ਨਹੀਂ। (ਸਭ ਜੀਵਾਂ ਦੇ) ਅੰਦਰ ਤੇ ਬਾਹਰ (ਸਾਰੇ ਬ੍ਰਹਮੰਡ ਵਿਚ) ਹਰੀ ਆਪ ਵਸ ਰਿਹਾ ਹੈ, ਮੇਰਾ ਗੋਵਿੰਦ ਹਰੀ ਆਪ (ਸਭ ਥਾਂਵਾਂ ਤੇ) ਭਰਪੂਰ ਹੋ ਰਿਹਾ ਹੈ। ਸਰਬ ਵਿਆਪਕ ਰਾਮ ਮੇਰੇ ਗੋਵਿੰਦ ਹਰੀ ਨੇ (ਆਪਣਾ ਆਪ ਹੀ ਸਾਰੇ) ਪਸਾਰਿਆ ਹੋਇਆ ਹੈ, ਹਰੀ ਆਪ ਅਪਣੀ ਹਜ਼ੂਰੀ ਵਿਚ ਸਭ ਨੂੰ ਦੇਖਦਾ (ਸੰਭਾਲਦਾ) ਹੈ ਜੀ।੩।

ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ, ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥ ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ, ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥ ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ, ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥ ਮੇਰਾ ਗੋਵਿੰਦ ਹਰੀ (ਸਭ ਜੀਵਾਂ ਦੇ) ਅੰਦਰ ਪਉਣ ਰੂਪ ਵਾਜਾ ਹੈ, ਹਰੀ ਆਪ (ਹੀ ਜਿਵੇਂ ਪ੍ਰਾਣ ਰੂਪ ਵਾਜੇ ਨੂੰ) ਵਜਾਉਂਦਾ ਹੈ, ਤਿਵੇਂ (ਇਹ) ਵਜਦਾ ਹੈ ਜੀ। (ਹਰੇਕ ਜੀਵ ਦੇ) ਅੰਦਰ ਮੇਰੇ ਗੋਵਿੰਦ ਹਰੀ ਦਾ ਨਾਮ ਰੂਪ ਖਜਾਨਾ ਹੈ, ਹਰੀ ਪ੍ਰਭੂ (ਮਨ ਵਿਚੋਂ ਹੀ) ਗੁਰੂ ਦੇ ਸ਼ਬਦ ਦੁਆਰਾ ਪ੍ਰਗਟ ਹੁੰਦਾ ਹੈ ਜੀ। ਮੇਰਾ ਗੋਵਿੰਦ ਹਰੀ ਆਪ ਹੀ ਭਗਤ ਜਨਾਂ ਨੂੰ (ਪ੍ਰੇਰ ਕੇ ਅਪਣੀ) ਸ਼ਰਣ ਵਿਚ ਪੁਆ ਲੈਂਦਾ ਹੈਂ ਅਤੇ ਹਰੀ (ਆਪ ਹੀ ਉਨ੍ਹਾਂ ਦੀ) ਲਾਜ ਰਖਦਾ ਹੈ ਜੀ।

www.gurugranthvakhyaan.org ASAP

ਅੰਗ ੧੭੫ = ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ, ਜਨ ਨਾਨਕ ਨਾਮਿ ਸਿਧਿ ਕਾਜੈ ਜੀਉ ॥੪॥੪॥੩੦॥੬੮॥ ਦਾਸ ਨਾਨਕ (ਗੁਰੂ ਜੀ ਉਪਦੇਸ਼ ਦੇਂਦੇ ਹਨ, ਹੇ ਭਾਈ! ਤੂੰ ਵੀ) ਵੱਡੇ ਭਾਗਾਂ ਵਾਲੇ ਭਗਤਾਂ ਦੀ ਸੰਗਤ ਵਿਚ ਮਿਲ (ਤੇ ਅਰਦਾਸ ਕਰ ਕਿ) ਹੇ ਮੇਰੇ ਗੋਵਿੰਦ! (ਮੈਨੂੰ ਨਾਮ ਬਖਸ਼, ਜਿਸ) ਨਾਮ ਦੁਆਰਾ ਜੀਵਨ ਕਾਰਜ ਦੀ ਸਫਲਤਾ ਹੁੰਦੀ ਹੈ ਜੀ।੪।੪।੩੦।੬੮।

ਪਦਾਰਥ = ਚੋਜੀ–ਕੌਤਕ ਕਰਨ ਵਾਲਾ; ਹੈਰਾਨ ਕਰ ਦੇਣ ਵਾਲੇ ਖੇਲ ਕਰਨ ਵਾਲਾ; ਕੌਤਕੀ।ਕਾਨੑ–ਕ੍ਰਿਸ਼ਨ।ਗੋਪੀ–ਗਵਾਲਣ (ਰਾਧਾ)।ਖੋਜੀ–ਲੱਭਣ ਵਾਲਾ (ਇਕ ਵਾਰੀ ਰਾਧਾ ਲੁਕ ਗਈ ਤਾਂ ਕ੍ਰਿਸ਼ਨ ਜੀ ਨੇ ਰਾਧਾ ਨੂੰ ਲੱਭਿਆ ਸੀ; ਕ੍ਰਿਸ਼ਨ ਜੀ ਲੁਕ ਗਏ ਤਾਂ ਰਾਧਾ ਨੇ ਕ੍ਰਿਸ਼ਨ ਨੂੰ ਖੋਜਿਆ ਸੀ–ਦੋਹਾਂ ਤਰ੍ਹਾਂ ਦੇ ਅਰਥ ਮਿਲਦੇ ਹਨ)।ਘਟ–ਜੀਵਾਂ ਵਿਚ।ਰਸੀਆ–(ਪਦਾਰਥਾਂ ਦੇ) ਰਸ ਲੈਣ ਵਾਲਾ।ਭੋਗੀ–(ਪਦਾਰਥਾਂ ਨੂੰ) ਭੋਗਣ ਵਾਲਾ।ਸੁਜਾਣੁ–ਸਿਆਣਾ।ਜੋਗੀ–ਭੋਗਾਂ ਤੋਂ ਵਿਰੱਕਤ।੧।ਬਹੁ ਰੰਗੀ–ਅਨੇਕਾਂ ਰੰਗਾਂ ਵਿਚ।ਭੋਗ ਭੋਗਾਇਦਾ–ਸਭ ਕਿਸਮ ਦੇ ਸੁਖ ਦੇਂਦਾ ਹੈਂ।ਨਗਨ–ਨੰਗੇ; ਬਸਤ੍ਰ ਹੀਣ।ਨੰਗ ਨੰਗੀ–ਨੰਗਿਆਂ ਤੋਂ ਵੀ ਨੰਗਾ; ਨੰਗ ਮੁਲੰਗਾ; ਅਲਫ ਨੰਗਾ; ਕੰਗਾਲ।ਫਿਰਹਿ–ਫਿਰਦੇ ਹਨ।ਸਭ ਮੰਗੀ–ਸਾਰੀ ਦੁਨੀਆਂ ਮੰਗਦੀ ਹੈ।ਅਧਾਰੁ–ਆਸਰਾ।ਚੰਗੀ–ਉਤਮ ।੨।ਭਗਤਿ–ਭਗਤੀ।ਲੋਚ–ਇੱਛਾ।ਥਲਿ–ਧਰਤੀ ਵਿਚ।ਰਵਿ ਰਹਿਆ–ਵਿਆਪਕ ਹੋ ਰਿਹਾ ਹੈ।ਭਰਪੂਰੀ–ਨੱਕੋ ਨੱਕ ਭਰਿਆ ਹੋਇਆ।ਆਤਮ ਰਾਮ–ਸਰਬ ਵਿਆਪਕ ਆਤਮਾ; ਵਾਹਿਗੁਰੂ।ਹਦੂਰੀ–ਹਾਜਰ ਨਾਜਰ (ਨੇੜੇ) ਹੋ ਕੇ।੩।ਵਾਜਾ ਪਉਣੁ–ਪ੍ਰਾਣਾਂ ਦਾ ਵਾਜਾ (ਪ੍ਰਾਣਾਂ ਨੂੰ ਅੰਦਰ ਬੈਠਾ ਆਤਮਾ ਚਲਾ ਰਿਹਾ ਹੈ ਤੇ ਜੀਵਨ, ਪ੍ਰਾਣ ਕਲਾ ਦੇ ਆਸਰੇ ਹੈ)।ਨਿਧਾਨੁ–ਖਜਾਨਾ।ਗਾਜੈ–ਪਰਗਟ ਹੁੰਦਾ ਹੈ।ਰਾਖੁ–ਰੱਖਦਾ ਹੈ (ਸ਼ਬਦਾਰਥ)।ਲਾਜੈ–ਲਾਜ; ਪੈਜ।ਸਿਧਿ–ਸਫਲਤਾ।ਕਾਜੈ–ਕਾਰਜ ਦੀ।੪।੪।੩੦।੬੮।

ਵਿਆਖਿਆ = ਮਨੁੱਖ ਦੀ ਦੇਹ ਦੇ ਅੰਦਰ ਮਨ ਹੈ, ਜੀਵ ਕਲਾ ਹੈ ਤੇ ਆਤਮਾ ਹੈ।ਸਾਰੇ ਭੋਗਾਂ ਨੂੰ ਭੋਗਣ ਵਾਲੀ ਦੇਹ ਹੈ, ਪਰ ਮਨ ਨਾ ਹੋਵੇ ਤਾਂ ਦੇਹ ਕੁਛ ਨਹੀਂ ਕਰ ਸਕਦੀ।ਮਨ ਨੂੰ ਤਾਕਤ ਆਤਮਾ ਤੋਂ ਮਿਲਦੀ ਹੈ, ਸੋ ਭੋਗਣਹਾਰ ਆਤਮਾ ਹੋਈ।ਆਤਮਾ ਜੋ ਮਨ ਨੂੰ ਸੱਤਾ ਦੇ ਰਹੀ ਹੈ, ਉਹ ਅੰਦਰੋਂ ਅਪਣੇ ਮੂਲ ਪ੍ਰਮਾਤਮਾ ਨਾਲ ਮਿਲੀ ਹੋਈ ਹੁੰਦੀ ਹੈ।ਇਸ ਲਈ ਗੁਰੂ ਜੀ ਸਰਬ ਭੋਗਤਾ ਪ੍ਰਮਾਤਮਾ ਨੂੰ ਕਹਿ ਰਹੇ ਹਨ।ਪਰ ਭੋਗੀ ਹੋ ਕੇ ਵੀ ਉਹ ਦੁਨੀਆਂ ਦੇ ਜੀਵਾਂ ਵਾਂਙ ਅਗਿਆਨ ਵਿਚ ਨਹੀਂ ਤੇ ਨਾ ਹੀ ਭੁਲਦਾ ਹੈ, ਉਹ ਬਹੁਤ ਸਿਆਣਾ ਹੈ, ਸਭ ਦੇ ਅੰਦਰ ਵਸਦਾ ਹੋਇਆ ਭੋਗੀ ਹੋ ਕੇ ਵੀ ਉਹ ਨਿਰਲੇਪ ਹੈ।ਇਹੋ ਜਿਹੇ ਅਨੇਕ ਤਰ੍ਹਾਂ ਦੇ ਉਸ ਹਰੀ ਦੇ ਕੌਤਕ ਹਨ {ਆਪਹਿ ਕਉਤਕ ਕਰੈ ਅਨਦ ਚੋਜ।ਆਪਹਿ ਰਸ ਭੋਗਨ ਨਿਰਜੋਗ ੨੯੨}।ਭਗਤ ਵੀ ਪ੍ਰਮਾਤਮਾ ਦੇ ਹੀ ਕੌਤਕ ਹਨ, ਭਗਤਾਂ ਨੂੰ ਵੀ ਭੋਗਾਂ ਦੀ ਲੋੜ ਹੈ।ਪਰ ਭਗਤ ਸੰਸਾਰ ਦੇ ਲੋਕਾਂ ਵਾਂਗ ਪਦਾਰਥਾਂ ਦੇ ਭੋਗ ਨਹੀਂ ਚਾਹੁੰਦੇ, ਉਹ ਰੱਬ ਤੋਂ ਨਾਮ ਦੀ ਦਾਤ ਮੰਗਦੇ ਹਨ।ਉਹ ਨਾਮ ਆਪ ਜਪਦੇ ਹਨ ਤੇ ਲੋਕਾਂ ਨੂੰ ਬੁਰਿਆਈਆਂ ਤੋਂ ਹਟਾ ਕੇ ਨਾਮ ਜਪਾਉਂਦੇ ਹਨ।ਇਸੇ ਕਰਕੇ ਭਗਤਾਂ ਨੂੰ ਮੁਸ਼ਕਲਾਂ ਵੀ ਆਉਂਦੀਆਂ ਹਨ, ਜਿਨ੍ਹਾਂ ਤੋਂ ਰੱਬ ਭਗਤਾਂ ਦੀ ਰੱਖਿਆ ਕਰਦਾ ਹੈ।ਅਖੀਰ ਵਿਚ ਗੁਰੂ ਜੀ ਸਿੱਖਿਆ ਦੇਂਦੇ ਹਨ ਕਿ ਹੇ ਪੁਰਖ! ਭਗਤਾਂ ਦੀ ਸੰਗਤ ਵਿਚ ਮਿਲ ਤੇ ਨਾਮ ਜਪ, ਇਹੀ ਜੀਵਨ ਦੀ ਸਫਲਤਾ ਦਾ ਕਾਰਜ ਹੈ।

ਗਉੜੀ ਮਾਝ ਮਹਲਾ ੪ ॥ ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ ॥ ਮੇਰਾ ਹਰਿ ਪ੍ਰਭੁ ਮਿਤੁ ਮਿਲੈ, ਸੁਖੁ ਪਾਈ ਜੀਉ ॥ ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥ ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥੧॥ ਮੈਨੂੰ ਹਰੀ ਨੇ ਅਪਣੇ ਹਰਿ ਨਾਮ ਦੀ ਪ੍ਰੀਤ ਲਗਾ ਦਿਤੀ ਹੈ ਜੀ।ਮੇਰਾ ਹਰੀ ਪ੍ਰਭੂ ਮਿਤ੍ਰ ਮੈਨੂੰ ਮਿਲ ਜਾਵੇ ਤਾਂ ਆਤਮਕ ਸੁਖ ਪ੍ਰਾਪਤ ਕਰਾਂ ਜੀ।ਹੇ ਮੇਰੀ ਮਾਈ! ਮੈਂ ਹਰੀ ਪ੍ਰਭੂ ਨੂੰ ਦੇਖ ਕੇ ਜਿਉਂਦਾ ਹਾਂ ਜੀ।ਹਰੀ ਦਾ ਨਾਮ ਹੀ ਮੇਰਾ ਮਿਤ੍ਰ ਤੇ ਭਰਾ ਹੈ ਜੀ।੧।

ਗੁਣ ਗਾਵਹੁ ਸੰਤ ਜੀਉ ,ਮੇਰੇ ਹਰਿ ਪ੍ਰਭ ਕੇਰੇ ਜੀਉ ॥ ਜਪਿ ਗੁਰਮੁਖਿ ਨਾਮੁ ਜੀਉ ,ਭਾਗ ਵਡੇਰੇ ਜੀਉ ॥ ਹਰਿ ਹਰਿ ਨਾਮੁ ਜੀਉ ,ਪ੍ਰਾਨ ਹਰਿ ਮੇਰੇ ਜੀਉ ॥ ਫਿਰਿ ਬਹੁੜਿ ਨ ਭਵਜਲ ਫੇਰੇ ਜੀਉ ॥੨॥ ਹੇ ਸੰਤ ਜਨੋਂ! ਮੇਰੇ ਹਰੀ ਪ੍ਰਭੂ ਦੇ ਗੁਣ ਗਾਵੋ।(ਜਿਨ੍ਹਾਂ ਦੇ) ਵੱਡੇ ਭਾਗ ਹਨ (ਉਹ) ਗੁਰੂ ਦੁਆਰਾ ਨਾਮ ਜਪਦੇ ਹਨ; ਗੁਰੂ ਦੁਆਰਾ ਨਾਮ ਜਪ ਕੇ ਵੱਡੇ ਭਾਗਾਂ ਵਾਲਾ ਹੋ ਜਾਈਦਾ ਹੈ।ਹਰੀ ਦਾ ਹਰਿ ਹਰਿ ਨਾਮ ਮੇਰਾ ਜੀਵਨ ਤੇ ਮੇਰੇ ਪ੍ਰਾਣ ਹਨ।(ਨਾਮ ਜਪਣ ਨਾਲ) ਮੁੜ ਦੁਬਾਰਾ ਭਵਜਲ ਦੇ ਚੱਕਰ ਨਹੀਂ ਪੈਂਦੇ ਜੀ।੨।

ਕਿਉ ਹਰਿ ਪ੍ਰਭ ਵੇਖਾ, ਮੇਰੈ ਮਨਿ ਤਨਿ ਚਾਉ ਜੀਉ ॥ ਹਰਿ ਮੇਲਹੁ ਸੰਤ ਜੀਉ ,ਮਨਿ ਲਗਾ ਭਾਉ ਜੀਉ ॥ ਗੁਰ ਸਬਦੀ ਪਾਈਐ, ਹਰਿ ਪ੍ਰੀਤਮ ਰਾਉ ਜੀਉ ॥ ਵਡਭਾਗੀ ਜਪਿ ਨਾਉ ਜੀਉ ॥੩॥ ਮੇਰੇ ਮਨ ਵਿਚ ਤੇ ਤਨ ਵਿਚ ਚਾਉ ਹੈ ਕਿ ਕਿਵੇਂ ਹਰੀ ਪ੍ਰਭੂ ਨੂੰ ਦੇਖਾਂ ਜੀ? ਹੇ ਸੰਤ ਜਨੋਂ ਜੀਉ! (ਮੈਨੂੰ) ਹਰੀ ਮਿਲਾ ਦਿਓ, (ਕਿਉਂਕਿ) ਮੇਰੇ ਮਨ ਵਿਚ (ਹਰੀ ਨੂੰ ਮਿਲਣ ਦਾ)

All Rights Reserved by Harjinder Singh Gyani | www.GuruGranthVakhyaan.org

ਪ੍ਰੇਮ ਲੱਗਾ ਹੈ।(ਸੰਤਾਂ ਨੇ ਦਸਿਆ ਕਿ) ਪ੍ਰੀਤਮ ਪਾਤਸ਼ਾਹ ਗੁਰੂ ਦੇ ਸ਼ਬਦ ਦੁਆਰਾ ਵੱਡੇ ਭਾਗਾਂ ਨਾਲ ਨਾਮ ਜਪ ਕੇ ਪਾਈਦਾ ਹੈ ਜੀ।

ਮੇਰੈ ਮਨਿ ਤਨਿ ਵਡੜੀ ਗੋਵਿੰਦ ਪ੍ਰਭ ਆਸਾ ਜੀਉ ॥ ਹਰਿ ਮੇਲਹੁ ਸੰਤ ਜੀਉ ,ਗੋਵਿਦ ਪ੍ਰਭ ਪਾਸਾ ਜੀਉ ॥ ਸਤਿਗੁਰ ਮਤਿ ਨਾਮ ਸਦਾ ਪਰਗਾਸਾ ਜੀਉ ॥ ਜਨ ਨਾਨਕ, ਪੂਰਿਅੜੀ ਮਨਿ ਆਸਾ ਜੀਉ ॥੪॥੫॥੩੧॥੬੯॥ ਮੇਰੇ ਮਨ ਵਿਚ ਤਨ ਵਿਚ ਗੋਵਿੰਦ ਪ੍ਰਭੂ ਨੂੰ ਮਿਲਣ ਦੀ ਵੱਡੀ ਆਸ ਲੱਗੀ ਹੋਈ ਹੈ ਜੀ।ਹੇ ਸੰਤੋ ਜੀਉ! (ਜਿਹੜਾ) ਗੋਵਿੰਦ ਪ੍ਰਭੂ ਸਭ ਦੇ ਪਾਸ (ਰਹਿਣ ਵਾਲਾ ਹੈ, ਉਹ ਮੈਨੂੰ) ਮਿਲਾ ਦਿਓ ਜੀ ।(ਨਿਚੋੜ ਇਹ ਹੈ ਕਿ) ਸਤਿਗੁਰੂ ਦੀ ਸਿੱਖਿਆ ਦੁਆਰਾ ਸਦਾ ਨਾਮ ਦਾ ਪ੍ਰਕਾਸ਼ ਹੁੰਦਾ ਹੈ ਜੀ।ਦਾਸ ਨਾਨਕ ਦੇ ਮਨ ਵਿਚ (ਹਰੀ ਨੂੰ ਮਿਲਣ ਦੀ ਜੋ) ਆਸ ਸੀ, (ਉਹ ਨਾਮ ਜਪਣ ਨਾਲ) ਪੂਰੀ ਹੋ ਗਈ ਹੈ ਜੀ। ੪।੫।੩੧।੬੯।

ਪਦਾਰਥ = ਮੈ–ਮੈਨੂੰ।ਬਿਰਹੁ–ਪ੍ਰੀਤ; ਵਿਯੋਗ ਦਾ ਦਰਦ।ਮਿਤੁ–ਮਿੱਤ੍ਰ।ਮਾਈ–ਹੇ ਮਾਈ।ਸਖਾ–ਮਿੱਤ੍ਰ।੧।ਕੇਰੇ–ਦੇ।ਗੁਰਮੁਖਿ–ਗੁਰੂ ਦੁਆਰਾ।ਬਹੁੜਿ–ਮੁੜ; ਦੁਬਾਰਾ।ਭਵਜਲ–ਸੰਸਾਰ ਸਮੁੰਦਰ ਦੇ।ਫੇਰੇ–ਗੇੜੇ।੨।ਕਿਉ–ਕਿਵੇਂ।ਚਾਉ–ਉਤਸ਼ਾਹ; ਅਨੰਦ ਦੀ ਲਹਿਰ।ਭਾਉ–ਪ੍ਰੇਮ।ਵਡਭਾਗੀ–ਵੱਡੇ ਭਾਗਾਂ ਨਾਲ।੩।ਪਾਸਾ–ਕੋਲ; ਨਾਲ।ਪੂਰਿਅੜੀ–ਪੂਰੀ ਹੋ ਗਈ।੪।੫।੩੧।੬੯।

ਗਉੜੀ ਮਾਝ ਮਹਲਾ ੪ ॥ ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥ ਮਨੁ ਹਰਿ ਰੰਗਿ ਰਤੜਾ, ਹਰਿ ਰਸੁ ਸਦਾ ਪੀਵਾ ਜੀਉ ॥ ਹਰਿ ਪਾਇਅੜਾ ਮਨਿ ਜੀਵਾ ਜੀਉ ॥੧॥ ਹੇ ਭਾਈ! ਮੈਨੂੰ ਪਿਆਰਾ ਨਾਮ ਮਿਲੇ ਤਾਂ ਮੈ ਜਿਉਂਦਾ ਰਹਾਂਗਾ।ਮਨ ਦੇ ਅੰਦਰ ਹਰੀ ਰੂਪ ਅੰਮ੍ਰਿਤ ਹੈ (ਪਰ ਲੱਭਦਾ ਨਹੀਂ, ਉਹ) ਗੁਰੂ ਦੀ ਸਿੱਖਿਆ ਦੁਆਰਾ ਲਵਾਂ (ਤਾਂ ਮਿਲਦਾ ਹੈ) ਜੀ।(ਮੇਰਾ) ਮਨ ਹਰੀ ਦੇ ਰੰਗ ਵਿਚ ਰੰਗਿਆ ਹੋਇਆ ਹੈ ਅਤੇ ਸਦਾ ਹਰੀ ਦਾ ਨਾਮ ਰਸ ਪੀਂਦਾ ਰਹਿੰਦਾ ਹਾਂ ਜੀ ।(ਮੈਂ) ਹਰੀ ਨੂੰ ਪਾ ਲਿਆ ਹੈ ਤੇ ਮਨ ਵਿਚ (ਉਸ ਨੂੰ ਸਿਮਰ ਸਿਮਰ ਕੇ) ਜਿਉਂਦਾ ਹਾਂ ਜੀ।੧।

ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥ ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥ ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥ ਹਉ ਨਾਮ ਵਿਟਹੁ ਕੁਰਬਾਣੁ ਜੀਉ ॥੨॥ ਮੇਰੇ ਮਨ ਤੇ ਤਨ ਵਿਚ ਹਰੀ ਦਾ ਪ੍ਰੇਮ ਰੂਪ ਤੀਰ ਲਗ ਗਿਆ ਹੈ।(ਕਿਉਂ ਕਿ) ਸਿਆਣਾ ਪੁਰਖ ਹਰੀ (ਮੇਰਾ) ਪਿਆਰਾ ਮਿੱਤ੍ਰ ਹੈ ਜੀ।ਸੰਤ ਗੁਰੂ ਸੁਘੜ ਸੁਜਾਣ ਹਰੀ ਨਾਲ ਮਿਲਾ ਦੇਂਦੇ ਹਨ ਜੀ।ਮੈਂ ਨਾਮ ਤੋਂ ਕੁਰਬਾਣ ਜਾਂਦਾ ਹਾਂ ਜੀ।੨।

ਹਉ ਹਰਿ ਹਰਿ ਸਜਣੁ ,ਹਰਿ ਮੀਤੁ ਦਸਾਈ ਜੀਉ ॥ ਹਰਿ ਦਸਹੁ ਸੰਤਹੁ ਜੀ, ਹਰਿ ਖੋਜੁ ਪਵਾਈ ਜੀਉ ॥ ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥ ਹਰਿ ਨਾਮੇ ਨਾਮਿ ਸਮਾਈ ਜੀਉ ॥੩॥ ਹਰੀ (ਜੋ ਮੇਰਾ) ਸੱਜਣ ਮਿਤ੍ਰ ਹੈ, (ਉਸ) ਹਰਿ ਹਰਿ ਨੂੰ ਮੈਂ ਮਿਲਣ ਲਈ ਪੁੱਛਦਾ ਫਿਰਦਾ ਹਾਂ ਜੀ।ਹੇ ਸੰਤੋ ਜੀ! ਮੈਨੂੰ ਹਰੀ ਦੱਸੋ, ਮੈਂ ਹਰੀ ਦੀ ਖੋਜ ਪਵਾਉਂਦਾ (ਕਰਾਉਂਦਾ) ਹਾਂ।(ਜਦ) ਸਤਿਗੁਰੂ ਪ੍ਰਸੰਨ ਹੋਇਆ ਤੇ ਦੱਸਿਆ, ਕਿ ਹਰੀ (ਇਉਂ) ਪਾਈਦਾ ਹੈ।ਨਾਮ ਦੁਆਰਾ ਨਾਮੀ ਹਰੀ ਵਿਚ ਸਮਾ ਜਾਈਦਾ ਹੈ ਜੀ।੩।

ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥ ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ ॥ ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥ਜਨ ਨਾਨਕ ਹਰਿ ਰਸੁ ਪਾਈ ਜੀਉ ॥੪॥੬॥੨੦॥੧੮॥੩੨॥੭੦॥ ਮੈਨੂੰ ਹਰੀ ਦੇ ਵਿਛੋੜੇ ਨੇ ਪ੍ਰੇਮ ਰੂਪ ਪੀੜ ਲਗਾ ਦਿਤੀ ਹੈ।ਹੇ ਗੁਰੂ! ਮੇਰੀ ਸ਼ਰਧਾ ਪੂਰੀ ਕਰ (ਤਾਂ ਕਿ ਮੈਂ ਅਪਣੇ) ਮੂੰਹ ਵਿਚ ਨਾਮ ਅੰਮ੍ਰਿਤ ਪਾਵਾਂ; ਸ਼ਰਧਾ ਪੂਰੀ ਕਰਨ ਵਾਲੇ ਗੁਰੂ ਨੇ ਮੇਰੇ ਮੂੰਹ ਵਿਚ ਨਾਮ ਅੰਮ੍ਰਿਤ (ਦੀ ਬੂੰਦ) ਪਾ ਦਿਤੀ ਹੈ ਜੀ (ਸੰ.ਪੋ.)।ਹੇ ਹਰੀ! ਦਾਸ ਨਾਨਕ ਉਤੇ ਦਿਆਲ ਹੋਵੋ, (ਤਾਂ ਜੋ ਮੈਂ) ਹਰਿ ਨਾਮ ਜਪਦਾ ਰਹਾਂ ਜੀ ਅਤੇ ਹਰਿ ਰਸ ਨੂੰ ਪਾਉਂਦਾ ਰਹਾਂ ਜੀ।੪।੬।੨੦।੧੮।੩੨।੭੦।

ਪਦਾਰਥ = ਬਿਰਹੀ–ਪਿਆਰਾ; ਵਿਛੜਿਆ ਹੋਇਆ (ਮ.ਕੋ.)।ਲੀਵਾ–ਲਵਾਂਗਾ।ਰੰਗਿ ਰਤੜਾ–ਰੰਗਿ ਵਿਚ ਰੰਗਿਆ ਹੋਇਆ। ੧।ਬਾਣੁ–ਤੀਰ।ਪ੍ਰੀਤਮੁ–ਪਿਆਰਾ।ਸੁਜਾਣੁ–ਸਿਆਣਾ।ਸੁਘੜੁ–ਚਤਰ; ਚੰਗੀ ਤਰ੍ਹਾਂ ਘੜਿਆ ਹੋਇਆ।ਹਉ–ਮੈਂ।ਵਿਟਹੁ–ਤੋਂ। ੨।ਦਸਾਈ–ਪੁੱਛਦਾ ਹਾਂ।ਪਵਾਈ–ਪੁਆਉਂਦਾ ਹਾਂ।ਤੁਠੜਾ–ਪ੍ਰਸੰਨ ਹੋਇਆ।ਪਾਈ–ਪਾਈਦਾ ਹੈ।ਨਾਮੇ ਨਾਮਿ–ਨਾਮ ਰਾਹੀਂ ਨਾਮੀ ਵਾਹਿਗੁਰੂ ਵਿਚ।ਸਮਾਈ–ਸਮਾ ਜਾਈਦਾ ਹੈ।੩।ਵੇਦਨ–ਪੀੜ; ਦਰਦ।ਬਿਰਹੁ–ਵਿਛੋੜਾ।ਪੂਰਿ–ਪੂਰੀ ਕਰ।ਪਾਈ–ਮੈਂ ਪਾਵਾਂ।ਹੋਹੁ –ਹੋਵੋ।ਧਿਆਈ–ਮੈਂ ਧਿਆਵਾਂ।੪।੬।੨੦।੧੮।੩੨।੭੦।

All Rights Reserved by Harjinder Singh Gyani | www.GuruGranthVakhyaan.org

ਗਉੜੀ ਮਹਲਾ ੧ = ੨੦ ਸ਼ਬਦ। ਗਉੜੀ ਮਹਲਾ ੩ = ੧੮ ਸ਼ਬਦ। ਗਉੜੀ ਪੂਰਬੀ ਮਹਲਾ ੪ = ੧੨ ਸ਼ਬਦ। ਗਉੜੀ ਗੁਆਰੇਰੀ ਮਹਲਾ ੪ = ੬ ਸ਼ਬਦ। ਗਉੜੀ ਬੈਰਾਗਣਿ ਮਹਲਾ ੪ = ੮ ਸ਼ਬਦ। ਗਉੜੀ ਮਾਝ ਮਹਲਾ ੪ = ੬ ਸ਼ਬਦ (ਮਹਲਾ ੪ ਦੇ ਸ਼ਬਦਾਂ ਦਾ ਕੁਲ ਜੋੜ ੩੨ ਹੈ)। ਹੁਣ ਤਕ ਆਏ ਸਾਰੇ ਸ਼ਬਦਾਂ ਦਾ ਕੁਲ ਜੋੜ ੭੦ ਹੈ।

ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ ੴ ਸਤਿਗੁਰ ਪ੍ਰਸਾਦਿ ॥

ਗੁਰੂ ਅਰਜਨ ਦੇਵ ਜੀ ਦੇ ਚਾਰ ਪਦਿਆਂ ਵਾਲੇ ਸ਼ਬਦ ਰਾਗ ਗਉੜੀ ਵਿਚ ਸ਼ੁਰੂ ਹਨ। ਗੁਆਰੇਰੀ, ਗਉੜੀ ਦੀ ਇਕ ਕਿਸਮ ਹੈ। ਪ੍ਰਮਾਤਮਾ ਇਕ ਹੈ, ਜੋ ਸੱਚੇ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ ਸਹਾਈ ॥੧॥ਰਹਾਉ॥ (ਪ੍ਰਸ਼ਨ) ਹੇ ਮੇਰੇ ਭਾਈ! (ਆਤਮਕ) ਸੁਖ ਕਿਵੇਂ ਪ੍ਰਾਪਤ ਹੁੰਦਾ ਹੈ? ਅਤੇ ਸਹਾਇਤਾ ਕਰਨ ਵਾਲਾ ਹਰੀ ਰਾਮ ਕਿਵੇਂ ਪ੍ਰਾਪਤ ਹੁੰਦਾ ਹੈ?।੧।ਰਹਾਉ।

ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥ ਊਚੇ ਮੰਦਰ ਸੁੰਦਰ ਛਾਇਆ ॥ ਝੂਠੇ ਲਾਲਚਿ ਜਨਮੁ ਗਵਾਇਆ ॥੧॥ (ਉਤਰ, ਹੇ ਭਾਈ! ਜੇ) ਗ੍ਰਿਹਸਤੀ ਹੋ ਕੇ ਆਖੇ ਕਿ ਸਭ ਮਾਇਆ ਮੇਰੀ ਹੈ, ਛੱਤੇ ਹੋਏ ਉਚੇ ਤੇ ਸੁੰਦਰ ਮਕਾਨ (ਮੇਰੇ ਹਨ); ਇਹ ਘਰ ਮੇਰਾ ਹੈ, ਸਾਰੀ ਮਾਇਆ ਮੇਰੀ ਹੈ, ਉਚੇ ਮਕਾਨ ਤੇ ਸੁੰਦਰ ਛਾਂ ਵਾਲੇ ਬਾਗ ਮੇਰੇ ਹਨ, (ਇਨ੍ਹਾਂ ਚੀਜਾਂ ਵਿਚ) ਸੁਖ ਨਹੀਂ ਹੈ।(ਇਸ ਤਰ੍ਹਾਂ ਮਨੁੱਖ ਨੇ) ਝੂਠੇ ਲਾਲਚ ਵਿਚ ਲੱਗ ਕੇ ਅਪਣਾ ਜਨਮ ਬਿਰਥਾ ਗੁਆ ਲਿਆ ਹੈ।੧।

ਅੰਗ ੧੭੬ = ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥੨॥ ਹਾਥੀ ਘੋੜੇ ਦੇਖ ਕੇ (ਮਨੁਖ) ਖੁਸ਼ ਹੁੰਦਾ ਹੈ। ਫੌਜਾਂ ਇਕੱਠੀਆਂ ਕਰਦਾ ਹੈ, ਵਜੀਰ ਤੇ ਨੌਕਰ ਆਦਿ ਰੱਖਦਾ ਹੈ।(ਇਹ ਸਭ ਅਪਣੇ) ਗਲ ਵਿਚ ਹਉਮੈ ਰੂਪ ਫਾਹੀ ਦੀ ਰੱਸੀ ਪਾ ਲੈਂਦਾ ਹੈ।੨।

ਰਾਜੁ ਕਮਾਵੈ ਦਹ ਦਿਸ ਸਾਰੀ ॥ ਮਾਣੈ ਰੰਗ ਭੋਗ ਬਹੁ ਨਾਰੀ ॥ ਜਿਉ ਨਰਪਤਿ ਸੁਪਨੈ ਭੇਖਾਰੀ ॥੩॥ (ਜੇ ਕੋਈ ਮਨੁੱਖ) ਦਸਾਂ ਦਿਸ਼ਾਵਾਂ, ਸਾਰੀ ਧਰਤੀ ਤੇ ਰਾਜ ਕਰਦਾ ਹੋਵੇ। ਬਹੁਤ ਇਸਤ੍ਰੀਆਂ ਨੂੰ ਭੋਗਦਾ ਤੇ (ਸਭ ਤਰ੍ਹਾਂ ਦੇ) ਅਨੰਦ ਮਾਣਦਾ ਹੋਵੇ।(ਅਜੇਹੇ ਮਨੁੱਖ ਨੂੰ ਇਉਂ ਸਮਝੋ) ਜਿਵੇਂ ਕੋਈ ਭਿਖਾਰੀ ਸੁਪਨੇ ਵਿਚ ਰਾਜਾ ਬਣ ਜਾਵੇ (ਸੰ.ਸ; ਫ.ਸ.) ਭਾਵ ਸੁਪਨੇ ਵਿਚ ਰਾਜ ਦੇ ਸਾਰੇ ਸੁਖ ਥੋੜੇ ਸਮੇਂ ਲਈ ਭਰਮ ਮਾਤ੍ਰ ਹਨ, ਰਾਜ ਤੇ ਭੋਗਾਂ ਵਿਚ ਸੁਖ ਨਹੀਂ, ਦੁਖ ਹੀ ਦੁਖ ਹੈ।੩।

ਏਕੁ ਕੁਸਲੁ ਮੋ ਕਉ ਸਤਿਗੁਰੁ ਬਤਾਇਆ ॥ ਹਰਿ ਜੋ ਕਿਛੁ ਕਰੇ, ਸੁ ਹਰਿ ਕਿਆ ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥ ਇਕ (ਆਤਮਕ) ਸੁਖ ਮੈਨੂੰ ਸਤਿਗੁਰੁ ਨੇ ਦਸਿਆ ਹੈ।(ਉਹ ਹੈ ਕਿ) ਹਰੀ ਜੋ ਕੁਛ ਕਰਦਾ ਹੈ, ਉਹ ਹਰੀ ਦਿਆਂ ਭਗਤਾਂ ਨੂੰ ਚੰਗਾ ਲਗਦਾ ਹੈ (ਭਾਣੇ ਵਿਚ ਰਹਿਣ ਨਾਲ ਸੁਖ ਮਿਲਦਾ ਹੈ)। ਦਾਸ ਨਾਨਕ ਆਖਦਾ ਹੈ (ਕਿ ਭਗਤਾਂ ਨੇ) ਹਉਮੈ ਨੂੰ ਮਾਰ ਕੇ (ਅਪਣੇ ਆਪ ਨੂੰ ਹਰੀ ਵਿਚ) ਲੀਨ ਕਰ ਲਿਆ ਹੈ।੪।

ਇਨਿ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥੧॥ਰਹਾਉ ਦੂਜਾ॥ ਹੇ ਮੇਰੇ ਭਾਈ! ਇਸ ਤਰ੍ਹਾਂ (ਰੱਬ ਦੇ ਭਾਣੇ ਵਿਚ ਰਹਿਣ ਨਾਲ) ਸੁਖ ਪ੍ਰਾਪਤ ਹੁੰਦਾ ਹੈ। ਇਉਂ ਸਹਾਇਤਾ ਕਰਨ ਵਾਲਾ ਹਰੀ ਰਾਮ ਪਾ ਲਈਦਾ ਹੈ।੧।ਰਹਾਉ ਦੂਜਾ।

ਪਦਾਰਥ = ਕਿਨ ਬਿਧਿ–ਕਿਸ ਤਰ੍ਹਾਂ; ਕਿਨ੍ਹਾਂ ਤਰੀਕਿਆਂ ਨਾਲ। ਕੁਸਲੁ–ਸੁਖ। ਹੋਤ–ਹੁੰਦਾ ਹੈ। ਭਾਈ–ਹੇ ਭਾਈ। ਕਿਉ–ਕਿਵੇਂ। ਸਹਾਈ–ਸਹਾਇਤਾ ਕਰਨ ਵਾਲਾ।੧।ਰਹਾਉ। ਗ੍ਰਿਹਿ–ਗ੍ਰਿਹਸਤੀ ਹੋ ਕੇ; ਘਰ ਦੇ (ਮੋਹ ਵਿਚ)। ਛਾਇਆ–ਛੱਤੇ ਹੋਏ; (ਬਾਗਾਂ ਦੀ) ਛਾਂ।੧। ਹਸਤੀ–ਹਾਥੀ। ਵਿਗਾਸਾ–ਖੁਸ਼ ਹੁੰਦਾ ਹੈ। ਲਸਕਰ–ਫੌਜ। ਜੋੜੇ–ਜੋੜਦਾ (ਇਕੱਠੀ ਕਰਦਾ) ਹੈ। ਨੇਬ–ਵਜੀਰ। ਖਵਾਸਾ–ਨੌਕਰ। ਗਲਿ–ਗਲ ਵਿਚ। ਜੇਵੜੀ–ਰੱਸੀ। ਫਾਸਾ–ਫਾਹੀ।੨। ਦਹ ਦਿਸ–ਦਸਾਂ ਦਿਸ਼ਾਵਾਂ ਵਿਚ। ਰੰਗ–ਅਨੰਦ; ਮੌਜਾਂ। ਭੋਗ–ਭੋਗਦਾ ਹੈ। ਨਾਰੀ–ਇਸਤ੍ਰੀਆਂ ਨੂੰ। ਨਰਪਤਿ–ਰਾਜਾ। ਭੇਖਾਰੀ–ਮੰਗਤਾ।੩। ਮੋ ਕਉ–ਮੈਨੂੰ। ਬਤਾਇਆ–ਦੱਸਿਆ। ਹਰਿ ਕਿਆ–ਹਰੀ ਦਿਆਂ। ਭਾਇਆ–ਚੰਗਾ (ਮਿੱਠਾ) ਲਗਦਾ ਹੈ। ਸਮਾਇਆ–ਲੀਨ ਹੋ ਗਿਆ।੪।

ਨੋਟ = ਪਹਿਲੇ ਪਦੇ ਦੇ ਦੋਹਾਂ ਪ੍ਰਸ਼ਨਾਂ ਦਾ ਉਤਰ ਅਖੀਰ ਵਿਚ 'ਰਹਾਉ ਦੂਜਾ' ਵਲੀਆਂ ਤੁਕਾਂ ਵਿਚ ਦਿਤਾ ਹੋਇਆ ਹੈ।

All Rights Reserved by Harjinder Singh Gyani | www.GuruGranthVakhyaan.org

ਜਿਉ ਨਰਪਤਿ ਸੁਪਨੈ ਭਿਖਾਰੀ = (ਇਹ ਇਸ ਤਰ੍ਹਾਂ ਹੈ) ਜਿਵੇਂ ਕੋਈ ਰਾਜਾ ਸੁਪਨੇ ਵਿਚ ਮੰਗਤਾ ਬਣ ਜਾਵੇ ਭਾਵ ਕਿ ਇਹ ਆਨ ਸ਼ਾਨ ਛੇਤੀ ਦੂਰ ਹੋ ਜਾਂਦੀ ਹੈ ਅਤੇ ਫਿਰ ਮਨੁੱਖ ਇਉ ਅਫਸੋਸ ਕਰਦਾ ਹੈ ਕਿ ਜਿਵੇਂ ਰਾਜਾ ਅਪਣੇ ਆਪ ਨੂੰ ਸੁਪਨੇ ਵਿਚ ਭਿਖਾਰੀ ਦੇਖ ਕੇ ਕਰਦਾ ਸੀ। ਜਿਵੇਂ = {ਨਰਪਤਿ ਏਕੁ ਸਿਘਾਸਨਿ ਸੋਇਆ, ਸੁਪਨੇ ਭਇਆ ਭਿਖਾਰੀ। ਅਛਤ ਰਾਜ ਬਿਛੁਰਤ ਦੁਖੁ ਪਾਇਆ, ਸੋ ਗਤਿ ਭਈ ਹਮਾਰੀ ੬੫੭} (ਸ਼ਬਦਾਰਥ)। ਸਭ ਨੇ ਇਸੇ ਤਰ੍ਹਾਂ ਦਾ ਅਰਥ ਕੀਤਾ ਹੈ।

ਇਸ ਸ਼ਬਦ ਦੇ ਅਖੀਰ ਵਿਚ ਗਿਣਤੀ ਦਾ ਅੰਕ ੧ ਦਿਤਾ ਹੋਇਆ ਹੈ, ਵੱਡੇ ਜੋੜ ਦਾ ਅੰਕ ੭੧ ਵੀ ਚਾਹੀਦਾ ਸੀ, ਜੋ ਰਹਿ ਗਿਆ ਹੈ। ਅਗਲੇ ਸ਼ਬਦ ਦਾ ਅੰਕ ੨ ਠੀਕ ਹੈ ਅਤੇ ਵੱਡਾ ਜੋੜ ੭੨ ਚਾਹੀਦਾ ਸੀ। ਵੱਡੇ ਜੋੜ ਦੀ ਗਿਣਤੀ ੧੭੪ ਤਕ ਅਪੜਦੀ ਹੈ, ਇਹ ਗੁਰੂ ਗ੍ਰੰਥ ਸਾਹਿਬ ਦੇ ਅੰਗ ੨੦੦ ਤੋਂ ਅੱਗੇ ਬੰਦ ਹੋ ਜਾਂਦੀ ਹੈ।

ਗਉੜੀ ਗੁਆਰੇਰੀ ਮਹਲਾ ੫ ॥ ਕਿਉ ਭ੍ਰਮੀਐ, ਭ੍ਰਮੁ ਕਿਸ ਕਾ ਹੋਈ ॥ ਜਾ ਜਲਿ ਥਲਿ ਮਹੀਅਲਿ ਰਵਿਆ ਸੋਈ ॥ ਗੁਰਮੁਖਿ ਉਬਰੇ, ਮਨਮੁਖਿ ਪਤਿ ਖੋਈ ॥੧॥ (ਹੇ ਭਾਈ! ਅਸੀਂ) ਕਿਉਂ ਭਰਮ ਭੁਲੇਖੇ ਵਿਚ ਪਈਏ, ਭਰਮ ਕਿਸ ਦਾ ਹੁੰਦਾ ਹੈ। ਜਦ ਕਿ ਉਹ ਵਾਹਿਗੁਰੂ ਜਲ ਵਿਚ, ਥਲ ਵਿਚ, ਅਕਾਸ਼ ਤੇ ਧਰਤੀ ਦੇ ਵਿਚਕਾਰ (ਪੁਲਾੜ ਵਿਚ) ਵਿਆਪਕ ਹੋ ਰਿਹਾ ਹੈ। ਗੁਰਮੁਖ (ਭਰਮ ਤੋਂ) ਬਚ ਗਏ ਹਨ ਤੇ ਮਨਮੁਖਾਂ ਨੇ (ਭਰਮ ਵਿਚ ਫਸ ਕੇ ਅਪਣੀ) ਇੱਜਤ ਗੁਆ ਲਈ ਹੈ ।੧।

ਜਿਸੁ ਰਾਖੈ ਆਪਿ ਰਾਮੁ ਦਇਆਰਾ ॥ ਤਿਸੁ ਨਹੀ ਦੂਜਾ ਕੋ ਪਹੁਚਨਹਾਰਾ ॥੧॥ਰਹਾਉ॥ (ਹੇ ਭਾਈ!) ਜਿਸ ਮਨੁੱਖ ਨੂੰ ਦਿਆਲੂ ਰਾਮ ਆਪ (ਹੱਥ ਦੇ ਕੇ) ਰੱਖਦਾ ਹੈ। ਉਸ ਤਕ ਦੂਜਾ ਕੋਈ (ਮਨੁੱਖ) ਪਹੁੰਚਣ ਵਾਲਾ ਨਹੀਂ ਹੁੰਦਾ (ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਉਸ ਦਾ ਨੁਕਸਾਨ ਕਰ ਸਕਦਾ ਹੈ)।੧। ਰਹਾਉ।

ਸਭ ਮਹਿ ਵਰਤੈ ਏਕੁ ਅਨੰਤਾ ॥ ਤਾ ਤੂੰ ਸੁਖਿ ਸੋਉ ਹੋਇ ਅਚਿੰਤਾ ॥ ਓਹੁ ਸਭੁ ਕਿਛੁ ਜਾਣੈ ਜੋ ਵਰਤੰਤਾ ॥੨॥ (ਜਦ) ਸਭ ਵਿਚ ਉਹ ਇਕੋ ਅਨੰਤ ਵਾਹਿਗੁਰੂ ਵਰਤ ਰਿਹਾ ਹੈ। ਤਾਂ ਤੂੰ ਬੇ ਫਿਕਰ ਹੋ ਕੇ ਸੁਖ ਨਾਲ ਸੌਂ ਜਾਹ। (ਕਿਉਂਕਿ ਜਗਤ ਵਿਚ) ਜੋ ਕੁਝ ਵਰਤ ਰਿਹਾ ਹੈ, ਉਹ (ਵਾਹਿਗੁਰੂ) ਸਭ ਕੁਝ ਜਾਣਦਾ ਹੈ।੨।

ਮਨਮੁਖ ਮੁਏ, ਜਿਨ ਦੂਜੀ ਪਿਆਸਾ ॥ ਬਹੁ ਜੋਨੀ ਭਵਹਿ, ਧੁਰਿ ਕਿਰਤਿ ਲਿਖਿਆਸਾ ॥ ਜੈਸਾ ਬੀਜਹਿ ਤੈਸਾ ਖਾਸਾ ॥੩॥ (ਹੇ ਭਾਈ! ਉਹ) ਮਨਮੁਖ (ਆਤਮਕ ਮੌਤੇ) ਮਰੇ ਹੋਏ ਹਨ, ਜਿਨ੍ਹਾਂ ਨੂੰ ਦੂਜੀ (ਮਾਇਕ ਪਦਾਰਥਾਂ ਦੀ) ਪਿਆਸ ਲਗੀ ਹੋਈ ਹੈ। ਉਹ ਬਹੁਤ ਜੋਨੀਆਂ ਵਿਚ ਭਟਕਦੇ ਰਹਿੰਦੇ ਹਨ, (ਕਿਉਂਕਿ) ਪਿਛਲੇ ਕੀਤੇ ਕਰਮਾਂ ਅਨੁਸਾਰ ਧੁਰ ਤੋਂ ਉਨ੍ਹਾਂ ਦੇ ਭਾਗਾਂ ਵਿਚ ਇਹੋ ਲਿਖਿਆ ਹੋਇਆ ਹੈ। (ਕਿਉਂਕਿ ਨੀਯਮ ਹੈ) ਜਿਹੋ ਜਿਹਾ (ਕੋਈ ਜੀਵ) ਬੀਜੇਗਾ, (ਉਸਦਾ) ਉਹੋ ਜਿਹਾ ਫਲ ਖਾਏਗਾ; (ਅੱਗੇ ਨੂੰ ਵੀ ਮਨਮੁਖ) ਜਿਹੋ ਜਿਹਾ ਬੀਜ ਬੀਜਣਗੇ, (ਉਸਦਾ ਫਲ) ਉਹੋ ਜਿਹਾ ਖਾ ਲੈਣਗੇ।੩।

ਦੇਖਿ ਦਰਸੁ ਮਨਿ ਭਇਆ ਵਿਗਾਸਾ ॥ ਸਭੁ ਨਦਰੀ ਆਇਆ ਬ੍ਰਹਮੁ ਪਰਗਾਸਾ ॥ ਜਨ ਨਾਨਕ ਕੀ ਹਰਿ ਪੂਰਨ ਆਸਾ ॥੪॥੨॥੭੧॥ (ਹੇ ਭਾਈ! ਮੈਨੂੰ) ਸਭ ਜਗ੍ਹਾ ਪ੍ਰਮਾਤਮਾ ਹੀ ਪ੍ਰਕਾਸ਼ ਕਰਦਾ ਨਜਰ ਆਇਆ ਹੈ। (ਇਹ) ਦਰਸ਼ਨ ਦੇਖ ਕੇ ਮਨ ਵਿਚ ਅਨੰਦ ਪੈਦਾ ਹੋ ਗਿਆ। ਹਰੀ ਨੇ ਦਾਸ ਨਾਨਕ ਦੀ (ਇਹ) ਆਸ ਪੂਰੀ ਕਰ ਦਿਤੀ ਹੈ।੪।੨।੭੧।

ਪਦਾਰਥ = ਭ੍ਰਮੁ–ਮਿਥਿਆ ਗਿਆਨ (ਹੋਰ ਦਾ ਹੋਰ ਸਮਝਣਾ); ਭੁਲੇਖਾ। ਜਾ–ਜਦ। ਜਲਿ–ਜਲ ਵਿਚ। ਥਲਿ–ਧਰਤੀ ਵਿਚ। ਮਹੀ ਅਲਿ–ਅਕਾਸ਼ ਤੇ ਧਰਤੀ ਦੇ ਵਿਚਕਾਰ (ਪੁਲਾੜ ਵਿਚ)। ਰਵਿਆ–ਫੈਲਿਆ ਹੋਇਆ; ਵਿਆਪਕ ਹੋ ਰਿਹਾ ਹੈ। ਉਬਰੇ–ਬਚ ਗਏ। ਪਤਿ–ਇੱਜਤ।੧। ਰਾਖੈ–ਰੱਖਿਆ ਕਰਦਾ ਹੈ। ਦਇਆਰਾ–ਦਇਆ ਕਰਨ ਵਾਲਾ। ਪਹੁਚਨਹਰਾ–ਬਰਾਬਰੀ ਕਰਨ ਵਾਲਾ।੧। ਰਹਾਉ। ਸੋਉ–ਸੌਂ ਜਾਹ। ਅਚਿੰਤਾ–ਬੇ ਫਿਕਰ ਹੋ ਕੇ। ਵਰਤੰਤਾ–ਵਾਪਰਦਾ ਹੈ।੨। ਮੁਏ–ਮਰੇ (ਸਮਝੋ); ਆਤਮਕ ਮੌਤੇ ਮਰ ਗਏ। ਦੂਜੀ ਪਿਆਸਾ–ਵਾਹਿਗੁਰੂ ਤੋਂ ਬਿਨਾ ਦੂਜੇ ਪਾਸੇ ਦੀ ਤਾਂਘ; ਮਾਇਆ ਦੀ ਤ੍ਰਿਸ਼ਨਾ। ਭਵਹਿ–ਭਟਕਦੇ ਫਿਰਦੇ ਹਨ। ਧੁਰਿ–ਕਰਤਾਰ ਦੀ ਹਜੂਰੀ ਤੋਂ। ਕਿਰਤਿ–ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ। ਲਿਖਿਆਸਾ–ਲਿਖਿਆ ਹੋਇਆ। ਖਾਸਾ–ਖਾਵੇਗਾ।੩। ਭਇਆ–ਹੋ ਗਿਆ। ਵਿਗਾਸਾ–ਅਨੰਦ; ਖੇੜਾ।੪।੨।੭੧।

ਗਉੜੀ ਗੁਆਰੇਰੀ ਮਹਲਾ ੫ ॥ ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥ (ਹੇ ਭਾਈ! ਮਨੁੱਖਾ ਜਨਮ ਮਿਲਣ ਤੋਂ ਪਹਿਲਾਂ ਰੱਬ ਤੋਂ ਭੁੱਲਣ ਕਰਕੇ ਤੇਰੇ) ਕਈ ਜਨਮ ਕੀੜਿਆਂ ਦੇ ਤੇ ਕਈ ਜਨਮ ਪਤੰਗਿਆਂ ਦੇ ਹੋਏ ਹਨ। ਅਨੇਕਾਂ ਜਨਮ ਹਾਥੀਆਂ, ਮੱਛੀਆਂ ਤੇ ਹਿਰਣਾਂ (ਆਦਿ

ਜਾਨਵਰਾਂ) ਦੇ ਹੋਏ ਹਨ। ਕਈ ਜਨਮ (ਤੇਰੇ ਅਨੇਕ ਤਰ੍ਹਾਂ ਦੇ) ਪੰਛੀਆਂ ਤੇ ਸੱਪਾਂ (ਦੀਆਂ ਕਿਸਮਾਂ) ਦੇ ਹੋਏ ਹਨ। ਕਈ ਜਨਮ (ਤੂੰ) ਘੋੜਿਆਂ ਤੇ ਬਲਦਾਂ ਆਦਿ ਦੇ ਦੇਖੇ ਹਨ; (ਲੋਕਾਂ ਦੇ ਸਵਾਰ ਹੋਣ ਲਈ ਕਈ ਜਨਮ) ਵਧੀਆ ਕਿਸਮ ਦੇ ਘੋੜੇ ਬਣਦਾ ਰਿਹਾ ਹੈਂ ਤੇ ਬਲਦ ਬਣ ਕੇ (ਤੂੰ ਖੂਹ, ਗੱਡੇ ਤੇ ਹਲ ਨੂੰ) ਜੋੜਿਆ ਗਿਆ ਹੈਂ।੧।

ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥ (ਹੇ ਭਾਈ!) ਜਗਤ ਦੇ ਮਾਲਕ (ਕਰਤਾਰ) ਨੂੰ ਮਿਲ, (ਉਸ ਨੂੰ ਹੁਣ) ਮਿਲਣ ਦੀ (ਇਹ ਮਨੁੱਖਾ ਜਨਮ ਵਿਚ ਤੇਰੀ) ਵਾਰੀ ਹੈ। (ਕਿਉਂਕਿ) ਬਹੁਤ ਚਿਰ ਬਾਦ (ਤੈਨੂੰ ਮਨੁੱਖਾ) ਦੇਹ ਪ੍ਰਾਪਤ ਹੋਈ ਹੈ।੧।ਰਹਾਉ।

ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥ ਕਈ ਜਨਮ ਸਾਖ ਕਰਿ ਉਪਾਇਆ ॥ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥ ਕਈ ਜਨਮ (ਤੈਨੂੰ) ਪਹਾੜ ਉਤੇ ਪੱਥਰਾਂ ਦੇ ਬਣਾਇਆ ਗਿਆ ਹੈ। ਕਈ ਜਨਮ (ਤੂੰ ਮਾਂ ਦੇ) ਗਰਭ ਵਿਚ ਗਿਰ ਕੇ ਖਰਦਾ ਰਿਹਾ ਹੈਂ। ਕਈ ਜਨਮ ਤੂੰ ਬਨਸਪਤੀ ਕਰਕੇ ਪੈਦਾ ਕੀਤਾ ਜਾਂਦਾ ਰਿਹਾ ਹੈਂ। (ਇਸ ਤਰ੍ਹਾਂ ਤੈਨੂੰ) ਚੁਰਾਸੀ ਲੱਖ ਜੂਨਾਂ ਵਿਚ ਭਵਾਇਆ ਗਿਆ ਹੈ; (ਤੂੰ) ਚੁਰਾਸੀ ਲੱਖ ਜੂਨਾਂ ਵਿਚ ਘੁੰਮਦਾ (ਮਨੁੱਖਾ ਜਨਮ ਵਿਚ) ਆਇਆ ਹੈਂ।੨।

ਸਾਧ ਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥ ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥ (ਤੈਨੂੰ ਮਨੁੱਖਾ) ਜਨਮ ਸਾਧ ਸੰਗਤ ਕਰਨ ਵਾਸਤੇ ਪ੍ਰਾਪਤ ਹੋਇਆ ਹੈ। (ਇਸ ਲਈ ਤੂੰ) ਸੇਵਾ ਕਰ ਅਤੇ ਗੁਰੂ ਦੀ ਮੱਤ ਲੈ ਕੇ ਹਰਿ ਹਰਿ ਨਾਮ ਦਾ ਭਜਨ ਕਰ। (ਵਿਦਿਆ ਦਾ) ਮਾਣ, ਝੂਠ ਬੋਲਣਾ ਤੇ (ਜਾਤ ਦਾ) ਅਭਿਮਾਨ ਛਡ ਦੇਹ। (ਜੇ ਤੂੰ ਇਉਂ) ਜਿਉਂਦਾ ਮਰ ਜਾਵੇਂ ਤਾਂ ਦਰਗਾਹ ਵਿਚ ਪ੍ਰਵਾਨ ਹੋਵੇਂਗਾ।੩।

ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥ ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥ (ਅਖੀਰਲੀ ਤੁਕ ਦੇ ਅਰਥ ਪਹਿਲਾਂ ਹੋਣਗੇ) ਹੇ ਨਾਨਕ! ਹਰਿ ਹਰਿ ਦੇ ਗੁਣ ਗਾਈ ਜਾ ਅਤੇ (ਇਉਂ ਅਰਦਾਸ) ਉਚਾਰਨ ਕਰ। (ਹੇ ਪ੍ਰਭੂ!) ਜੋ ਕੁਛ ਹੋਇਆ ਹੈ ਤੇ (ਅੱਗੇ ਨੂੰ ਜੋ ਹੋਣਾ ਹੈ) ਉਹ ਤੇਰੇ ਤੋਂ ਹੀ ਹੋਵੇਗਾ। ਹੋਰ ਦੂਜਾ ਕੋਈ ਕੁਛ ਕਰਨ ਯੋਗ ਨਹੀਂ ਹੈ। (ਤੈਨੂੰ) ਤਾਂ ਮਿਲਿਆ ਜਾ ਸਕਦਾ ਹੈ, ਜੇ ਤੂੰ ਆਪ (ਮੇਹਰ ਕਰਕੇ) ਮਿਲਾ ਲਵੇਂ।੪।੩।੭੨।

ਪਦਾਰਥ = ਭਏ–ਹੋਏ। ਕੀਟ–(ਰੁੜ੍ਹ ਕੇ ਚਲਣ ਵਾਲੇ) ਕੀੜੇ। ਪਤੰਗਾ–ਉਡਣ ਵਾਲੇ ਕੀੜੇ; ਭਮੱਕੜ; ਪਰਵਾਨਾ। ਗਜ–ਹਾਥੀ। ਮੀਨ–ਮੱਛੀਆਂ। ਕੁਰੰਗਾ–ਹਿਰਣ। ਪੰਖੀ–ਪੰਛੀ। ਸਰਪ–ਸੱਪ। ਹੈਵਰ–ਵਧੀਆ ਘੋੜੇ। ਬ੍ਰਿਖ–ਬਲਦ; ਦਰੱਖਤ। ਜੋਇਓ–ਜੋੜਿਆ ਗਿਆ; ਦੇਖੇ।੧। ਜਗਦੀਸ–ਜਗਤ ਦੇ ਮਾਲਕ ਕਰਤਾਰ ਨੂੰ। ਬਰੀਆ–ਵਾਰੀ; ਵੇਲਾ। ਚਿਰੰਕਾਲ–ਬਹੁਤ ਚਿਰ ਪਿੱਛੋਂ। ਸੰਜਰੀਆ–ਪ੍ਰਾਪਤ ਹੋਈ (ਮਿਲੀ) ਹੈ।੧। ਰਹਾਉ। ਸੈਲ–ਸ਼ਿਲਾ (ਪੱਥਰ); ਚਟਾਨ। ਹਿਰਿ ਖਰਿਆ–ਗਿਰ (ਖਰ; ਛਣ) ਗਿਆ; ਗਰਭ ਪਾਤ ਹੋਣ ਕਰਕੇ ਗਲਦਾ ਰਿਹਾ; (ਅਨੇਕ ਜੂਨਾਂ ਜੋ) ਗਰਭ ਵਿਚ ਪੈਣ ਤੋਂ ਬਿਨਾ ਹਨ ਜਿਵੇਂ ਜਰਮਜ਼, ਬੈਕਟੇਰੀਆ ਆਦਿ। ਸਾਖ ਕਰਿ–ਬਨਸਪਤੀ ਬਣ ਕੇ। ਭ੍ਰਮਾਇਆ–ਭੁਆਇਆ ਗਿਆ; ਗੇੜੇ ਕਢਦਾ ਆਇਆ।੨। ਭਇਓ–ਹੋਇਆ ਹੈ। ਭਜੁ–ਭਜਨ ਕਰ। ਮਾਨੁ–ਹੰਕਾਰ। ਜੀਵਤ ਮਰਹਿ–(ਜੇ ਤੂੰ) ਜੀਵਤ ਭਾਵ ਤੋਂ ਮਰ ਜਾਵੇਂ।੩। ਸੁ–ਉਹ। ਤੁਝ ਤੇ–ਤੇਰੇ ਤੋਂ। ਹੋਗੁ–ਹੋਵੇਗਾ। ਕਰਣੈ ਜੋਗੁ–ਕਰਣ ਦੇ ਲਾਇਕ ਕਰਨ ਦੇ ਸਮਰੱਥ। ਜਾ–ਜੇ; ਜਦ।੪।੩।੭੨।

ਗਉੜੀ ਗੁਆਰੇਰੀ ਮਹਲਾ ੫ ॥ ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥ ਫਲ ਪਾਵਹਿ ਮਿਟੈ ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥੧॥ (ਹੇ ਭਾਈ! ਸਰੀਰ ਰੂਪ) ਕਰਮਾਂ ਦੀ ਧਰਤੀ ਵਿਚ (ਵਾਹਿਗੁਰੂ ਦਾ) ਨਾਮ ਬੀਜੋ (ਸਿਮਰਨ ਕਰੋ। ਤਾਂ ਹਰੀ ਨੂੰ ਮਿਲਣ ਵਾਲਾ) ਤੁਹਾਡਾ ਕੰਮ ਪੂਰਾ ਹੋ ਜਾਵੇਗਾ। (ਜਿਹੜੇ ਪੁਰਖ) ਹਰ ਰੋਜ ਹਰੀ ਦਾ ਜਸ ਤੇ ਹਰੀ ਦੇ ਗੁਣ ਗਾਉਂਦੇ ਹਨ। (ਉਹ ਆਤਮਕ ਸੁਖ ਰੂਪ) ਫਲ ਪਾ ਲੈਂਦੇ ਹਨ ਤੇ (ਉਨ੍ਹਾਂ ਲਈ) ਜਮਾਂ ਦਾ ਡਰ ਮਿਟ ਜਾਂਦਾ ਹੈ।੧।

ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ ॥ ਸੀਘਰ ਕਾਰਜੁ ਲੇਹੁ ਸਵਾਰਿ ॥੧॥ਰਹਾਉ॥ ਹਰਿ ਹਰਿ ਨਾਮ ਹਿਰਦੇ ਦੇ ਅੰਦਰ ਧਾਰਣ ਕਰ ਲੈ। (ਇਸ ਤਰ੍ਹਾਂ ਨਾਮ ਬੀਜਣ ਤੇ ਹਰੀ ਪ੍ਰਾਪਤੀ ਦਾ) ਕੰਮ ਛੇਤੀ ਸਵਾਰ ਲੈ।੧। ਰਹਾਉ।

ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ ॥ ਤਾ ਤੂੰ ਦਰਗਹ ਪਾਵਹਿ ਮਾਨੁ ॥ (ਹੇ ਭਾਈ! ਤੂੰ) ਅਪਣੇ ਪ੍ਰਭੂ ਨਾਲ (ਪ੍ਰਭੂ ਦੀ ਯਾਦ ਵਿਚ) ਸੁਚੇਤ ਰਹੁ (ਸਿਮਰਨ ਵਿਚ ਢਿੱਲ ਮੱਠ ਨਾ ਕਰ)। ਤਾਂ ਤੂੰ ਦਰਗਾਹ ਵਿਚ ਆਦਰ ਪਾ ਸਕੇਂਗਾ।

ਅੰਗ ੧੭੭ = ਉਕਤਿ ਸਿਆਣਪ ਸਗਲੀ ਤਿਆਗੁ ॥ ਸੰਤ ਜਨਾ ਕੀ ਚਰਣੀ ਲਾਗੁ ॥੨॥ (ਹਰ ਤਰ੍ਹਾਂ ਦੀਆਂ ਅਪਣੀਆਂ)

All Rights Reserved by Harjinder Singh Gyani | www.GuruGranthVakhyaan.org

ਸਾਰੀਆਂ ਦਲੀਲਾਂ ਤੇ ਸਿਆਣਪਾਂ ਛੱਡ ਦੇਹ। ਅਤੇ ਸੰਤ ਜਨਾਂ ਦੀ ਚਰਣੀ ਲਗ ਜਾਹ।੨।

ਸਰਬ ਜੀਅ ਹਹਿ ਜਾ ਕੈ ਹਾਥਿ ॥ ਕਦੇ ਨ ਵਿਛੁੜੈ ਸਭ ਕੈ ਸਾਥਿ ॥ ਉਪਾਵ ਛੋਡਿ ਗਹੁ ਤਿਸ ਕੀ ਓਟ ॥ ਨਿਮਖ ਮਾਹਿ ਹੋਵੈ ਤੇਰੀ ਛੋਟਿ ॥੩॥ (ਹੇ ਭਾਈ!) ਸਾਰੇ ਜੀਵ ਜਿਸ (ਪ੍ਰਭੂ) ਦੇ ਹੱਥ ਵਿਚ ਹਨ। (ਉਹ ਪ੍ਰਭੂ) ਸਭ ਦੇ ਨਾਲ ਰਹਿੰਦਾ ਹੈ, ਕਦੇ ਵਿਛੜਦਾ ਨਹੀਂ। (ਅਪਣੇ) ਉਪਾਓ ਛਡ ਕੇ ਉਸ (ਪ੍ਰਭੂ) ਦੀ ਓਟ ਪਕੜ। (ਫਿਰ) ਅੱਖ ਦੇ ਇਕ ਫੋਰ ਜਿੰਨੇ ਸਮੇਂ ਵਿਚ ਤੇਰੀ ਮੁਕਤੀ ਹੋ ਜਾਵੇਗੀ।੩।

ਸਦਾ ਨਿਕਟਿ ਕਰਿ ਤਿਸ ਨੋ ਜਾਣੁ ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ ॥ ਗੁਰ ਕੈ ਬਚਨਿ ਮਿਟਾਵਹੁ ਆਪੁ ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥੪॥੪॥੭੩॥ (ਹੇ ਭਾਈ!) ਉਸ ਪ੍ਰਭੂ ਨੂੰ ਸਦਾ ਨੇੜੇ (ਵਸਦਾ) ਕਰਕੇ ਜਾਣ। (ਅਤੇ ਉਸ) ਪ੍ਰਭੂ ਦੀ ਆਗਿਆ ਸੱਤ ਕਰਕੇ ਮੰਨ। ਗੁਰੂ ਦੇ ਬਚਨਾਂ ਦੁਆਰਾ ਆਪਾ ਭਾਵ ਮਿਟਾ ਲੈ। ਨਾਨਕ (ਗੁਰੂ ਅਰਜਨ ਦੇਵ ਜੀ) ਆਖਦੇ ਹਨ, (ਹੇ ਭਾਈ!) ਹਰਿ ਹਰਿ ਨਾਮ ਰੂਪ ਜਾਪ ਜਪਦਾ ਰਹੁ।੪।੪।੭੩।

ਪਦਾਰਥ = ਕਰਮ ਭੂਮਿ–(ਸਰੀਰ ਰੂਪ) ਕਰਮਾਂ ਦਾ ਖੇਤ; ਹਿੰਦੂ ਮੱਤ ਅਨੁਸਾਰ ਭਾਰਤ ਦੇਸ਼ (ਵਿੰਧੀਆਚਲ ਤੇ ਹਿਮਾਲਾ ਦੇ ਵਿਚਕਾਰ ਦਾ ਦੇਸ਼)। ਬੋਅਹੁ–ਬੀਜੋ। ਕਾਮੁ–ਕੰਮ। ਤ੍ਰਾਸ–ਡਰ। ਜਾਸ–ਜਸ।੧। ਅੰਤਰਿ–ਅੰਦਰ। ਉਰਿ–ਹਿਰਦੇ ਦੇ। ਧਾਰਿ–ਧਾਰਣ ਕਰ; ਟਿਕਾ ਕੇ ਰੱਖ। ਸੀਘਰ–ਛੇਤੀ। ਕਾਰਜੁ–ਕੰਮ।੧। ਰਹਾਉ। ਸਿਉ–ਨਾਲ। ਹੋਹੁ–ਹੋਵੋ। ਸਾਵਧਾਨੁ–ਸੁਚੇਤ; ਸ+ਅਵਧਾਨ–ਧਿਆਨ ਸਹਿਤ। ਮਾਨੁ–ਆਦਰ। ਉਕਤਿ–ਦਲੀਲ; ਕਥਨੀ।੨। ਸਰਬ–ਸਾਰੇ। ਜੀਅ–ਜੀਵ। ਜਾ ਕੈ–ਜਿਸ ਦੇ। ਸਾਥਿ–ਨਾਲ; ਅੰਗ ਸੰਗ। ਉਪਾਵ–ਜਤਨ। ਗਹੁ–ਪਕੜ। ਓਟ–ਆਸਰਾ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਛੋਟਿ–ਛੁੱਟੀ; ਮੁਕਤੀ।੩। ਨਿਕਟਿ–ਨੇੜੇ। ਤਿਸ ਨੋ–ਉਸ ਪ੍ਰਭੂ ਨੂੰ। ਜਾਣੁ–ਸਮਝ। ਸਤਿ–ਅਟੱਲ; ਸੱਚ। ਆਪੁ–ਆਪਾ ਭਾਵ। ਜਪਿ ਜਾਪੁ–ਜਾਪ ਜਪ (ਸਿਮਰਨ ਕਰ)।੪।੪।੭੩।

ਗਉੜੀ ਗੁਆਰੇਰੀ ਮਹਲਾ ੫ ॥ ਗੁਰ ਕਾ ਬਚਨੁ ਸਦਾ ਅਬਿਨਾਸੀ ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥ ਗੁਰ ਕਾ ਬਚਨੁ ਜੀਅ ਕੈ ਸੰਗਿ ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥੧॥ (ਹੇ ਭਾਈ!) ਗੁਰੂ ਦਾ (ਉਚਾਰਿਆ) ਬਚਨ ਸਦਾ ਨਾਸ਼ ਰਹਿਤ ਹੈ ਭਾਵ ਰਹਿਣ ਵਾਲਾ ਹੈ। ਗੁਰੂ ਦੇ ਬਚਨਾਂ ਦੁਆਰਾ (ਜੀਵ ਦੇ ਗਲੋਂ) ਜਮਾਂ ਦੀ ਫਾਸੀ ਕੱਟੀ ਜਾਂਦੀ ਹੈ। ਗੁਰੂ ਦਾ ਬਚਨ ਜੀਵਾਤਮਾ ਦੇ ਸਦਾ ਨਾਲ ਰਹਿੰਦਾ ਹੈ। ਗੁਰੂ ਦੇ ਬਚਨ ਦੁਆਰਾ (ਮਨੁੱਖ) ਹਰੀ ਦੇ ਪ੍ਰੇਮ ਵਿਚ ਲਗਦਾ ਹੈ।੧।

ਜੋ ਗੁਰਿ ਦੀਆ ਸੁ ਮਨ ਕੈ ਕਾਮਿ ॥ ਸੰਤ ਕਾ ਕੀਆ ਸਤਿ ਕਰਿ ਮਾਨਿ ॥੧॥ਰਹਾਉ॥ (ਹੇ ਭਾਈ!) ਜੋ (ਉਪਦੇਸ਼) ਗੁਰੂ ਨੇ ਦਿਤਾ ਹੈ, ਉਹ ਮਨ ਦੇ ਕੰਮ ਆਉਣ ਵਾਲਾ ਹੈ। ਸੰਤ ਗੁਰੂ ਦਾ ਕੀਤਾ ਹੋਇਆ (ਬਚਨ) ਸੱਚ ਕਰਕੇ ਕੇ ਮੰਨ ਲੈ।੧। ਰਹਾਉ।

ਗੁਰ ਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥ ਗੁਰ ਕਾ ਬਚਨੁ ਕਤਹੁ ਨ ਜਾਇ ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ ॥੨॥ ਗੁਰੂ ਦਾ ਬਚਨ ਅਟੱਲ ਹੈ ਤੇ ਕੱਟਣ ਤੋਂ ਰਹਿਤ ਹੈ। ਗੁਰੂ ਦੇ ਬਚਨ ਨੇ ਭਰਮ ਭੇਦ ਕੱਟ ਦਿਤੇ ਹਨ। ਗੁਰੂ ਦਾ ਬਚਨ ਕਦੇ (ਬਿਅਰਥ) ਨਹੀਂ ਜਾਂਦਾ; ਕਦੀ ਵੀ ਹਟਦਾ ਨਹੀਂ, ਸਦਾ ਕਾਇਮ ਰਹਿੰਦਾ ਹੈ, ਕਿਸੇ ਖਾਸ ਸਮੇਂ ਲਈ ਨਹੀਂ, ਸਦਾ ਲਈ ਹੁੰਦਾ ਹੈ (ਸ਼ਬਦਾਰਥ)। ਗੁਰੂ ਦੇ ਬਚਨਾਂ ਦੁਆਰਾ (ਮਨੁੱਖ) ਹਰੀ ਦੇ ਗੁਣ ਗਾਉਂਦਾ ਹੈ।੨।

ਗੁਰ ਕਾ ਬਚਨੁ ਜੀਅ ਕੈ ਸਾਥਿ ॥ ਗੁਰ ਕਾ ਬਚਨੁ ਅਨਾਥ ਕੋ ਨਾਥ ॥ ਗੁਰ ਕੈ ਬਚਨਿ ਨਰਕਿ ਨ ਪਵੈ ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ ॥੩॥ ਗੁਰੂ ਦਾ ਬਚਨ ਜੀਵਾਤਮਾ ਦੇ ਨਾਲ ਰਹਿੰਦਾ ਹੈ। ਗੁਰੂ ਦਾ ਬਚਨ ਅਨਾਥਾਂ ਦਾ ਨਾਥ ਹੈ (ਨਿਆਸਰਿਆਂ ਤੇ ਕੰਗਾਲਾਂ ਨੂੰ ਰਾਜਾ ਬਣਾਉਣ ਵਾਲਾ ਹੈ)। ਗੁਰੂ ਦੇ ਬਚਨਾਂ ਦੀ ਬਰਕਤ ਨਾਲ (ਮਨੁੱਖ) ਨਰਕ ਵਿਚ ਨਹੀਂ ਪੈਂਦਾ। ਗੁਰੂ ਦੇ ਬਚਨਾਂ ਦੁਆਰਾ ਜੀਭ ਅੰਮ੍ਰਿਤ ਰਸ ਮਾਣਦੀ ਹੈ; ਅੰਮ੍ਰਿਤ ਨਾਮ ਉਚਾਰਦੀ ਹੈ।੩।

ਗੁਰ ਕਾ ਬਚਨੁ ਪਰਗਟੁ ਸੰਸਾਰਿ ॥ ਗੁਰ ਕੈ ਬਚਨਿ ਨ ਆਵੈ ਹਾਰਿ ॥ ਜਿਸੁ ਜਨ ਹੋਏ ਆਪਿ ਕ੍ਰਿਪਾਲ ॥ਨਾਨਕ ਸਤਿਗੁਰ ਸਦਾ ਦਇਆਲ ॥੪॥੫॥੭੪॥ ਗੁਰੂ ਦਾ ਬਚਨ (ਮੰਨਣ ਵਾਲਾ ਮਨੁੱਖ) ਸੰਸਾਰ ਵਿਚ ਪ੍ਰਗਟ (ਪ੍ਰਸਿੱਧ) ਹੁੰਦਾ ਹੈ; ਗੁਰੂ ਦਾ ਬਚਨ ਸੰਸਾਰ ਵਿਚ ਪਰਗਟ ਹੈ (ਲੁਕਿਆ ਹੋਇਆ ਨਹੀਂ)। ਗੁਰੂ ਦੇ ਬਚਨਾਂ ਦੁਆਰਾ (ਮਨੁੱਖ ਨੂੰ) ਕਦੇ ਹਾਰ ਨਹੀਂ ਆਉਂਦੀ। ਜਿਸ ਜਨ ਉਤੇ ਪ੍ਰਭੂ ਆਪ ਕ੍ਰਿਪਾਲ ਹੁੰਦਾ ਹੈ। ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਵੀ (ਉਸ ਉਤੇ) ਦਿਆਲ ਹੁੰਦਾ ਹੈ।੪।੫।੭੪।

ਪਦਾਰਥ = ਬਚਨ–ਸ਼ਬਦ; ਬਾਣੀ। ਅਬਿਨਾਸੀ–ਨਾਸ਼ ਰਹਿਤ। ਫਾਸੀ–ਫਾਹੀ। ਜੀਅ–ਜੀਵਾਤਮਾ। ਰਚੈ–ਰਚਦਾ (ਲਗਦਾ) ਹੈ।

All Rights Reserved by Harjinder Singh Gyani | www.GuruGranthVakhyaan.org

ਰੰਗਿ–ਪ੍ਰੇਮ ਵਿਚ।੧।ਸੁ–ਉਹ।ਕਾਮਿ–ਕੰਮ ਆਉਂਦਾ ਹੈ।ਸੰਤ–ਗੁਰੂ।ਸਤਿ–ਅਟੱਲ; ਸੱਚ।ਮਾਨਿ–ਮੰਨ ਲੈ।੧।ਰਹਾਉ । ਅਟਲ–ਨਾ ਟਲਣ ਵਾਲਾ।ਅਛੇਦ–ਅਖੰਡ; ਕੱਟਣ ਜਾਂ ਟੁੱਟਣ ਤੋਂ ਰਹਿਤ।ਭਰਮ–ਸ਼ੰਕਾ; ਭੁਲੇਖਾ।ਭੇਦ–ਵਿਤਕਰੇ।ਕਤਹੁ–ਕਿਤੇ ਵੀ।੨।ਅਨਾਥ–ਯਤੀਮ; ਨਿਖਸਮਾ।ਨਾਥ–ਮਾਲਕ।ਨ ਪਵੈ–ਨਹੀਂ ਪੈਂਦਾ।ਰਸਨਾ–ਜੀਭ।ਰਵੈ–ਮਾਣਦਾ ਹੈ; ਉਚਾਰਦਾ ਹੈ।੩। ਪਰਗਟ–ਪ੍ਰਸਿੱਧ; ਪ੍ਰਤੱਖ।ਹਾਰਿ–(ਜੀਵਨ ਬਾਜੀ ਦੀ) ਹਾਰ।ਜਨ–ਸੇਵਕ।੫।੫।੭੪।

ਗਉੜੀ ਗੁਆਰੇਰੀ ਮਹਲਾ ੫ ॥ ਜਿਨਿ ਕੀਤਾ ਮਾਟੀ ਤੇ ਰਤਨੁ ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨ ॥ ਜਿਨ ਦੀਨੀ ਸੋਭਾ ਵਡਿਆਈ ॥ਤਿਸੁ ਪ੍ਰਭ ਕਉ ਆਠ ਪਹਰ ਧਿਆਈ ॥੧॥ (ਹੇ ਭਾਈ!) ਜਿਸ ਵਾਹਿਗੁਰੂ ਨੇ ਮਿੱਟੀ (ਆਦਿ ਤੱਤਾਂ ਤੋਂ) ਰਤਨ (ਵਰਗਾ ਅਮੋਲਕ ਸਰੀਰ) ਬਣਾਇਆ ਹੈ।ਜਿਸ ਵਾਹਿਗੁਰੂ ਨੇ ਅਪਣੇ ਜਤਨਾਂ ਨਾਲ ਮਾਂ ਦੇ ਗਰਭ ਵਿਚ (ਅੱਗ ਤੋਂ) ਰੱਖਿਆ ਕੀਤੀ; ਜਿਸ ਹਰੀ ਨੇ ਤੇਰੀ ਮਾਂ ਦੇ ਗਰਭ ਵਿਚ ਰੱਖਿਆ ਕੀਤੀ, ਉਸਨੂੰ ਮਿਲਣ ਦਾ ਤੂੰ ਜਤਨ ਕਰ (ਭਾ. ਚੰਦਾ ਸਿੰਘ)। (ਫਿਰ) ਜਿਸ ਨੇ ਸੋਭਾ ਤੇ ਵਡਿਆਈ ਦਿਤੀ।ਅੱਠੇ ਪਹਿਰ (ਮੈਂ) ਉਸ ਪ੍ਰਭੂ ਨੂੰ ਧਿਆਉਂਦਾ ਹਾਂ।੧।

ਰਮਈਆ ਰੇਨੁ ਸਾਧ ਜਨ ਪਾਵਉ ॥ ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥੧॥ਰਹਾਉ॥ ਹੇ ਸੋਹਣੇ ਰਾਮ! (ਮੇਰੇ ਤੇ ਕ੍ਰਿਪਾ ਕਰ, ਮੈਂ) ਸਾਧੂ ਜਨਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਾਂ; ਰਾਮ ਦੇ ਸਾਧੂ ਜਨਾਂ ਦੀ ਚਰਨ ਧੂੜ (ਮੈਂ) ਪ੍ਰਾਪਤ ਕਰਾਂ।ਅਤੇ ਗੁਰੂ ਨੂੰ ਮਿਲ ਕੇ ਅਪਣੇ ਮਾਲਕ ਵਾਹਿਗੁਰੂ ਨੂੰ ਧਿਆਵਾਂ।੧।ਰਹਾਉ।

ਜਿਨਿ ਕੀਤਾ ਮੂੜ ਤੇ ਬਕਤਾ ॥ ਜਿਨਿ ਕੀਤਾ ਬੇਸੁਰਤ ਤੇ ਸੁਰਤਾ ॥ ਜਿਸੁ ਪਰਸਾਦਿ ਨਵੈ ਨਿਧਿ ਪਾਈ ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥੨॥ ਜਿਸ ਵਾਹਿਗੁਰੂ ਨੇ ਮੂਰਖ ਤੋਂ ਵਿਆਖਿਆਕਾਰ ਬਣਾ ਦਿਤਾ।ਜਿਸ ਵਾਹਿਗੁਰੂ ਨੇ ਬੇ ਸਮਝ ਤੋਂ ਸਮਝਦਾਰ ਬਣਾ ਦਿਤਾ।ਜਿਸ ਵਾਹਿਗੁਰੂ ਦੀ ਕਿਰਪਾ ਨਾਲ ਨੌਂ ਨਿਧੀਆਂ ਪਾਈਆਂ ਹਨ।ਉਹ ਪ੍ਰਭੂ ਮੇਰੇ ਮਨ ਤੋਂ ਭੁਲਦਾ ਨਹੀਂ ਹੈ।੨।

ਜਿਨਿ ਦੀਆ ਨਿਥਾਵੇ ਕਉ ਥਾਨੁ ॥ ਜਿਨਿ ਦੀਆ ਨਿਮਾਨੇ ਕਉ ਮਾਨੁ ॥ ਜਿਨਿ ਕੀਨੀ ਸਭ ਪੂਰਨ ਆਸਾ ॥ ਸਿਮਰਉ ਦਿਨੁ ਰੈਨਿ ਸਾਸ ਗਿਰਾਸਾ ॥੩॥ ਜਿਸ ਵਾਹਿਗੁਰੂ ਨੇ ਨਿਥਾਵੇਂ ਨੂੰ ਥਾਂ ਦਿਤਾ ਹੈ।ਜਿਸ ਵਾਹਿਗੁਰੂ ਨੇ ਨਿਮਾਣੇ ਨੂੰ ਮਾਣ ਦਿਤਾ ਹੈ।ਜਿਸ ਵਾਹਿਗੁਰੂ ਨੇ (ਮੇਰੀਆਂ) ਸਾਰੀਆਂ ਆਸਾਂ ਪੂਰੀਆਂ ਕੀਤੀਆਂ ਹਨ।(ਉਸ ਨੂੰ ਮੈਂ) ਦਿਨ ਰਾਤ ਸਾਸ ਗਿਰਾਸ ਸਿਮਰਦਾ ਹਾਂ।੩।

ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥ ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥ ਕਹੁ ਨਾਨਕ ਇਸ ਤੇ ਕਿਛੁ ਨਾਹੀ ॥ ਰਾਖਨਹਾਰੇ ਕਉ ਸਾਲਾਹੀ ॥੪॥੬॥੭੫॥ ਜਿਸ ਵਾਹਿਗੁਰੂ ਦੀ ਕਿਰਪਾ ਨਾਲ ਮਾਇਆ ਦੀ ਫਾਹੀ ਕੱਟੀ ਗਈ ਹੈ।ਗੁਰੂ ਦੀ ਕ੍ਰਿਪਾ ਨਾਲ ਕੌੜੀ ਵਿਹੁ ਅੰਮ੍ਰਿਤ ਹੋ ਗਈ ਹੈ।ਗੁਰੂ ਜੀ ਆਖਦੇ ਹਨ ਕਿ ਇਸ ਜੀਵ ਤੋਂ (ਅਪਣੇ ਬਲ ਨਾਲ ਵਾਹਿਗੁਰੂ ਦੀ ਕ੍ਰਿਪਾ ਤੋਂ ਬਿਨਾ) ਕੁਛ ਨਹੀਂ ਹੋ ਸਕਦਾ।(ਇਸ ਲਈ ਮੈਂ ਇਸ ਦੇ) ਰੱਖਣ ਹਾਰ ਮਾਲਕ ਨੂੰ ਸਲਾਹੁੰਦਾ ਹਾਂ।੪।੬।੭੫।

ਪਦਾਰਥ = ਜਿਨਿ–ਜਿਸ ਵਾਹਿਗੁਰੂ ਨੇ।ਕੀਤਾ–ਬਣਾ ਦਿਤਾ; ਪੈਦਾ ਕੀਤਾ।ਰਤਨੁ–ਅਮੋਲਕ ਮਨੁੱਖਾ ਸਰੀਰ।ਗਰਭ–ਮਾਂ ਦਾ ਪੇਟ।ਧਿਆਈ–ਧਿਆਉਂਦਾ ਹਾਂ।੧।ਰਮਈਆ–ਵਾਹਿਗੁਰੂ।ਰੇਨੁ–ਚਰਨ ਧੂੜ।ਖਸਮੁ–ਮਾਲਕ ਨੂੰ।੧।ਰਹਾਉ।ਮੂੜ–ਮੂਰਖ।ਤੇ –ਤੋਂ।ਬਕਤਾ–ਵਿਆਖਿਆਕਾਰ।ਬੇਸੁਰਤ–ਬੇ ਸਮਝ।ਸੁਰਤਾ–ਸਮਝਦਾਰ; ਸੂਝਵਾਨ।ਪਰਸਾਦਿ–ਕਿਰਪਾ ਨਾਲ।ਨਵੈ ਨਿਧਿ–ਨੌਂ ਖਜਾਨੇ (ਅਮੋਲਕ ਦਾਤਾਂ)।੨।ਥਾਨੁ–ਥਾਂ।ਮਾਨੁ–ਆਦਰ।ਕੀਨੀ–ਕੀਤੀ।ਦਿਨ ਰੈਨਿ–ਦਿਨ ਰਾਤ।ਸਾਸ–ਸਾਹ ਲੈਂਦਿਆਂ। ਗਿਰਾਸਾ–ਖਾਦਿਆਂ ਪੀਂਦਿਆਂ।੩।ਸਿਲਕ–ਰੱਸੀ; ਫਾਹੀ।ਬਿਖੁ–ਜਹਿਰ।ਖਾਟੀ–ਖੱਟੀ; ਕੌੜੀ।੪।੬।੭੫।

ਬਿਖੁ ਖਾਟੀ = ੧. ਵਿਹੁ ਰੂਪ ਵਿਸ਼ਿਆਂ ਵਿਚ ਅੰਮ੍ਰਿਤ ਖੱਟ (ਪ੍ਰਾਪਤ ਕਰ) ਲਿਆ ਹੈ (ਬਾ.ਪ੍ਰ.)।੨. ਵਿਹੁ ਰੂਪ ਕੌੜੀ ਮਾਇਆ ਅੰਮ੍ਰਿਤ ਵਰਗਾ ਸੁਖ ਦੇਣ ਵਾਲੀ ਬਣ ਗਈ।੩. ਵਿਹੁ ਵਰਗੇ ਕੌੜੇ ਦੁਖ ਅੰਮ੍ਰਿਤ ਮਈ ਸੁਖ ਬਣ ਗਏ।

ਗਉੜੀ ਗੁਆਰੇਰੀ ਮਹਲਾ ੫ ॥ ਤਿਸ ਕੀ ਸਰਣਿ ਨਾਹੀ ਭਉ ਸੋਗੁ ॥ ਉਸ ਤੇ ਬਾਹਰਿ ਕਛੂ ਨ ਹੋਗੁ ॥ ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥੧॥ ਉਸ ਵਾਹਿਗੁਰੂ ਦੀ ਸਰਣੀ ਪਿਆਂ ਕੋਈ ਡਰ ਤੇ ਸੋਗ ਨਹੀਂ ਰਹਿੰਦਾ।ਉਸ ਦੇ ਹੁਕਮ ਤੋਂ ਬਾਹਰ ਕੁਛ ਨਹੀਂ ਹੁੰਦਾ।(ਇਸ ਲਈ ਮੈਂ ਅਪਣੀ) ਸਿਆਣਪ, ਬੁੱਧੀ, (ਸਰੀਰ ਤੇ ਧਨ ਆਦਿ ਦਾ) ਬਲ ਤੇ (ਮਨ ਤੇ ਇੰਦ੍ਰੀਆਂ ਦੇ) ਵਿਕਾਰ ਛੱਡ ਦਿਤੇ ਹਨ।(ਵਾਹਿਗੁਰੂ) ਅਪਣੇ ਦਾਸਾਂ ਦੀ ਆਪ (ਪੈਜ) ਰੱਖਣ ਵਾਲਾ ਹੈ।੧।

ਜਪਿ ਮਨ ਮੇਰੇ ਰਾਮ ਰਾਮ ਰੰਗਿ ॥ ਘਰਿ ਬਾਹਰਿ ਤੇਰੈ ਸਦ ਸੰਗਿ ॥੧॥ਰਹਾਉ॥ ਹੇ ਮੇਰੇ ਮਨ! ਪ੍ਰੇਮ ਨਾਲ ਰਾਮ ਰਾਮ ਜਪ।(ਉਹ ਵਾਹਿਗੁਰੂ) ਘਰ ਵਿਚ ਤੇ ਬਾਹਰ ਤੇਰੇ ਅੰਗ ਸੰਗ ਹੈ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਤਿਸ ਕੀ ਟੇਕ ਮਨੈ ਮਹਿ ਰਾਖੁ ॥ (ਹੇ ਭਾਈ!) ਉਸ ਵਾਹਿਗੁਰੂ ਦੀ ਟੇਕ ਮਨ ਵਿਚ ਰੱਖ।
ਅੰਗ ੧੭੮ = ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥ ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥ ਗੁਰੂ ਦਾ ਸ਼ਬਦ ਅੰਮ੍ਰਿਤ ਹੈ, (ਇਸ ਦੇ) ਰਸ ਨੂੰ ਚੱਖ (ਧਾਰਣ ਕਰ।ਨਾਮ ਨੂੰ ਭੁਲਾ ਕੇ ਤੂੰ ਹੀ) ਦੱਸ, ਹੋਰ ਜਤਨ ਤੇਰੇ ਕਿਸ ਕੰਮ ਆ ਸਕਦੇ ਹਨ? (ਵਾਹਿਗੁਰੂ ਦਾ ਨਾਮ ਜਪ, ਉਹ) ਆਪ ਕਿਰਪਾ ਕਰਕੇ ਲਾਜ ਰਖਦਾ ਹੈ।੨।
ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥ ਕਰਣ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰ ਜਾਮੀ ॥੩॥ ਦੱਸੋ, ਮਨੁੱਖ ਕੀ ਚੀਜ ਹੈ? (ਇਸ ਦਾ) ਜੋਰ ਵੀ ਕੀ ਹੈ? (ਇਹ) ਸਭ ਮਾਇਆ ਦਾ ਹੀ ਝੂਠਾ ਰੌਲਾ ਰੱਪਾ ਹੈ। ਕਰਨ ਕਰਾਉਣ ਵਾਲਾ ਤਾਂ ਮਾਲਕ ਆਪ ਹੈ।(ਜੋ) ਸਾਰਿਆਂ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ ਹੈ।੩।
ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥ ਜਾ ਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥੭॥੭੬॥ ਸਾਰੇ ਸੁਖਾਂ ਦਾ ਸੱਚਾ ਸੁਖ ਇਹ ਹੈ।(ਕਿ) ਗੁਰੂ ਦਾ ਉਪਦੇਸ਼ ਮਨ ਵਿਚ ਵਸਾ ਲਵੇ।ਜਿਸ ਮਨੁੱਖ ਨੂੰ ਰਾਮ ਦੇ ਨਾਮ ਦੀ ਲਿਵ ਲੱਗੀ ਹੈ।ਗੁਰੂ ਜੀ ਆਖਦੇ ਹਨ ਕਿ ਉਹ ਵੱਡੇ ਭਾਗਾਂ ਪੁਰਖ ਧੰਨਤਾ ਦੇ ਯੋਗ ਹੈ।੪।੭।੭੬।
ਪਦਾਰਥ = ਭਉ–ਡਰ।ਸੋਗੁ–ਗਮ।ਤੇ–ਤੋਂ।ਹੋਗੁ–ਹੋਵੇਗਾ।ਤਜੀ–ਛੱਡ ਦਿਤੀ।ਬਲ–ਤਾਕਤ।੧।ਰੰਗਿ–ਪ੍ਰੇਮ ਨਾਲ।ਸਦ–ਸਦਾ।੧।ਰਹਾਉ।ਟੇਕ–ਆਸਰਾ।ਚਾਖੁ–ਚੱਖ (ਧਾਰਣ ਕਰ) ਲੈ।ਅਵਰਿ–ਹੋਰ ਦੂਜੇ।ਕਹਹੁ–ਦੱਸ।ਕਉਨ ਕਾਜ–ਕਿਸ ਕੰਮ।ਲਾਜ–ਇੱਜਤ।੨।ਸੋਰ–ਰੌਲਾ ਰੱਪਾ।ਸਗਲ–ਸਾਰੇ।ਘਟਾ–ਦਿਲਾਂ ਦੀ।੩।ਜਾ ਕਉ–ਜਿਸ ਨੂੰ।ਸੋ–ਉਹ।੪।੭।੭੬।
ਗਉੜੀ ਗੁਆਰੇਰੀ ਮਹਲਾ ੫ ॥ ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥ ਵਡੈ ਭਾਗਿ ਪਾਇਆ ਸਾਧ ਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥੧॥ (ਜਿਨ੍ਹਾਂ ਮਨੁੱਖਾਂ ਨੇ) ਹਰੀ ਦੀ ਕਥਾ ਸੁਣ ਕੇ (ਅਪਣੇ ਮਨ ਦੀ) ਮੈਲ ਉਤਾਰ ਲਈ ਹੈ।(ਉਹ) ਪਰਮ ਪਵਿਤ੍ਰ ਹੋ ਗਏ ਹਨ ਤੇ ਭਾਰੀ ਸੁਖਾਂ ਵਾਲੇ ਹੋ ਗਏ ਹਨ।(ਉਨ੍ਹਾਂ ਨੂੰ) ਵੱਡੇ ਭਾਗਾਂ ਨਾਲ ਸਾਧ ਸੰਗ ਪ੍ਰਾਪਤ ਹੋਇਆ ਹੈ।(ਜਿਸ ਦਾ ਸਦਕਾ) ਪ੍ਰਭੂ ਨਾਲ ਪ੍ਰੇਮ ਲਗ ਗਿਆ ਹੈ।੧।
ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥ ੧॥ਰਹਾਉ॥ ਹਰਿ ਹਰਿ ਨਾਮ ਜਪਦਿਆਂ (ਗੁਰੂ ਨੇ ਅਪਣੇ) ਦਾਸ ਨੂੰ ਤਾਰ ਦਿਤਾ ਹੈ।(ਉਸ ਨੂੰ) ਗੁਰੂ ਨੇ ਅੱਗ ਦੇ (ਸੰਸਾਰ) ਸਮੁੰਦਰ ਤੋਂ ਪਾਰ ਲੰਘਾ ਦਿਤਾ ਹੈ।੧।ਰਹਾਉ।
ਕਰਿ ਕੀਰਤਨੁ ਮਨ ਸੀਤਲ ਭਏ ॥ ਜਨਮ ਜਨਮ ਕੇ ਕਿਲ ਵਿਖ ਗਏ ॥ ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥੨॥ (ਨਾਲ ਹੀ ਗੁਰੂ ਨੇ ਕੀਰਤਨ ਦੀ ਦਾਤ ਬਖਸ਼ੀ, ਦਾਸਾਂ ਦੇ) ਮਨ ਕੀਰਤਨ ਕਰ ਕੇ ਸੀਤਲ ਹੋ ਗਏ ਹਨ।(ਜਿਸ ਦਾ ਸਦਕਾ) ਜਨਮਾਂ ਜਨਮਾਂ ਦੇ ਪਾਪ ਨਾਸ਼ ਹੋ ਗਏ ਹਨ।(ਹੁਣ) ਸਾਰੇ ਖਜਾਨਿਆਂ (ਦੇ ਮਾਲਕ ਵਾਹਿਗੁਰੂ) ਨੂੰ ਮਨ ਵਿਚ ਹੀ ਦੇਖ ਲਿਆ ਹੈ।(ਉਸ ਨੂੰ) ਲੱਭਣ ਲਈ (ਉਹ ਦਾਸ ਬਾਹਰ ਹੋਰ ਜਗ੍ਹਾ) ਕਿਸ ਲਈ ਜਾਣ ?।੨।
ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥ ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣ ਤਾਸ ॥੩॥ ਜਦ ਅਪਣੇ ਪ੍ਰਭੂ ਦਿਆਲ ਹੋਏ।ਤਾਂ ਸੇਵਕਾਂ ਦੀ ਘਾਲ ਪੂਰੀ (ਸਫਲ) ਹੋ ਗਈ।(ਪ੍ਰਭੂ ਨੇ) ਬੰਧਨ ਕੱਟ ਕੇ (ਉਨ੍ਹਾਂ ਨੂੰ) ਅਪਣੇ ਦਾਸ ਬਣਾ ਲਿਆ ਹੈ।(ਹੁਣ ਉਹ) ਗੁਣਾਂ ਦੇ ਖਜਾਨੇ ਹਰੀ ਨੂੰ ਤਨ ਮਨ ਤੇ ਬਾਣੀ ਕਰਕੇ ਸਿਮਰਦੇ ਹਨ।੩।
ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥ ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥ ਪੂਰੇ ਗੁਰੂ ਨੇ (ਦਾਸਾਂ ਦਾ) ਸਾਰਾ ਭਰਮ ਦੂਰ ਕਰ ਦਿਤਾ ਹੈ।(ਹੁਣ ਉਹ) ਇਕ ਹਰੀ ਮਨ ਵਿਚ (ਵਸਦਾ ਦਿਸਦਾ ਹੈ) ਤੇ ਉਹੋ ਇਕ ਹਰੀ ਸਭ ਜਗ੍ਹਾ (ਦਿਸਦਾ) ਹੈ।(ਉਹ) ਪੂਰਨ ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ (ਦਿਸਦਾ) ਹੈ।ਗੁਰੂ ਜੀ ਆਖਦੇ ਹਨ ਕਿ ਹਰੀ ਨੂੰ ਸਿਮਰਦਿਆਂ (ਸੇਵਕਾਂ ਨੇ) ਸੁਖ ਪਾਇਆ ਹੈ।੪।੮।੭੭।
ਪਦਾਰਥ = ਮਹਾ ਪੁਨੀਤ–ਪਰਮ ਪਵਿਤ੍ਰ।ਸੁਖ ਸੈਲੁ–ਅਚੱਲ ਸੁਖ (ਮ.ਕੋ.); ਪਹਾੜ ਜਿੰਨਾ (ਬੇਅੰਤ) ਸੁਖ।ਸਿਉ–ਨਾਲ।ਰੰਗੁ–ਪ੍ਰੇਮ।੧।ਜਨੁ–ਦਾਸ ਨੂੰ।ਗੁਰਿ–ਗੁਰੂ ਨੇ।ਪਾਰਿ ਉਤਾਰਿਓ–ਪਾਰ ਕਰਕੇ ਦੂਜੇ ਪਾਸੇ ਪਹੁੰਚਾ ਦਿਤਾ।੧।ਰਹਾਉ।ਕਰਿ–ਕਰ ਕੇ। ਸੀਤਲ–ਸ਼ਾਂਤ; ਠੰਢਾ।ਭਏ–ਹੋ ਗਏ।ਕਿਲਬਿਖ–ਪਾਪ।ਸਰਬ–ਸਾਰੇ।ਨਿਧਾਨ–ਖਜਾਨੇ।ਪੇਖੇ–ਦੇਖੇ।ਕਾਹੇ ਕਉ–ਕਿਸ ਲਈ।੨।ਘਾਲ–ਮਿਹਨਤ।ਗੁਣ ਤਾਸ–ਗੁਣਾਂ ਦਾ ਖਜਾਨਾ ਵਾਹਿਗੁਰੂ।੩।ਏਕੋ–ਇਕ ਪ੍ਰਭੂ।ਸਭ ਠਾਇ–ਸਭ ਜਗ੍ਹਾ।ਪੂਰਨ ਪੂਰਿ–ਪੂਰਨ ਪ੍ਰਭੂ ਵਿਆਪਕ ਹੈ।ਜਾਇ–ਜਗ੍ਹਾ।ਚੁਕਾਇਆ–ਦੂਰ ਕਰ ਦਿਤਾ।੪।੮।੭੭।

ਗਉੜੀ ਗੁਆਰੇਰੀ ਮਹਲਾ ੫ ॥ ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥ ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥ ਪਹਿਲੇ (ਜਿਹੜੇ ਪਿਤਾ ਪਿਤਾਮਾ ਮਾਇਆ ਕੱਠੀ ਕਰਦੇ) ਮਰ ਗਏ ਹਨ, ਉਹ ਪਿੱਛੇ ਪੈ ਗਏ ਭਾਵ ਭੁੱਲ ਗਏ ਹਨ (ਭੁੱਲ ਗਏ ਕਿ ਜੋੜੀ ਹੋਈ ਮਾਇਆ ਉਹ ਇੱਥੇ ਹੀ ਛਡ ਗਏ)।ਜਿਹੜੇ ਬਚੇ ਹੋਏ ਹਨ, ਉਹ (ਮਾਇਆ ਜੋੜਨ ਲਈ) ਲੱਕ ਬੰਨ੍ਹ ਕੇ (ਤਿਆਰ ਹੋਏ) ਖੜੇ ਹਨ।ਜਿਨ੍ਹਾਂ ਧੰਧਿਆਂ ਵਿਚ ਉਹ (ਪਿਤਾ ਪਿਤਾਮਾ) ਚਿੰਬੜੇ ਹੋਏ ਸਨ।ਉਨ੍ਹਾਂ ਤੋਂ ਦੁਗਣੀ ਮਾਇਆ ਉਨ੍ਹਾਂ (ਜਿਉਂਦਿਆਂ) ਨੇ ਦ੍ਰਿੜ ਕਰ ਰੱਖੀ ਹੈ।

ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਸਿ ਜਾਇ ਤਾਹੂ ਲਪਟਾਵੈ ॥੧॥ਰਹਾਉ॥ (ਜੀਵ ਨੂੰ ਮੌਤ ਦਾ) ਉਹ ਵੇਲਾ ਚੇਤੇ ਨਹੀਂ ਆਉਂਦਾ।(ਜਿਸ ਮਾਇਆ ਨੇ) ਨਾਸ਼ ਹੋ ਜਾਣਾ ਹੈ, ਉਸ ਨੂੰ (ਮੁੜ ਮੁੜ) ਚਿੰਬੜਦਾ ਹੈ।੧।ਰਹਾਉ।

ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥ ਸਿਰ ਊਪਰਿ ਠਾਢੋ ਧਰਮਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥ ਮੂਰਖ (ਮਨੁੱਖ) ਦੀ ਦੇਹ ਆਸਾ ਵਿਚ ਜਕੜੀ ਹੋਈ ਹੈ (ਕਿ ਮਰਨਾ ਹੀ ਨਹੀਂ।ਇਹ) ਕਾਮ ਕ੍ਰੋਧ ਤੇ ਮੋਹ ਵਿਚ ਲਪਟਿਆ ਰਹਿੰਦਾ ਹੈ।(ਇਹ ਜਾਣਦਾ ਨਹੀਂ ਕਿ ਲੇਖਾ ਲੈਣ ਵਾਲਾ) ਧਰਮਰਾਜ ਸਿਰ ਉਪਰ ਖੜਾ ਹੈ; ਸਿਰ ਤੇ ਮੌਤ ਖੜੀ ਹੈ। ਜਹਿਰ ਵਰਗੀ ਕੌੜੀ ਮਾਇਆ ਨੂੰ ਮਿੱਠੀ (ਸੁਖ ਦੇਣ ਵਾਲੀ) ਜਾਣ ਕਰਕੇ ਖਾਂਦਾ (ਭੋਗਦਾ) ਹੈ।੨।

ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥ ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥੩॥ (ਮੂਰਖ ਮਨੁੱਖ ਹੰਕਾਰ ਭਰੀਆਂ ਗੱਲਾਂ ਇਉਂ ਕਰਦਾ ਹੈ ਕਿ) ਫਲਾਣੇ ਪੁਰਖ ਨੂੰ ਬੰਨ੍ਹਾਂਗਾ, (ਉਸ ਤੋਂ) ਮੈਂ ਬਦਲਾ ਲਵਾਂਗਾ।ਮੇਰੀ ਜਮੀਨ ਵਿਚ ਕੌਣ ਪੈਰ ਰਖ ਸਕਦਾ ਹੈ? ਮੈਂ ਵਿਦਵਾਨ ਹਾਂ, ਮੈਂ ਚਤਰ ਤੇ ਸਿਆਣਾ ਹਾਂ।ਬੇ ਸਮਝ (ਮਨੁੱਖ ਹੰਕਾਰ ਦੇ ਕਾਰਣ ਅਪਣੇ) ਪੈਦਾ ਕਰਨ ਵਾਲੇ ਹਰੀ ਨੂੰ ਵੀ (ਕੁਛ) ਨਹੀਂ ਸਮਝਦਾ; ਹਰੀ ਨੂੰ ਨਹੀਂ ਜਾਣਦਾ।੩।

ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿ ਆਖਿ ਵਖਾਨੈ ॥ ਜਿਤੁ ਜਿਤੁ ਲਾਵਹਿ, ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥੪॥ (ਜੀਵ ਦੀ ਮੂਰਖਤਾ ਦਸ ਕੇ ਹੁਣ ਬੇ ਵਸੀ ਦਸਦੇ ਹਨ, ਪ੍ਰਭੂ) ਅਪਣੀ ਪ੍ਰਾਪਤੀ ਦੀ ਮਰਿਆਦਾ ਆਪੇ ਜਾਣਦਾ ਹੈ।ਹੋਰ ਕੋਈ ਕੀ ਆਖ ਸਕਦਾ ਹੈ ਜਾਂ ਆਖ ਕੇ ਬਿਆਨ ਕਰ ਸਕਦਾ ਹੈ? ਜਿਧਰ ਜਿਧਰ (ਹੇ ਹਰੀ! ਜੀਵਾਂ ਨੂੰ ਤੂੰ) ਲਾਉਂਦਾ ਹੈ, ਉਧਰ ਉਧਰ ਹੀ (ਜੀਵਾਂ ਨੇ) ਲਗਣਾ ਹੈ।(ਤੇਰੇ ਤੋਂ) ਸਭ ਕਿਸੇ ਨੇ ਅਪਣਾ ਭਲਾ ਹੀ ਮੰਗਣਾ ਹੈ।੪।

ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥ ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੮॥ (ਹੇ ਪ੍ਰਭੂ!) ਸਭ ਕੁਛ ਤੇਰਾ ਹੈ ਤੇ ਤੂੰ (ਸਭ ਦਾ) ਰਚਣਹਾਰ ਹੈਂ।ਤੇਰੇ ਪਾਰ ਉਰਾਰ ਦਾ ਕੋਈ ਅੰਤ ਨਹੀਂ।ਨਾਨਕ ਬੇਨਤੀ ਕਰਦਾ ਹੈ ਕਿ ਅਪਣੇ ਦਾਸ ਨੂੰ (ਇਹ) ਦਾਨ ਦੇਵੋ ਕਿ (ਮੈਨੂੰ) ਤੇਰਾ ਨਾਮ ਕਦੇ ਨਾ ਭੁੱਲੇ।੫।੯।੭੮।

ਪਦਾਰਥ = ਅਗਲੇ–(ਅਪਣੇ ਤੋਂ) ਪਹਿਲੇ।ਸਿ–ਉਹ।ਪਾਛੈ ਪਰੇ–ਪਿੱਛੇ ਪੈ ਗਏ (ਭੁੱਲ ਗਏ)।ਉਬਰੇ–ਬਚੇ ਹੋਏ (ਜਿਉਂਦੇ) ਹਨ।ਸੇ–ਉਹ।ਬੰਧਿ ਲਕੁ–ਲੱਕ ਬੰਨ੍ਹ ਕੇ।ਖਰੇ–ਖੜ੍ਹੇ ਹਨ।ਓਇ–ਉਹ (ਪਿਤਾ ਪਿਤਾਮਾ)।ਲਪਟਾਏ–ਫਸੇ ਹੋਏ ਸਨ।ਉਨ ਤੇ–ਉਨ੍ਹਾਂ ਤੋਂ।ਦਿੜੀ–ਪੱਕੀ ਠਾਣ ਲਈ ਹੈ।ਮਾਏ–ਮਾਇਆ।੧।ਬੇਲਾ–ਸਮਾਂ।ਚੀਤਿ–ਚੇਤੇ; ਚਿਤ ਵਿਚ।ਤਾਹੂ–ਉਸ ਨਾਲ।੧।ਰਹਾਉ। ਬੰਧੀ–ਬੱਝੀ ਹੋਈ।ਅਸਨੇਹ–ਮੋਹ।ਠਾਢੋ–ਖੜਾ ਹੈ।ਬਿਖਿਆ–ਮਾਇਆ।੨।ਹਉ–ਮੈਂ।ਬੰਧਉ–ਬੰਨ੍ਹਾਂਗਾ।ਸਾਧਉ ਬੈਰੁ–ਬਦਲਾ ਲਵਾਂਗਾ।ਭੂਮਿ–ਜਮੀਨ ਉਤੇ।ਘਾਲੈ ਪੈਰੁ–ਪੈਰ ਰੱਖ ਸਕਦਾ ਹੈ।ਬਿਗਾਨਾ–ਬੇ+ਗਿਆਨਾ–ਗਿਆਨ ਹੀਣ (ਬੇ ਸਮਝ)।ਕਰਣੈਹਾਰੁ –ਸਿਰਜਨਹਾਰ ਹਰੀ ਨੂੰ।ਨ ਬੁਝੈ–ਨਹੀਂ ਜਾਣਦਾ।੩।ਗਤਿ ਮਿਤਿ–ਪ੍ਰਾਪਤੀ ਦੀ ਮਰਿਆਦਾ; ਗਿਆਨ ਤੇ ਮਰਿਆਦਾ (ਮ.ਕੋ.)। ਕੋ–ਕੋਈ (ਮਨੁੱਖ)।ਜਿਤੁ–ਜਿਧਰ; ਜਿਸ ਪਾਸੇ।ਸਭ ਕਾਹੂ–ਸਭ ਕਿਸੇ ਨੇ।੪।ਕਰਣੈਹਾਰੁ–ਰਚਣਹਾਰ।ਪਾਰਾਵਾਰੁ–ਪਾਰ ਵਾਲਾ ਤੇ ਉਰਲਾ ਕਿਨਾਰਾ।੫।੯।੭੮।

ਗਉੜੀ ਗੁਆਰੇਰੀ ਮਹਲਾ ੫ ॥ ਅਨਿਕ ਜਤਨ ਨਹੀ ਹੋਤ ਛੁਟਾਰਾ ॥ ਬਹੁਤੁ ਸਿਆਣਪ ਆਗਲ ਭਾਰਾ ॥ ਹਰਿ ਕੀ ਸੇਵਾ ਨਿਰਮਲ ਹੇਤ ॥ ਪ੍ਰਭ ਕੀ ਦਰਗਹ ਸੋਭਾ ਸੇਤ ॥੧॥ ਅਨੇਕਾਂ ਜਤਨ ਕਰਨ ਨਾਲ ਵੀ (ਮਾਇਆ ਦੇ ਮੋਹ ਤੋਂ) ਛੁਟਕਾਰਾ ਨਹੀਂ ਹੁੰਦਾ।ਬਹੁਤੀਆਂ ਸਿਆਣਪਾਂ (ਸੱਗੋਂ ਵਿਹਾਰਾਂ ਦੇ) ਬਹੁਤੇ ਭਾਰ ਦਾ ਕਾਰਣ ਹਨ।ਹਰੀ ਦੀ ਸੇਵਾ ਸ਼ੁੱਧ ਪਿਆਰ ਨਾਲ ਕਰੀਏ।ਤਾਂ ਪ੍ਰਭੂ ਦੇ ਦਰਬਾਰ ਵਿਚ ਸ਼ਾਨ ਨਾਲ ਜਾਈਦਾ ਹੈ; ਰੱਬ ਦੇ ਦਰਬਾਰ ਵਿਚ ਉਜਲ ਸੋਭਾ ਹੁੰਦੀ ਹੈ।੧।

ਅੰਗ ੧੭੯ = ਮਨ ਮੇਰੇ, ਗਹੁ ਹਰਿ ਨਾਮ ਕਾ ਓਲਾ ॥ ਤੁਝੈ ਨ ਲਾਗੈ ਤਾਤਾ ਝੋਲਾ ॥੧॥ਰਹਾਉ॥ ਹੇ ਮੇਰੇ ਮਨ! ਹਰੀ ਦੇ

All Rights Reserved by Harjinder Singh Gyani | www.GuruGranthVakhyaan.org

ਨਾਮ ਦਾ ਆਸਰਾ ਪਕੜ ਲੈ।(ਫਿਰ) ਤੈਨੂੰ ਤੱਤੀ ਹਵਾ ਦਾ ਬੁੱਲਾ ਵੀ ਨਹੀਂ ਲੱਗੇਗਾ।੧।ਰਹਾਉ।

ਜਿਉ ਬੋਹਿਥੁ ਭੈ ਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ ॥ ਅਗਨਿ ਸੀਤ ਕਾ ਲਾਹਸਿ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥੨॥ ਜਿਵੇਂ ਡਰਾਉਣੇ ਸਮੁੰਦਰ ਵਿਚ ਜਹਾਜ (ਮਨੁੱਖ ਨੂੰ ਪਾਰ ਕਰ ਦੇਂਦਾ) ਹੈ।ਜਿਵੇਂ ਹਨ੍ਹੇਰੇ ਵਿਚ ਦੀਵੇ ਚਾਨਣਾ ਕਰਦੇ ਹਨ।ਜਿਵੇਂ ਅੱਗ ਪਾਲੇ ਦਾ ਦੁਖ ਉਤਾਰ ਦੇਂਦੀ ਹੈ।(ਇਸੇ ਤਰ੍ਹਾਂ) ਨਾਮ ਜਪਣ ਨਾਲ ਮਨ ਵਿਚ ਸੁੱਖ ਹੁੰਦਾ ਹੈ।੨।

ਉਤਰਿ ਜਾਇ ਤੇਰੇ ਮਨ ਕੀ ਪਿਆਸ ॥ ਪੂਰਨ ਹੋਵੈ ਸਗਲੀ ਆਸ ॥ ਡੋਲੈ ਨਾਹੀ ਤੁਮਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥੩॥ (ਅਖੀਰਲੀ ਤੁਕ ਦਾ ਅਰਥ ਪਹਿਲਾਂ ਲੱਗੇਗਾ) ਹੇ ਮਿੱਤ੍ਰ! ਗੁਰੂ ਦੁਆਰਾ ਅੰਮ੍ਰਿਤ ਨਾਮ ਨੂੰ ਜਪ।ਤੇਰੇ ਮਨ ਦੀ ਪਿਆਸ ਉਤਰ ਜਾਵੇਗੀ।ਅਤੇ ਸਾਰੀ ਆਸ ਪੂਰੀ ਹੋ ਜਾਵੇਗੀ।ਤੇਰਾ ਚਿਤ ਵੀ ਨਹੀਂ ਡੋਲੇਗਾ।੩।

ਨਾਮੁ ਅਉਖਧੁ ਸੋਈ ਜਨੁ ਪਾਵੈ ॥ ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥ ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ ॥ ਦੂਖੁ ਦਰਦੁ ਤਿਹ ਨਾਨਕ ਨਸੈ ॥੪।੧੦॥੭੯॥ (ਹੇ ਭਾਈ!) ਨਾਮ ਰੂਪ ਦਵਾਈ ਉਹ ਪੁਰਖ ਹੀ ਪ੍ਰਾਪਤ ਕਰਦਾ ਹੈ।ਜਿਸ ਨੂੰ ਪ੍ਰਭੂ ਆਪ ਕਿਰਪਾ ਕਰਕੇ (ਗੁਰੂ ਪਾਸੋਂ) ਦਿਵਾਉਂਦਾ ਹੈ।ਹਰਿ ਹਰਿ ਨਾਮ ਜਿਸ (ਪੁਰਖ) ਦੇ ਹਿਰਦੇ ਵਿਚ ਵਸ ਜਾਂਦਾ ਹੈ।ਗੁਰੂ ਜੀ ਆਖਦੇ ਹਨ ਕਿ ਉਸ ਦਾ (ਹਰ ਪ੍ਰਕਾਰ ਦਾ) ਦੁਖ ਦਰਦ ਨੱਸ ਜਾਂਦਾ ਹੈ।੪।੧੦।੭੯।

ਪਦਾਰਥ = ਛੁਟਾਰਾ–ਛੁਟਕਾਰਾ।ਆਗਲ–ਬਹੁਤਾ।ਹੇਤ–ਹਿਤ–ਪਿਆਰ।ਸੋਭਾ–ਸ਼ਾਨ।ਸੇਤ–ਸੇਤੀ (ਨਾਲ); ਚਿੱਟਾ; ਉਜਲ।੧।ਗਹੁ–ਫੜ।ਓਲਾ–ਆਸਰਾ।ਤਾਤਾ ਝੋਲਾ–ਤੱਤੀ ਹਵਾ ਦਾ ਝੋਕਾ (ਬੁੱਲਾ) ਭਾਵ ਬਹੁਤਾ ਦੁਖ।੧।ਰਹਾਉ।ਬੋਹਿਥੁ–ਜਹਾਜ।ਭੈ ਸਾਗਰ–ਡਰਾਉਣਾ ਸਮੁੰਦਰ।ਅੰਧਕਾਰ–ਹਨ੍ਹੇਰਾ।ਦੀਪਾਹਿ–ਚਾਨਣਾ ਕਰਦੇ ਹਨ; ਜਗਦੇ ਹਨ।ਸੀਤ–ਠੰਢ।ਲਾਹਸਿ–ਲਾਹ ਦੇਂਦੀ ਹੈ।੨।ਪਿਆਸ–ਤ੍ਰਿਸ਼ਨਾ ਦੀ ਪਿਆਸ।ਸਗਲੀ–ਸਾਰੀ।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਮੀਤੁ–ਹੇ ਮਿਤ੍ਰ।੩।ਅਉਖਧੁ–ਦਵਾਈ।ਸੋਈ–ਉਹ।ਜਾ ਕੈ–ਜਿਸ ਦੇ।ਤਿਹ–ਉਸ ਦਾ।ਨਸੈ–ਦੌੜ ਜਾਂਦਾ ਹੈ।੪।੧੦।੭੯।

ਗਉੜੀ ਗੁਆਰੇਰੀ ਮਹਲਾ ੫ ॥ ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥ ਅਨਿਕ ਰੂਪ ਦੇਖਿ ਨਹ ਪਤੀਆਨਾ ॥ ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥ ਓਹ ਬਿਨਸੈ ਓਇ ਭਸਮੈ ਢੇਰੀ ॥੧॥ ਬਹੁਤਾ ਧਨ ਇਕੱਠਾ ਕਰਕੇ ਵੀ (ਮਨੁੱਖ ਦਾ) ਮਨ ਨਹੀਂ ਰੱਜਦਾ।ਅਨੇਕ ਤਰ੍ਹਾਂ ਦੇ ਸੁੰਦਰ ਰੂਪ ਦੇਖ ਕੇ ਵੀ (ਮਨ) ਨਹੀਂ ਪਤੀਜਦਾ (ਤਸੱਲੀ ਨਹੀਂ ਹੁੰਦੀ।ਇਹ ਮੇਰਾ) ਪੁਤ੍ਰ ਹੈ ਤੇ ਮੇਰੀ ਇਸਤ੍ਰੀ ਹੈ, (ਇਹ) ਜਾਣ ਕੇ (ਇਨ੍ਹਾਂ ਦੇ ਮੋਹ ਵਿਚ) ਫਸਿਆ ਪਿਆ ਹੈ।(ਪਰ) ਉਹ ਧਨ ਨਾਸ਼ ਹੋ ਜਾਣਾ ਹੈ ਤੇ ਉਹ (ਪੁਤ੍ਰ ਇਸਤ੍ਰੀ ਆਦਿ) ਸੁਆਹ ਦੀ ਢੇਰੀ ਹੋ ਜਾਣੇ ਹਨ (ਕੋਈ ਵੀ ਚੀਜ ਸਾਥ ਨਹੀਂ ਨਿਭਦੀ)।੧।

ਬਿਨੁ ਹਰਿ ਭਜਨ ਦੇਖਉ ਬਿਲਲਾਤੇ ॥ ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥੧।ਰਹਾਉ॥ ਵਾਹਿਗੁਰੂ ਦੇ ਭਜਨ ਤੋਂ ਬਿਨਾ (ਸਾਰੇ ਜੀਵ) ਰੋਂਦੇ ਹੀ ਦੇਖੀਦੇ ਹਨ।ਜਿਹੜੇ ਲੋਕ ਮਾਇਆ (ਦੇ ਮੋਹ) ਨਾਲ ਮਗਨ ਹਨ; ਮਾਇਆ ਦੇ ਪ੍ਰੇਮ ਨਾਲ ਰੰਗੇ ਹੋਏ ਹਨ, (ਉਨ੍ਹਾਂ ਦਾ) ਸਰੀਰ ਵੀ ਧ੍ਰਿਗ ਹੈ, ਧਨ ਵੀ ਧ੍ਰਿਗ ਹੈ।੧।ਰਹਾਉ।

ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥ ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥ ਜਿਉ ਸੁਪਨੈ ਹੋਇ ਬੈਸਤ ਰਾਜਾ ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥੨॥ (ਇਹ ਮਾਇਆ ਤਾਂ ਇਉਂ ਹੈ) ਜਿਵੇਂ ਬਿਗਾਰ ਕਰਨ ਵਾਲੇ ਦੇ ਸਿਰ ਤੇ ਪੈਸੇ ਚੁਕਾ ਦਿਤੇ ਜਾਂਦੇ ਹਨ, (ਉਸ ਨੂੰ ਕੀ ਲਾਭ?) ਉਹ ਪੈਸੇ ਤਾਂ ਮਾਲਕ ਦੇ ਘਰ ਚਲੇ ਜਾਣੇ ਹਨ, ਉਸ (ਬਿਗਾਰੀ) ਨੇ ਤਾਂ (ਬਿਨਾ ਕੁਝ ਪ੍ਰਾਪਤ ਕੀਤਿਆਂ ਭਾਰ ਚੁੱਕਣ ਦਾ) ਦੁੱਖ ਹੀ ਸਹਾਰਿਆ ਹੈ।ਜਿਵੇਂ (ਕੋਈ ਗਰੀਬ ਮਨੁੱਖ) ਸੁਪਨੇ ਵਿਚ ਰਾਜਾ ਬਣ ਕੇ ਬੈਠਦਾ ਹੈ।(ਪਰ) ਜਦ ਅੱਖਾਂ ਖੋਲ੍ਹਦਾ ਹੈ ਤਾਂ (ਸੁਪਨੇ ਵਿਚ ਰਾਜ ਦਾ) ਕੰਮ ਵਿਅਰਥ (ਦਿਸ ਪੈਂਦਾ) ਹੈ।੨।

ਜਿਉ ਰਾਖਾ ਖੇਤ ਊਪਰਿ ਪਰਾਏ ॥ ਖੇਤੁ ਖਸਮ ਕਾ ਰਾਖਾ ਉਠਿ ਜਾਇ ॥ ਉਸੁ ਖੇਤ ਕਾਰਣਿ ਰਾਖਾ ਕੜੈ ॥ ਤਿਸ ਕੈ ਪਾਲੈ ਕਛੂ ਨ ਪੜੈ ॥੩॥ ਜਿਵੇਂ ਪਰਾਏ ਖੇਤ ਉਤੇ ਰਾਖਾ (ਰਾਖੀ ਲਈ ਬੈਠਦਾ) ਹੈ।(ਪਰ) ਖੇਤ ਤਾਂ ਮਾਲਕ ਦਾ ਹੀ ਰਹਿੰਦਾ ਹੈ ਤੇ ਰਾਖਾ ਉਠ (ਖੇਤ ਛੱਡ) ਕੇ ਚਲੇ ਜਾਂਦਾ ਹੈ।ਉਸ ਖੇਤ (ਦੀ ਰਾਖੀ) ਕਾਰਣ ਦੁਖ ਝੱਲਦਾ ਹੈ।(ਪਰ ਮਿਲੀ ਮਜਦੂਰੀ ਤੋਂ ਬਿਨਾ ਹੋਰ) ਉਸ ਦੇ ਪੱਲੇ ਕੁਛ ਨਹੀਂ ਪੈਂਦਾ (ਤਿਵੇਂ ਜੀਵ ਦੁਨੀਆਂ ਵਿਚ ਰਹਿੰਦਿਆਂ ਧਨ ਸੰਪਤੀ ਨੂੰ ਅਪਣੀ ਸਮਝਦਾ ਹੈ।ਜੋ ਕੁਛ ਉਸ ਨੇ ਖਾ ਪੀ ਲਿਆ, ਉਸ ਤੋਂ ਬਿਨਾ ਜੀਵ ਦੇ ਪੱਲੇ ਕੁਛ ਨਹੀਂ ਪੈਂਦਾ।ਖਾਲੀ ਹੱਥ ਸੰਸਾਰ ਤੋਂ ਉਠ ਕੇ ਚਲਾ ਜਾਂਦਾ ਹੈ)।੩।

ਜਿਸ ਕਾ ਰਾਜੁ ,ਤਿਸੈ ਕਾ ਸੁਪਨਾ ॥ ਜਿਨਿ ਮਾਇਆ ਦੀਨੀ, ਤਿਨਿ ਲਾਈ ਤ੍ਰਿਸਨਾ ॥ ਆਪਿ ਬਿਨਾਹੇ ਆਪਿ ਕਰੇ ਰਾਸਿ ॥

www.guruGranthVakhyaan.orgASAP

ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥ (ਜੀਵ ਦੇ ਵਸ ਵਿਚ ਕੁਛ ਨਹੀਂ, ਸੁਪਨੇ ਵਿਚ) ਜਿਸ ਪ੍ਰਭੂ ਦਾ ਦਿਤਾ ਰਾਜ ਮਿਲਦਾ ਹੈ, ਸੁਪਨਾ ਵੀ ਉਸੇ ਪ੍ਰਭੂ ਦਾ ਦਿਤਾ ਹੋਇਆ ਹੁੰਦਾ ਹੈ। ਜਿਸ ਪ੍ਰਭੂ ਨੇ (ਮਨੁੱਖ ਨੂੰ) ਮਾਇਆ ਦਿਤੀ ਹੈ, ਉਸੇ ਨੇ (ਮਾਇਆ ਦੀ) ਤ੍ਰਿਸ਼ਨਾ ਲਾਈ ਹੈ। (ਸ੍ਰਿਸਟੀ ਨੂੰ ਪ੍ਰਭੂ) ਆਪ ਹੀ ਬਣਾਉਂਦਾ ਹੈ ਤੇ ਆਪ ਹੀ ਨਾਸ਼ ਕਰਦਾ ਹੈ। ਨਾਨਕ ਪ੍ਰਭੂ ਅੱਗੇ (ਮਾਇਆ ਤੋਂ ਬਚਣ ਲਈ) ਅਰਦਾਸ ਕਰਦਾ ਹੈ।੪।੧੧।੮੦।

ਜਿਸ ਕਾ ਰਾਜੁ = ੧. ਸੁਪਨਾ ਵੀ ਉਹ ਵਾਹਿਗੁਰੂ ਹੀ ਰਚਦਾ ਹੈ ਤੇ ਸੁਪਨੇ ਵਿਚ ਰਾਜ ਵੀ ਉਹੀ ਦੇਂਦਾ ਹੈ।੨. ਜਿਸ ਵਾਹਿਗੁਰੂ ਦਾ ਰਾਜ (ਸਾਰੇ ਸੰਸਾਰ ਤੇ ਚਲ ਰਿਹਾ) ਹੈ, ਸੁਪਨੇ ਵਤ ਸੰਸਾਰ ਵੀ ਉਸੇ ਵਾਹਿਗੁਰੂ ਦਾ (ਰਚਿਆ ਹੋਇਆ) ਹੈ।

ਪਦਾਰਥ = ਦਰਬੁ–ਧਨ। ਕਰਿ–(ਇਕੱਠਾ) ਕਰ ਕੇ। ਨ ਅਘਾਨਾ–ਨਹੀਂ ਰੱਜਿਆ। ਨਹ ਪਤੀਆਨਾ–ਪਤੀਜਿਆ ਨਹੀਂ; ਤਸੱਲੀ ਨਹੀਂ ਹੋਈ। ਕਲਤ੍ਰ–ਇਸਤ੍ਰੀ। ਉਰਝਿਓ–ਫਸਿਆ ਹੈ। ਜਾਨਿ–ਜਾਣ ਕੇ; ਸਮਝ ਕੇ। ਭਸਮੈ–ਸੁਆਹ ਦੀ।੧। ਬਿਲਲਾਤੇ–ਵਿਲਕਦੇ ਹਨ; ਰੋਂਦੇ ਹਨ। ਰਾਤੇ–ਮਗਨ ਹਨ; ਰੰਗੇ ਹਨ।੧। ਰਹਾਉ। ਬਿਗਾਰੀ–ਬਿਗਾਰ ਦਾ ਕੰਮ ਕਰਨ ਵਾਲਾ। ਸਿਰਿ–ਸਿਰ ਉਤੇ। ਦੀਜਹਿ–(ਚੁਕਾ) ਦਿਤੇ ਜਾਂਦੇ ਹਨ। ਦਾਮ–ਰੁਪਏ ਪੈਸੇ। ਖਸਮੈ–ਮਾਲਕ ਦੇ। ਗ੍ਰਿਹਿ–ਘਰ ਵਿਚ। ਉਨਿ–ਉਸ (ਬਿਗਾਰੀ) ਨੇ। ਸਹਾਮ–ਸਹਾਰਿਆ। ਪਸਾਰੈ–ਖੋਲ੍ਹਦਾ ਹੈ। ਨਿਰਾਰਥ–ਵਿਅਰਥ।੨। ਰਾਖਾ–(ਖੇਤੀ ਦੀ) ਰਾਖੀ ਕਰਨ ਵਾਲਾ ਵਾਲਾ। ਪਰਾਏ–ਕਿਸੇ ਹੋਰ ਦੂਜੇ ਦਾ। ਕਾਰਣਿ–ਵਾਸਤੇ। ਕੜੈ–ਕੁੜ੍ਹਦਾ (ਦੁਖੀ ਹੁੰਦਾ) ਹੈ। ਪਾਲੈ–ਪੱਲੇ ਵਿਚ। ਨ ਪੜੈ–ਨਹੀਂ ਪੈਂਦਾ।੩। ਜਿਸ ਕਾ–ਜਿਸ ਪ੍ਰਭੂ ਦਾ। ਬਿਨਾਹੇ–ਨਾਸ਼ ਕਰਦਾ ਹੈ। ਕਰੇ ਰਾਸਿ–ਸੁਆਰਦਾ ਹੈ; ਪੈਦਾ ਕਰਦਾ ਹੈ।੪।੧੧।੮੦।

ਗਉੜੀ ਗੁਆਰੇਰੀ ਮਹਲਾ ੫ ॥ ਬਹੁ ਰੰਗ ਮਾਇਆ, ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥ ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥ (ਮੈਂ) ਬਹੁਤ ਰੰਗਾਂ ਵਾਲੀ ਮਾਇਆ ਕਈ ਤਰ੍ਹਾਂ ਨਾਲ (ਮੋਂਹਦੀ) ਦੇਖੀ ਹੈ। (ਮਾਇਆ ਕਿਵੇਂ ਵਿਆਪ ਰਹੀ ਹੈ? ਅੱਗੇ ਦੱਸ ਰਹੇ ਹਨ) ਕਲਮ ਤੇ ਕਾਗਜ ਲੈ ਕੇ (ਵਿਦਵਾਨਾਂ ਵਾਂਗ) ਸਿਆਣਪਾਂ ਲਿਖੀਆਂ ਹਨ। ਚੌਧਰੀ, ਖਾਨ ਤੇ ਬਾਦਸ਼ਾਹ ਬਣ ਕੇ ਵੀ ਦੇਖ ਲਿਆ ਹੈ। ਉਨ੍ਹਾਂ ਪਦਵੀਆਂ ਨਾਲ ਵੀ ਮਨ ਨਹੀਂ ਰੱਜਦਾ।੧।

ਸੋ ਸੁਖੁ ਮੋਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ਰਹਾਉ॥ ਹੇ ਸੰਤ ਜਨੋਂ! ਮੈਨੂੰ ਉਹ ਸੁਖ ਦੱਸੋ। (ਜਿਸ ਨਾਲ) ਤ੍ਰਿਸ਼ਨਾ ਬੁਝ ਜਾਵੇ ਤੇ ਮਨ ਨੂੰ ਤ੍ਰਿਪਤ ਕਰ ਲਵਾਂ।੧। ਰਹਾਉ।

ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥੨॥ (ਕਈ ਮਨੁੱਖਾਂ ਨੇ ਹਵਾ ਵਰਗੇ ਤੇਜ) ਘੋੜਿਆਂ ਤੇ ਹਾਥੀਆਂ ਦੀ ਸਵਾਰੀ ਕੀਤੀ ਹੈ। ਅਤਰ ਤੇ ਚੰਦਨ ਵਰਤ ਕੇ ਦੇਖਿਆ ਹੈ, ਸੁੰਦਰ ਇਸਤ੍ਰੀ ਦੀ ਸੇਜ ਮਾਣ ਕੇ ਦੇਖੀ ਹੈ। ਨਟਾਂ ਦੇ ਨਾਟਕ ਦੇਖੇ ਤੇ ਅਖਾੜਿਆਂ ਵਿਚ ਗੀਤ ਗਾਏ ਹੋਏ ਸੁਣੇ। (ਪਰ) ਉਨ੍ਹਾਂ ਵਿਚ ਵੀ ਮਨ ਨੇ ਸੰਤੋਖ ਨਹੀਂ ਪ੍ਰਾਪਤ ਕੀਤਾ।੨।

ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥੩॥ ਪਾਤਸ਼ਾਹੀ ਤਖਤ, ਪਾਤਸ਼ਾਹੀ ਸਭਾ ਵਿਚ ਗਲੀਚੇ ਆਦਿ ਦੀ ਸਜਾਵਟ ਦੇਖੀ। ਸਾਰੇ ਤਰ੍ਹਾਂ ਦੇ ਮੇਵੇ ਖਾਧੇ ਤੇ ਸੁੰਦਰ ਬਗੀਚੇ ਵੀ ਦੇਖੇ। ਸ਼ਿਕਾਰ ਦਾ ਸ਼ੌਕ ਤੇ ਰਾਜਿਆਂ ਵਾਲੀਆਂ ਹੋਰ ਖੇਡਾਂ ਵੀ ਖੇਡੀਆਂ। ਮਨ (ਫਿਰ ਵੀ) ਸੁਖੀ ਨਹੀਂ ਹੋਇਆ, ਇਹ ਸਾਰਾ (ਮਨ ਪਰਚਉਣ ਦਾ) ਜਤਨ ਨਿਰਾ ਛਲ ਸੀ।੩।

ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥ ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥੪॥ ਸੰਤਾਂ ਨੇ ਕਿਰਪਾ ਕਰ ਕੇ ਸੱਚਾ (ਉਪਦੇਸ਼) ਦੱਸਿਆ। (ਉਹ ਸੱਚਾ ਉਪਦੇਸ਼ ਇਹ ਹੈ ਕਿ) ਸਾਧ ਸੰਗਤ ਵਿਚ ਹਰੀ ਦਾ ਕੀਰਤਨ ਗਾਉਣਾ ਚਾਹੀਦਾ ਹੈ। (ਕੀਰਤਨ ਕਰਨ ਨਾਲ) ਸਾਰੇ (ਸੰਸਾਰਕ) ਸੁਖ ਤੇ (ਆਤਮਕ) ਅਨੰਦ ਲੱਭ ਪਏ ਹਨ। ਗੁਰੂ ਜੀ ਆਖਦੇ ਹਨ ਕਿ ਇਹ ਦਾਤ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।੪।

ਜਾ ਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ ॥੧॥ਰਹਾਉ ਦੂਜਾ॥੧੨॥੮੧॥ ਜਿਸ (ਪੁਰਖ ਦੇ) ਪਾਸ ਹਰੀ ਦਾ ਨਾਮ ਧਨ ਹੈ, ਉਹ ਹੀ ਸੁਖੀ ਹੈ। ਪ੍ਰਭੂ ਦੀ ਕਿਰਪਾ ਨਾਲ ਸਾਧ ਸੰਗਤ ਦਾ ਮੇਲ ਹੁੰਦਾ ਹੈ।੧। ਰਹਾਉ ਦੂਜਾ।੧੨।੮੧।

ਨੋਟ = ਪਹਿਲੇ 'ਰਹਾਉ' ਵਿਚ ਪ੍ਰਸ਼ਨ ਕੀਤਾ ਹੋਇਆ ਹੈ ਤੇ 'ਰਹਾਉ ਦੂਜਾ' ਵਿਚ ਉਸਦਾ ਉਤਰ ਹੈ।

ਪਦਾਰਥ = ਬਹੁ ਰੰਗ–ਬਹੁਤ ਰੰਗਾਂ ਵਾਲੀ (ਰਾਜਸੀ, ਸਾਂਤਕੀ ਤੇ ਤਾਮਸੀ)। ਬਹੁ ਬਿਧਿ–ਬਹੁਤ ਤਰੀਕਿਆਂ ਨਾਲ। ਪੇਖੀ–

ਦੇਖੀ।ਲੇਖੀ-ਲਿਖੀ ਹੈ।ਮਹਰ-ਚੌਧਰੀ।ਮਲੂਕ-ਬਾਦਸ਼ਾਹ (ਦਾ ਬਹੁ ਵਚਨ)।ਖਾਨ-ਸਰਦਾਰ; ਅਮੀਰ।ਤਾ ਤੇ-ਉਸ ਤੋਂ; ਉਸ ਨਾਲ।ਨਾਹੀ ਤ੍ਰਿਪਤਾਨ-ਰੱਜਦਾ ਨਹੀਂ।੧।ਸੋ-ਉਹ।ਮੋਕਉ-ਮੈਨੂੰ।ਬਤਾਵਹੁ-ਦੱਸੋ।ਬੂਝੈ-ਮਿਟ ਜਾਵੇ; ਸ਼ਾਂਤ ਹੋ ਜਾਵੇ।੧। ਰਹਾਉ।ਅਸੁ ਪਵਨ-ਹਵਾ ਵਾਂਗ ਤੇਜ ਦੌੜਨ ਵਾਲੇ ਘੋੜੇ (ਅਸੁ ਬਹੁਤ ਵਚਨ ਵੀ ਹੈ ਤੇ ਇਕ ਵਚਨ ਵੀ, ਅਸੁ-ਅਸਵ, ਅਸੁ ਦੇ ਸੱਸੇ ਨੂੰ ਔਂਕੜ ਵਾਵੇ ਦਾ ਰੂਪਾਂਤਰ ਹੈ)।ਹਸਤਿ-ਹਾਥੀ।ਚੋਆ-ਅਤਰ।ਨਾਰੀ-ਇਸਤ੍ਰੀ।ਨਟ-ਤਮਾਸ਼ਾ ਕਰਨ ਵਾਲੇ। ਨਾਟਿਕ-ਤਮਾਸ਼ੇ।ਆਖਾਰੇ-ਉਹ ਜਗ੍ਹਾ, ਜਿਥੇ ਤਮਾਸ਼ੇ ਖੇਡੇ ਜਾਣ।ਤਾ ਮਹਿ-ਉਨ੍ਹਾਂ ਵਿਚ।੨।ਸਭਾ-(ਪਾਤਸ਼ਾਹੀ) ਸਭਾ।ਮੰਡਨ-ਸਜਾਵਟ।ਦੋਲੀਚੇ-ਗਲੀਚੇ (ਉਨ ਜਾਂ ਸੂਤ ਦਾ ਬੁਣਿਆ ਵਿਛਾਉਣ ਵਾਲਾ ਨਰਮ ਕੱਪੜਾ)।ਬਾਗੀਚੇ-ਬਾਗ।ਅਖੇੜ-ਸ਼ਿਕਾਰ ਦੀ। ਬਿਰਤਿ-ਬਿਰਤੀ; ਲਗਨ; ਰੁਚੀ।ਲੀਲਾ-ਖੇਡਾਂ।ਸੁਹੇਲਾ-ਸੌਖਾ; ਸੁਖੀ।ਪਰਪੰਚ-ਛਲ; ਦਿਖਾਵਾ।ਹੀਲਾ-ਜਤਨ।੩।ਆਨਦੁ-ਅਨੰਦ।ਲਹਿਆ-ਲੱਭਿਆ; ਜਾਣਿਆ।੪।ਜਾ ਕੈ-ਜਿਸ ਦੇ ਪਾਸ।ਮੇਲਾ-ਮਿਲਾਪ।੧।ਰਹਾਉ ਦੂਜਾ।੧੨।੮੧।

ਅੰਗ ੧੮੦ = ਗਉੜੀ ਗੁਆਰੇਰੀ ਮਹਲਾ ੫ ॥ ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥ ਬਹੁਰਿ ਬਹੁਰਿ ਉਆਹੂ ਲਪਟੇਰਾ ॥ ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥ ਹੋਨੁ ਨ ਪਾਈਐ ਰਾਮ ਕੇ ਦਾਸਾ ॥੧॥ (ਮਾਇਆ ਵਿਚ ਫਸਿਆ) ਮਨੁੱਖ ਸਮਝਦਾ ਹੈ ਕਿ ਇਹ ਸਰੀਰ (ਸਦਾ ਲਈ) ਮੇਰਾ ਹੈ।(ਇਸੇ ਲਈ) ਮੁੜ ਮੁੜ ਉਸ (ਸਰੀਰ) ਨਾਲ ਹੀ ਚਿੰਬੜਦਾ ਹੈ।ਪੁਤ੍ਰ ਇਸਤ੍ਰੀ ਤੇ ਗ੍ਰਿਹਸਤ (ਦੇ ਮੋਹ) ਦਾ ਫਾਹਾ (ਇਸ ਦੇ ਗਲ ਵਿਚ ਪਿਆ ਹੋਇਆ) ਹੈ।(ਇਸ ਲਈ) ਰਾਮ ਦਾ ਦਾਸ ਹੋਣਾ ਨਹੀਂ ਪਾਉਂਦਾ।੧।

ਕਵਨ ਸੁ ਬਿਧਿ, ਜਿਤੁ ਰਾਮ ਗੁਣ ਗਾਇ ॥ ਕਵਨ ਸੁ ਮਤਿ, ਜਿਤੁ ਤਰੈ ਇਹ ਮਾਇ ॥੧॥ਰਹਾਉ॥ ਉਹ ਕਿਹੜਾ ਤਰੀਕਾ ਹੈ? ਜਿਸ ਕਰਕੇ (ਮਨੁੱਖ) ਰਾਮ ਦੇ ਗੁਣ ਗਾਵੇ।ਉਹ ਕਿਹੜੀ ਮੱਤ ਹੈ? ਜਿਸ ਨਾਲ ਇਹ (ਮਨੁੱਖ) ਮਾਇਆ (ਦੀ ਖਾਈ) ਤੋਂ ਤਰ ਜਾਵੇ।੧।ਰਹਾਉ।

ਜੋ ਭਲਾਈ ਸੋ ਬੁਰਾ ਜਾਨੈ ॥ ਸਾਚੁ ਕਹੈ ਸੋ ਬਿਖੈ ਸਮਾਨੈ ॥ ਜਾਣੈ ਨਾਹੀ ਜੀਤ ਅਰੁ ਹਾਰ ॥ ਇਹੁ ਵਲੇਵਾ ਸਾਕਤ ਸੰਸਾਰ ॥੨॥ ਜਿਹੜਾ (ਕੋਈ ਮਨੁੱਖ ਇਸ ਦੀ) ਭਲਾਈ ਦੀ ਗੱਲ ਕਰਦਾ ਹੈ, ਉਸ ਨੂੰ ਇਹ ਬੁਰਾ ਸਮਝਦਾ ਹੈ।(ਜੇ ਕੋਈ ਇਸ ਨੂੰ) ਸੱਚ ਆਖਦਾ ਹੈ, ਉਹ (ਇਸ ਨੂੰ) ਜਹਿਰ ਵਰਗੀ ਲਗਦੀ ਹੈ।(ਇਹ) ਜਾਣਦਾ ਹੀ ਨਹੀਂ (ਕਿ ਕਿਹੜੇ ਕੰਮਾਂ ਨਾਲ ਜੀਵਨ ਦੀ) ਜਿੱਤ ਹੋਣੀ ਹੈ, ਅਤੇ (ਕਿਹੜੇ ਕੰਮਾਂ ਨਾਲ ਜੀਵਨ) ਹਾਰ ਜਾਣਾ ਹੈ।ਇਹੋ (ਜਿਹਾ) ਵਰਤਾਰਾ ਸੰਸਾਰ ਦੇ ਸਾਕਤਾਂ ਦਾ ਹੈ।੨।

ਜੋ ਹਲਾਹਲ ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥ ਸਾਧ ਸੰਗਿ ਕੈ ਨਾਹੀ ਨੇਰਿ ॥ ਲਖ ਚਉਰਾਸੀਹ ਭ੍ਰਮਤਾ ਫੇਰਿ ॥੩॥ ਜੋ ਜਹਿਰ ਹੈ ਉਹ ਝੱਲਾ ਹੋਇਆ (ਸਾਕਤ ਪੁਰਖ ਖੁਸ਼ੀ ਨਾਲ) ਪੀਂਦਾ ਹੈ।(ਪਰ) ਅੰਮ੍ਰਿਤ ਨਾਮ ਨੂੰ ਕੌੜਾ ਕਰ ਕੇ ਜਾਣਦਾ ਹੈ।ਸਾਧ ਸੰਗਤ ਦੇ ਨੇੜੇ ਨਹੀਂ ਜਾਂਦਾ ਹੈ।(ਜਿਸ ਕਰਕੇ) ਚੁਰਾਸੀ ਲੱਖ ਜੂਨਾਂ ਦੇ ਗੇੜ ਵਿਚ ਭਉਂਦਾ ਰਹਿੰਦਾ ਹੈ।੩।

ਏਕੈ ਜਾਲਿ ਫਹਾਏ ਪੰਖੀ ॥ ਰਸਿ ਰਸਿ ਭੋਗ ਕਰਹਿ ਬਹੁ ਰੰਗੀ ॥ ਕਹੁ ਨਾਨਕ ਜਿਸੁ ਭਏ ਕ੍ਰਿਪਾਲ ॥ ਗੁਰਿ ਪੂਰੈ ਤਾ ਕੇ ਕਾਟੇ ਜਾਲ ॥੪॥੧੩॥੮੨॥ ਇਕ ਮਾਇਆ ਨੇ (ਮੋਹ ਰੂਪ) ਜਾਲ ਵਿਚ (ਸਾਰੇ ਜੀਵ ਰੂਪ) ਪੰਛੀ ਫਸਾਏ ਹੋਏ ਹਨ।ਬਹੁ ਰੰਗੀ ਜੀਵ ਸਵਾਦ ਲਾ ਲਾ ਕੇ (ਪਦਾਰਥਾਂ ਦੇ) ਭੋਗ ਭੋਗਦੇ ਰਹਿੰਦੇ ਹਨ।ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਉਪਰ (ਪ੍ਰਭੂ) ਕ੍ਰਿਪਾਲ ਹੋਏ ਹਨ।ਪੂਰੇ ਗੁਰੂ ਨੇ ਉਸਦੇ (ਮਾਇਆ ਦੇ ਮੋਹ ਦੇ) ਜਾਲ ਕੱਟ ਦਿਤੇ ਹਨ।੪।੧੩।੮੨।

ਪਦਾਰਥ = ਪ੍ਰਾਣੀ-ਮਨੁੱਖ।ਬਹੁਰਿ ਬਹੁਰਿ-ਮੁੜ ਮੁੜ।ਉਆ ਹੂ-ਉਸ (ਤਨ) ਨਾਲ।ਲਪਟੇਰਾ-ਚਿੰਬੜਿਆ ਹੈ।ਕਲਤ੍ਰ-ਇਸਤ੍ਰੀ।੧।ਕਵਨ-ਕਿਹੜਾ।ਬਿਧਿ-ਵਿਧੀ; ਤਰੀਕਾ।ਸੁ-ਉਹ।ਮਤਿ-ਸਿੱਖਿਆ; ਅਕਲ।ਜਿਤੁ-ਜਿਸ ਕਰਕੇ।ਮਾਇ-ਮਾਇਆ।੧। ਰਹਾਉ।ਜਾਨੈ-ਜਾਣਦਾ ਹੈ; ਸਮਝਦਾ ਹੈ।ਬਿਖੈ-ਜਹਿਰ।ਸਮਾਨੈ-ਵਰਗਾ; ਬਰਾਬਰ।ਅਰੁ-ਅਤੇ।ਵਲੇਵਾ-ਵਰਤਾਰਾ।ਸਾਕਤ-ਰੱਬ ਤੋਂ ਟੁੱਟੇ ਮਨੁੱਖ।੨।ਹਲਾਹਲ-ਜਹਿਰ।ਸੋ-ਉਹ।ਬਉਰਾ-ਝੱਲਾ; ਪਾਗਲ।ਕਉਰਾ-ਕੌੜਾ।ਨੇਰਿ-ਨੇੜੇ।ਭ੍ਰਮਤਾ-ਭਉਂਦਾ ਹੈ।ਫੇਰਿ-ਗੇੜ ਵਿਚ।੩।ਏਕੈ ਜਾਲਿ-ਮਾਇਆ ਨੇ ਮੋਹ ਦੇ ਇਕ ਜਾਲ ਵਿਚ; ਇਕ ਮਾਇਆ ਦੇ ਜਾਲ ਵਿਚ।ਫਹਾਏ-ਫਸਾਏ ਹਨ।ਰਸਿ ਰਸਿ-ਸੁਆਦ ਲਾ ਲਾ ਕੇ; ਰਸਾਂ ਵਿਚ ਰਸੀਏ ਹੋ ਕੇ।ਬਹੁ ਰੰਗੀ-ਬਹੁਤ ਰੰਗਾਂ ਵਾਲੇ (ਅਨੇਕ ਪ੍ਰਕਾਰ ਦੇ) ਜੀਵਾਂ ਨੇ; ਬਹੁ ਰੰਗੀ ਮਾਇਆ ਨੇ; ਅਨੇਕ ਤਰ੍ਹਾਂ ਦੇ (ਭੋਗ ਭੋਗਦੇ ਹਨ)।ਤਾ ਕੇ-ਉਸ ਦੇ।ਜਾਲ-ਫਾਹੀ; ਬੰਧਨ।੪।੧੩।੮੨।

ਗਉੜੀ ਗੁਆਰੇਰੀ ਮਹਲਾ ੫ ॥ ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥ ਪ੍ਰਭ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥੧॥ (ਹੇ ਪ੍ਰਭੂ!) ਤੇਰੀ ਕ੍ਰਿਪਾ ਨਾਲ (ਗੁਰਮਤਿ ਦਾ) ਮਾਰਗ ਪਾਈਦਾ ਹੈ।ਪ੍ਰਭੂ ਦੀ

ਕ੍ਰਿਪਾ ਨਾਲ ਹੀ ਨਾਮ ਧਿਆਈਦਾ ਹੈ। ਪ੍ਰਭੂ ਦੀ ਕਿਰਪਾ ਨਾਲ (ਮਾਇਆ ਦੇ) ਬੰਧਨਾਂ ਤੋਂ ਛੁੱਟ ਜਾਈਦਾ ਹੈ। (ਹੇ ਪ੍ਰਭੂ !) ਤੇਰੀ ਕ੍ਰਿਪਾ ਨਾਲ ਹੀ ਹਉਮੈ ਟੁੱਟਦੀ ਹੈ।੧। (ਮਾਰਗੁ-ਪ੍ਰਭੂ ਪ੍ਰਾਪਤੀ ਦਾ, ਸਤ ਸੰਗਤ ਦਾ ਜਾਂ ਗਿਆਨ ਪ੍ਰਾਪਤੀ ਦਾ ਰਸਤਾ)।

ਤੁਮ ਲਾਵਹੁ ਤਉ ਲਾਗਹ ਸੇਵ ॥ ਹਮ ਤੇ ਕਛੂ ਨ ਹੋਵੈ ਦੇਵ ॥੧॥ਰਹਾਉ॥ ਹੇ ਦੇਵ (ਪ੍ਰਕਾਸ਼ ਰੂਪ ਪ੍ਰਭੂ ! ਜੇ) ਤੁਸੀਂ ਸਾਨੂੰ ਅਪਣੀ ਸੇਵਾ ਵਿਚ ਲਾਵੋਗੇ ਤਾਂ ਹੀ ਅਸੀਂ ਲਗ ਸਕਦੇ ਹਾਂ। ਸਾਥੋਂ (ਅਪਣੇ ਆਪ) ਕੁਛ ਨਹੀਂ ਹੋ ਸਕਦਾ।੧। ਰਹਾਉ।

ਤੁਧੁ ਭਾਵੈ ਤਾ ਗਾਵਾ ਬਾਣੀ ॥ ਤੁਧੁ ਭਾਵੈ ਤਾ ਸਚੁ ਵਖਾਣੀ ॥ ਤੁਧੁ ਭਾਵੈ ਤਾ ਸਤਿਗੁਰ ਮਇਆ ॥ ਸਰਬ ਸੁਖਾ ਪ੍ਰਭ ਤੇਰੀ ਦਇਆ ॥੨॥ (ਹੇ ਪ੍ਰਭੂ ! ਜੇ) ਤੈਨੂੰ ਭਾਵੇ ਤਾਂ ਹੀ ਮੈਂ (ਗੁਰੂ ਦੀ) ਬਾਣੀ ਗਾ ਸਕਦਾ ਹਾਂ। ਜੇ ਤੈਨੂੰ ਭਾਵੇ ਤਾਂ ਮੈਂ ਸੱਚ ਸਰੂਪ ਵਾਹਿਗੁਰੂ ਨੂੰ ਉਚਾਰਨ ਕਰ ਸਕਦਾ ਹਾਂ। ਜੇ ਤੈਨੂੰ ਭਾਵੇ ਤਾਂ ਹੀ ਸਤਿਗੁਰੂ ਦੀ ਮੇਹਰ ਪ੍ਰਾਪਤ ਹੁੰਦੀ ਹੈ। ਹੇ ਪ੍ਰਭੂ ! ਸਾਰੇ ਸੁਖ ਤੇਰੀ ਦਇਆ ਵਿਚ ਹੀ (ਪ੍ਰਾਪਤ ਹੋ ਜਾਂਦੇ) ਹਨ।੨।

ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚੁ ਧਰਮਾ ॥ ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ ਤੂੰ ਸਾਹਿਬੁ ਸੇਵਕ ਅਰਦਾਸਿ ॥੩॥ (ਹੇ ਪ੍ਰਭੂ !) ਜੋ ਤੈਨੂੰ ਭਾਵੇ, ਉਹ ਹੀ ਕਰਮ ਪਵਿਤਰ ਹੈ। ਜੋ ਤੈਨੂੰ ਭਾਵੇ ਉਹ ਹੀ ਸੱਚਾ ਧਰਮ ਹੈ। ਸਾਰੇ ਖਜਾਨੇ ਤੇ ਗੁਣ ਤੇਰੇ ਹੀ ਪਾਸ ਹਨ। ਤੂੰ (ਸਭ ਦਾ) ਮਾਲਕ ਹੈਂ, (ਮੈਂ) ਸੇਵਕ ਦੀ (ਤੇਰੇ ਅੱਗੇ) ਅਰਦਾਸ ਹੈ।੩।

ਮਨੁ ਤਨੁ ਨਿਰਮਲ ਹੋਇ ਹਰਿ ਰੰਗਿ ॥ ਸਰਬ ਸੁਖਾ ਪਾਵਉ ਸਤ ਸੰਗਿ ॥ ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ ਨਾਨਕ ਕਰਿ ਜਾਤਾ ॥੪॥੧੪॥੮੩॥ (ਅਰਦਾਸ ਹੈ) ਹੇ ਹਰੀ ! ਤੇਰੇ ਪ੍ਰੇਮ ਦੁਆਰਾ ਮਨ ਤੇ ਤਨ ਪਵਿੱਤ੍ਰ ਹੋ ਜਾਵੇ। ਸਤ ਸੰਗਤ ਵਿਚੋਂ ਸਾਰੇ ਸੁੱਖਾਂ ਨੂੰ (ਮੈਂ) ਪਾ ਲਵਾਂ। ਤੇਰੇ ਨਾਮ ਵਿਚ ਮੇਰਾ ਮਨ ਰੰਗਿਆ ਰਹੇ। ਗੁਰੂ ਜੀ ਆਖਦੇ ਹਨ ਕਿ (ਮੈਂ) ਇਸੇ ਨੂੰ ਕਲਿਆਣ ਕਰਕੇ ਜਾਣਿਆ ਹੈ।੪।੧੪।੮੩।

ਪਦਾਰਥ = ਤਉ-ਤੇਰੀ। ਤੇ-ਤੋਂ; ਨਾਲ।੧। ਲਾਵਹੁ-ਲਾਵੋਗੇ। ਲਾਗਹ-ਲਗਦੇ ਹਾਂ। ਹਮ ਤੇ-ਸਾਡੇ ਤੋਂ। ਦੇਵ-ਪ੍ਰਕਾਸ਼ ਸਰੂਪ ਪ੍ਰਭੂ।੧। ਰਹਾਉ। ਭਾਵੈ-ਚੰਗਾ ਲੱਗੇ। ਗਾਵਾ-(ਮੈਂ) ਗਾ ਸਕਦਾ ਹਾਂ। ਸਚੁ-ਸੱਚ ਸਰੂਪ ਵਾਹਿਗੁਰੂ। ਵਖਾਣੀ-ਉਚਾਰ ਸਕਦਾ ਹਾਂ। ਮਇਆ-ਮੇਹਰ।੨। ਨਿਰਮਲ-ਪਵਿੱਤਰ। ਨਿਧਾਨ-ਖਜਾਨੇ। ਸਾਹਿਬੁ-ਮਾਲਕ।੩। ਰੰਗਿ-ਪ੍ਰੇਮ ਦੁਆਰਾ। ਰਹੈ ਰਾਤਾ-ਰੰਗਿਆ ਰਹੇ। ਕਲਿਆਣੁ-ਸੁਖ। ਜਾਤਾ-ਜਾਣਿਆ ਹੈ।੪।੧੪।੮੩।

ਗਉੜੀ ਗੁਆਰੇਰੀ ਮਹਲਾ ੫ ॥ ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥੧॥ (ਹੇ ਰਸਨਾ ! ਨਾਮ ਰਸ ਤੋਂ ਬਿਨਾ) ਜਿਤਨੇ ਵੀ ਤੈਂ ਹੋਰ (ਛੱਤੀ ਪ੍ਰਕਾਰ ਦੇ ਭੋਜਨਾਂ ਦੇ) ਰਸ ਚੱਖੇ ਹਨ। (ਉਨ੍ਹਾਂ ਰਸਾਂ ਨਾਲ) ਪਲ ਭਰ ਲਈ ਵੀ ਤੇਰੀ ਤ੍ਰਿਸਨਾ ਨਹੀਂ ਲੱਥੀ। (ਜੇ) ਤੂੰ ਹਰੀ ਰਸ ਦਾ ਸੁਆਦ ਚੱਖ ਲਵੇਂ। ਤਾਂ ਚੱਖਦਿਆਂ ਹੋਇਆ ਤੂੰ ਆਤਮਕ ਅਨੰਦ ਵਿਚ ਮਸਤ ਹੋ ਜਾਵੇਂ।੧।

ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ, ਹੋਇ ਤ੍ਰਿਪਤਾਰੀ ॥੧॥ਰਹਾਉ॥ ਹੇ ਪਿਆਰੀ ਰਸਨਾ ! ਤੂੰ ਅੰਮ੍ਰਿਤ ਰਸ ਪੀ। (ਜਿਹੜੀ ਰਸਨਾ) ਇਸ ਰਸ ਵਿਚ ਰੱਤੀ ਹੋਈ ਹੈ, (ਉਹ ਹੋਰ ਦੂਜੇ ਰਸਾਂ ਵੱਲੋਂ) ਤ੍ਰਿਪਤ ਹੋ ਜਾਂਦੀ ਹੈ।੧। ਰਹਾਉ।

ਹੇ ਜਿਹਵੇ ਤੂੰ ਰਾਮ ਗੁਣ ਗਾਉ ॥ ਨਿਮਖ ਨਿਮਖ ਹਰਿ ਹਰਿ ਹਰਿ ਧਿਆਉ ॥ ਆਨ ਨ ਸੁਨੀਐ ਕਤਹੂੰ ਜਾਈਐ ॥ ਸਾਧ ਸੰਗਤਿ ਵਡਭਾਗੀ ਪਾਈਐ ॥੨॥ ਹੇ ਜੀਭ ! ਤੂੰ ਰਾਮ ਦੇ ਗੁਣ ਗਾ। ਹਰੇਕ ਪਲ ਹਰੀ ਦੇ ਹਰਿ ਹਰਿ ਨਾਮ ਨੂੰ ਧਿਆ। (ਹਰੀ ਦੀ ਸਿਫਤ ਸਲਾਹ ਤੋਂ ਬਿਨਾ) ਹੋਰ ਕੁਛ ਨਹੀਂ ਸੁਣਨਾ ਚਾਹੀਦਾ ਤੇ (ਸਤ ਸੰਗਤ ਤੋਂ ਬਿਨਾ) ਹੋਰ ਕਿਤੇ ਨਹੀਂ ਜਾਣਾ ਚਾਹੀਦਾ। (ਕਿਉਂਕਿ) ਸਾਧ ਸੰਗਤ ਵੱਡੇ ਭਾਗਾਂ ਨਾਲ ਪਾਈਦੀ ਹੈ।੨।

ਆਠ ਪਹਰ ਜਿਹਵੇ ਆਰਾਧਿ ॥ ਪਾਰਬ੍ਰਹਮ ਠਾਕੁਰ ਆਗਾਧਿ ॥ ਈਹਾ ਊਹਾ ਸਦਾ ਸੁਹੇਲੀ ॥ ਹਰਿ ਗੁਣ ਗਾਵਤ ਰਸਨ ਅਮੋਲੀ ॥੩॥ ਜੇ ਜੀਭ ! (ਤੂੰ) ਅੱਠੇ ਪਹਿਰ ਅਥਾਹ ਪਾਰਬ੍ਰਹਮ ਮਾਲਕ ਨੂੰ ਚੇਤੇ ਕਰ। (ਫਿਰ ਤੂੰ) ਲੋਕ ਪ੍ਰਲੋਕ ਵਿਚ ਸਦਾ ਸੁਖੀ ਹੋਵੇਂਗੀ। ਹੇ ਰਸਨਾ ! ਹਰੀ ਦੇ ਗੁਣ ਗਾਉਂਦੀ ਹੋਈ (ਤੂੰ) ਅਮੋਲਕ ਹੋ ਜਾਵੇਂਗੀ।੩।

ਬਨਸਪਤਿ ਮਉਲੀ ਫਲ ਫੁਲ ਪੇਡੇ ॥ ਇਹ ਰਸ ਰਾਤੀ ਬਹੁਰਿ ਨ ਛੋਡੇ ॥ ਆਨ ਨ ਰਸ ਕਸ ਲਵੈ ਨ ਲਾਈ ॥ ਕਹੁ ਨਾਨਕ ਗੁਰ ਭਏ ਹੈ ਸਹਾਈ ॥੪॥੧੫॥੮੪॥ (ਜਿਸ ਹਰੀ ਦੀ ਸੱਤਾ ਕਰਕੇ) ਬਨਸਪਤੀ ਖਿੜ ਰਹੀ ਹੈ ਅਤੇ ਦਰੱਖਤਾਂ ਨਾਲ ਫੁੱਲ ਤੇ ਫਲ ਲਗਦੇ ਹਨ। (ਨਾਮ ਦੇ) ਇਸ ਰਸ ਵਿਚ ਰਚੀ ਹੋਈ (ਤੂੰ ਇਸ ਨੂੰ) ਮੁੜ ਨਹੀਂ ਛੱਡੇਂਗੀ। ਗੁਰੂ ਜੀ ਆਖਦੇ ਹਨ ਕਿ (ਜਿਸ

ਮਨੁੱਖ ਦਾ) ਗੁਰੂ ਸਹਾਈ ਹੁੰਦਾ ਹੈ।(ਉਸ ਦੀ ਰਸਨਾ ਨਾਮ ਰਸ ਦੇ) ਬਰਾਬਰ ਹੋਰ ਰਸਾਂ ਕਸਾਂ ਨੂੰ ਨਹੀਂ ਲਾਉਂਦੀ (ਸਮਝਦੀ); ਮੂੰਹ ਦੇ ਸਵਾਦ ਨਾਮ ਰਸ ਦੇ ਬਰਾਬਰ ਨਹੀਂ ਲਗ ਸਕਦੇ।੪।੧੫।੮੪।

ਪਦਾਰਥ = ਆਨ-ਹੋਰ।ਜੇਤੇ-ਜਿਤਨੇ ਵੀ।ਤੈ-ਤੂੰ।ਨਿਮਖ-ਅੱਖ ਝਮਕਣ ਜਿੰਨਾ ਸਮਾਂ।ਨ ਲਾਥੇ-ਨਹੀਂ ਉਤਰੀ; ਦੂਰ ਨਹੀਂ ਹੋਈ।ਸਾਦੁ-ਸੁਆਦ।ਬਿਸਮਾਦੁ-ਆਤਮਕ ਰਸ ਨੂੰ ਪ੍ਰਾਪਤ ਹੋ ਕੇ ਅੰਤਹਕਰਣ ਦੀ ਸਹਜ ਅਨੰਦ ਦੀ ਦਸ਼ਾ (ਮ.ਕੋ)।੧।ਰਸਨਾ -ਹੇ ਜੀਭ!।ਰਸ ਰਾਤੀ-ਰਸ ਵਿਚ ਮਗਨ ਹੋਈ ਹੋਈ।ਤ੍ਰਿਪਤਾਰੀ-ਰੱਜ ਜਾਵੇਂਗੀ।੧।ਰਹਾਉ।ਕਤਹੂੰ-ਕਿਤੇ ਭੀ।ਵਡਭਾਗੀ-ਵੱਡੇ ਭਾਗਾਂ ਨਾਲ।੨।ਆਰਾਧਿ-ਚੇਤੇ ਕਰ।ਆਗਾਧਿ-ਅਥਾਹ; ਬੇਅੰਤ।ਈਹਾ-ਏਥੇ (ਇਸ ਲੋਕ ਵਿਚ)।ਊਹਾ-ਉਥੇ (ਪ੍ਰਲੋਕ ਵਿਚ)।ਸੁਹੇਲੀ-ਸੁਖੀ।੩।ਮਉਲੀ-ਖਿੜੀ ਹੈ।ਪੇਡੇ-ਦਰੱਖਤਾਂ ਨਾਲ।ਰਾਤੀ-ਰਚੀ ਹੋਈ; ਮਗਨ ਹੋਈ।ਬਹਰਿ-ਮੁੜ।ਆਨਨ-ਹੋਰ; ਮੂੰਹ ਦੇ।ਰਸ ਕਸ-(ਤਰ੍ਹਾਂ ਤਰ੍ਹਾਂ ਦੇ) ਸਵਾਦ।ਲਵੈ ਨ ਲਾਈ-ਬਰਾਬਰੀ ਨਹੀ ਕਰ ਸਕਦੇ।ਭਏ-ਹੋਏ।੪।੧੫।੮੪।

ਗਉੜੀ ਗੁਆਰੇਰੀ ਮਹਲਾ ੫ ॥ ਮਨੁ ਮੰਦਰੁ ਤਨੁ ਸਾਜੀ ਬਾਰਿ ॥ (ਵਾਹਿਗੁਰੂ ਸ਼ਾਹ ਨੇ ਅਪਣੇ ਰਹਿਣ ਵਾਸਤੇ ਮਨੁੱਖ ਦੇ) ਮਨ ਨੂੰ ਮਕਾਨ ਬਣਾਇਆ ਹੈ, (ਜਿਸ ਦੇ ਆਲੇ ਦੁਆਲੇ ਰੱਖਿਆ ਵਾਸਤੇ) ਸਰੀਰ ਨੂੰ ਵਾੜ ਬਣਾਇਆ ਹੈ।

ਅੰਗ ੧੮੧ = ਇਸ ਹੀ ਮਧੇ ਬਸਤੁ ਅਪਾਰ ॥ ਇਸ ਹੀ ਭਤਿਰਿ, ਸੁਨੀਅਤ ਸਾਹੁ ॥ ਕਵਨੁ ਬਾਪਾਰੀ, ਜਾ ਕਾ ਊਹਾ ਵਿਸਾਹੁ ॥੧॥ ਇਸ (ਮਕਾਨ) ਦੇ ਵਿਚ ਪਾਰ ਰਹਿਤ ਹਰੀ ਦੀ ਨਾਮ ਰੂਪ ਵਸਤੂ ਹੈ।ਇਸ (ਮਨ ਮੰਦਰ ਦੇ) ਅੰਦਰ ਹੀ (ਅਪਾਰ ਵਸਤੂ ਦਾ) ਸ਼ਾਹ ਹਰੀ ਵਸਦਾ ਸੁਣੀਦਾ ਹੈ।ਉਹ ਕਿਹੜਾ ਵਪਾਰੀ ਹੈ, ਜਿਸ ਦਾ ਉਥੇ (ਸ਼ਾਹ ਕੋਲ) ਇਤਬਾਰ ਬਣਿਆ ਹੋਇਆ ਹੈ।੧।

ਨਾਮ ਰਤਨ ਕੋ ਕੋ ਬਿਉਹਾਰੀ ॥ ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ਰਹਾਉ॥ (ਹੇ ਭਾਈ!) ਨਾਮ ਰਤਨ (ਨੂੰ ਖ਼੍ਰੀਦਣ ਵਾਲਾ) (ਜੇ) ਕੋਈ ਵਪਾਰੀ ਹੈ, ਤਾਂ ਕੌਣ ਹੈ?; (ਨਾਮ ਰਤਨ ਦੇ ਵਪਾਰੀ ਦਾ ਇਤਬਾਰ ਸ਼ਾਹ ਕੋਲ ਬਣਿਆ ਹੋਇਆ ਹੈ, ਪਰ) ਕੋਈ ਕੋਈ (ਪੁਰਖ) ਨਾਮ ਰਤਨ ਦਾ ਵਪਾਰੀ ਹੈ।ਜੋ ਅੰਮ੍ਰਿਤ ਮਈ ਨਾਮ ਭੋਜਨ ਨੂੰ ਅਹਾਰ ਕਰਦਾ (ਬਣਾਉਂਦਾ) ਹੈ।੧।ਰਹਾਉ।

ਮਨੁ ਤਨੁ ਅਰਪੀ ਸੇਵ ਕਰੀਜੈ ॥ ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥ ਪਾਇ ਲਗਉ ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ ਜੋ ਸਉਦਾ ਜੋਰੈ ॥੨॥ (ਜੇ ਅਜੇਹਾ ਵਪਾਰੀ ਮੈਨੂੰ ਮਿਲ ਜਾਵੇ ਤਾਂ ਮੈਂ ਅਪਣਾ) ਮਨ ਤਨ (ਉਸ ਦੇ ਅੱਗੇ) ਅਰਪਨ ਕਰ ਦੇਵਾਂ ਅਤੇ ਸੇਵਾ ਕਰਾਂ।(ਫਿਰ ਮੈਂ ਉਸ ਤੋਂ ਪੁੱਛਾਂ ਕਿ) ਕਿਹੜੀ ਜੁਗਤੀ ਹੈ? ਜਿਸ ਨਾਲ (ਉਹ ਸ਼ਾਹ) ਪ੍ਰਸੰਨ ਹੁੰਦਾ ਹੈ।(ਫਿਰ ਮੈਂ) ਮੇਰ ਤੇਰ ਛਡ ਕੇ (ਉਸ ਦੇ) ਚਰਨੀਂ ਲਗ ਜਾਵਾਂ।(ਸ਼ਾਹ ਦਾ) ਸੇਵਕ ਉਹ ਕਿਹੜਾ ਹੈ? ਜੋ (ਸ਼ਾਹ ਨਾਲ ਮੇਰਾ) ਸੌਦਾ ਕਰਾ ਦੇਵੇ।੨।

ਮਹਲੁ ਸਾਹ ਕਾ ਕਿਨਿ ਬਿਧਿ ਪਾਵੈ ॥ ਕਵਨੁ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥ ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ ॥ ਕਵਨੁ ਸੁ ਦਾਤਾ ਲੇ ਸੰਚਾਰੇ ॥੩॥ (ਮੈਂ ਗਰੀਬ ਵਣਜਾਰੇ ਨੂੰ) ਸ਼ਾਹ ਦਾ ਮਹਲ ਕਿਸ ਤਰੀਕੇ ਨਾਲ ਪ੍ਰਾਪਤ ਹੋਵੇ।ਉਹ ਕਿਹੜਾ ਤਰੀਕਾ ਹੈ, ਜਿਸ ਨਾਲ (ਉਹ ਸ਼ਾਹ ਮੈਨੂੰ ਮਹਿਲ ਦੇ) ਅੰਦਰ ਬੁਲਾ ਲਵੇ।(ਹੁਣ ਅਰਦਾਸ ਕਰਦੇ ਹਨ, ਹੇ ਪ੍ਰਭੂ!) ਤੂੰ ਵੱਡਾ ਸ਼ਾਹ ਹੈਂ, ਜਿਸ ਦੇ ਕ੍ਰੋੜਾਂ ਹੀ (ਜੀਵ) ਵਣਜਾਰੇ ਹਨ।(ਤੂੰ ਹੀ ਦਸ) ਉਹ ਕਿਹੜਾ ਦਾਤਾ ਹੈ? ਜੋ (ਮੈਨੂੰ ਤੇਰੇ ਤਕ) ਅਪੜਾ ਦੇਵੇ।੩।

ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥ ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥ (ਇਉਂ ਮੈਂ) ਖੋਜਦਿਆਂ ਖੋਜਦਿਆਂ ਅਪਣਾ ਅਸਲੀ ਘਰ ਪ੍ਰਾਪਤ ਕਰ ਲਿਆ ਹੈ (ਜਿਥੇ ਪ੍ਰਭੂ ਸ਼ਾਹ ਵਸਦਾ ਹੈ)।ਸੱਚਾ (ਨਾਮ ਰੂਪ) ਅਮੋਲਕ ਰਤਨ (ਗੁਰੂ ਨੇ ਮੈਨੂੰ) ਦਿਖਾ ਦਿਤਾ ਹੈ।ਗੁਰੂ ਜੀ ਆਖਦੇ ਹਨ, ਜਦ ਸ਼ਾਹ ਪ੍ਰਭੂ ਨੇ ਕਿਰਪਾ ਕਰਕੇ (ਕਿਸੇ ਵਣਜਾਰੇ ਨੂੰ ਅਪਣੇ ਨਾਲ) ਮਿਲਾਇਆ ਤਾਂ ਗੁਰੂ ਦੇ ਇਤਬਾਰ ਕਰਕੇ ਹੀ ਮਿਲਾਇਆ ਹੈ।੪।੧੬।੮੫।

ਪਦਾਰਥ = ਮੰਦਰੁ-ਮਕਾਨ।ਸਾਜੀ-ਬਣਾਇਆ ਹੈ।ਬਾਰਿ-ਵਾੜ।ਮਧੇ-ਵਿਚ।ਬਸਤੁ-ਨਾਮ ਰੂਪ ਵਸਤੂ।ਅਪਾਰ-ਬੇਅੰਤ ਪ੍ਰਭੂ। ਭਤਿਰਿ-ਅੰਦਰ।ਸਾਹੁ-ਸ਼ਾਹ (ਵਾਹਿਗੁਰੂ)।ਜਾ ਕਾ-ਜਿਸ ਦਾ।ਊਹਾ-ਉਥੇ।ਵਿਸਾਹੁ-ਇਤਬਾਰ; ਭਰੋਸਾ।੧।ਕੋ ਕੋ-ਕੋਈ ਕੋਈ; ਕੋਈ ਹੈ ਤਾਂ ਕੌਣ ਹੈ।ਬਿਉਹਾਰੀ-ਵਪਾਰੀ।ਅਹਾਰੀ-ਖੁਰਾਕ।੧।ਰਹਾਉ।ਅਰਪੀ-ਅਰਪਣ ਕਰਾਂ।ਕਵਨ-ਕਿਹੜਾ।ਜੁਗਤਿ-ਤਰੀਕਾ।ਜਿਤੁ-ਜਿਸ ਨਾਲ।ਭੀਜੈ-ਪ੍ਰਸੰਨ ਹੁੰਦਾ ਹੈ।ਪਾਇ ਲਗਉ-ਚਰਨੀ ਲਗਦਾ ਹਾਂ।ਜੋਰੈ-ਜੋੜ ਦੇਵੇ; ਕਰਾ ਦੇਵੇ।੨।ਮਹਲੁ-ਟਿਕਾਣਾ।ਕਿਨਿ ਬਿਧਿ-ਕਿਸ ਤਰੀਕੇ ਨਾਲ।ਭਤਿਰਿ-ਅੰਦਰ (ਰੱਬ ਦੀ ਹਜ਼ੂਰੀ ਵਿਚ)।ਜਾ ਕੇ-ਜਿਸ ਦੇ।ਸੰਚਾਰੇ-ਪਹੁੰਚਾ ਦੇਵੇ। ੩।ਨਿਜ ਘਰੁ-ਅਪਣਾ ਅਸਲੀ ਘਰ।ਜਬ-ਜਦ।ਸਾਹਿ-ਸ਼ਾਹ ਪ੍ਰਭੂ ਨੇ।ਵੇਸਾਹਿ-ਇਤਬਾਰ ਨਾਲ।੪।੧੬।੮੫।

ਸ਼ਬਦਾਰਥ ਦਾ ਨੋਟ = ਸ਼ਾਹ ਜੋ ਪੂੰਜੀ ਦੇ ਕੇ ਵਪਾਰੀ ਨੂੰ ਟੋਰਦਾ ਹੈ।ਇਥੇ ਅਲੰਕਾਰ ਉਸ ਵਕਤ ਦੇ ਵਿਹਾਰ ਤੋਂ ਲਿਆ ਹੈ।ਇਕ

All Rights Reserved by Harjinder Singh Gyani | www.GuruGranthVakhyaan.org

ਵਣਜ ਦੀ ਕੋਠੀ ਹੈ, ਜਿਸ ਵਿਚ ਮਾਲਕ ਆਪ ਵਸਦਾ ਹੈ, ਪਰ ਬਹੁਤ ਵੱਡਾ ਹੋਣ ਕਰਕੇ ਆਮ ਲੋਕਾਂ ਦੀ ਨਜਰਾਂ ਤੋਂ ਓਹਲੇ ਰਹਿੰਦਾ ਹੈ। ਉਥੇ ਸਉਦਾ ਕਰਨ ਲੱਗਿਆਂ ਹਰ ਇਕ ਵਪਾਰੀ ਤੇ ਇਤਬਾਰ ਨਹੀਂ ਕੀਤਾ ਜਾਂਦਾ, ਸਿਵਾਏ ਇਕ ਵਪਾਰੀ (ਗੁਰੂ) ਦੇ, ਜਿਸ ਦੀ ਸ਼ਾਖ ਵੱਡੇ ਸ਼ਾਹ ਦੇ ਹਜੂਰ ਮੰਨੀ ਜਾਂਦੀ ਹੈ। ਛੋਟੇ ਛੋਟੇ ਕਰੋੜਾਂ ਹੀ ਵਣਜਾਰੇ ਸੌਦੇ (ਨਾਮ ਰਤਨ) ਲਈ ਆਉਂਦੇ ਹਨ, ਅਤੇ ਵਿਚੋਲੇ ਵਪਾਰੀ ਦੀ ਮਿੰਨਤ ਮੁਥਾਜੀ ਕਰਦੇ ਹਨ। ਤਾਂ ਕਿ ਕਿਸੇ ਤਰ੍ਹਾਂ ਉਹ ਵੱਡੇ ਸ਼ਾਹ ਦੇ ਮਹਿਲਾਂ ਤੱਕ ਪੁਚਾਵੇ ਅਤੇ ਉਥੇ ਵਿਚ ਪੈ ਕੇ ਸੌਦਾ ਜੋੜ ਦੇਵੇ।

ਗਉੜੀ ਮਹਲਾ ੫ ਗੁਆਰੇਰੀ ॥ ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥ ਠਾਕੁਰ ਨਾਮੁ ਕੀਓ ਉਨਿ ਵਰਤਨਿ ॥ ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥੧॥ (ਸੰਤ) ਇਕ ਪ੍ਰਭੂ ਦੇ ਪ੍ਰੇਮ ਵਿਚ ਦਿਨ ਰਾਤ (ਮਸਤ) ਰਹਿੰਦੇ ਹਨ। ਅਤੇ ਪ੍ਰਭੂ ਨੂੰ ਸਦਾ ਹੀ (ਅਪਣੇ) ਨਾਲ ਵਸਦਾ ਜਾਣਦੇ ਹਨ। ਉਨ੍ਹਾਂ (ਸੰਤਾਂ ਨੇ ਅਪਣੀ) ਵਰਤਨ ਵਾਲੀ ਸਮੱਗਰੀ ਪ੍ਰਮਾਤਮਾ ਦੇ ਨਾਮ ਨੂੰ ਹੀ ਬਣਾਇਆ ਹੈ। (ਉਹ) ਹਰੀ ਦੇ ਦਰਸ਼ਨਾਂ ਨਾਲ ਇਸ ਲੋਕ ਦੇ ਪਦਾਰਥਾਂ ਤੋਂ ਰੱਜ ਜਾਂਦੇ ਹਨ ਅਤੇ ਪਰਲੋਕ ਦੇ ਪਦਾਰਥਾਂ ਤੋਂ ਵੀ ਰੱਜ ਜਾਂਦੇ ਹਨ (ਲੋਕ ਪ੍ਰਲੋਕ ਦੇ ਪਦਾਰਥਾਂ ਦੀ ਇੱਛਾ ਨਹੀਂ ਰਹਿੰਦੀ)।੧।

ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥੧॥ਰਹਾਉ॥ (ਜਿਹੜੇ ਪੁਰਖ) ਪੂਰੇ ਗੁਰੂ ਦੀ ਸ਼ਰਨੀ ਪਏ ਹੋਏ ਹਨ ਅਤੇ ਹਰੀ ਨਾਲ ਜੁੜੇ ਹੋਏ ਹਨ, (ਉਨ੍ਹਾਂ ਦੇ) ਮਨ ਤੇ ਤਨ ਖਿੜੇ ਰਹਿੰਦੇ ਹਨ।੧।ਰਹਾਉ।

ਚਰਣ ਕਮਲ ਆਤਮ ਆਧਾਰ ॥ ਏਕੁ ਨਿਹਾਰਹਿ ਆਗਿਆਕਾਰ ॥ ਏਕੋ ਬਨਜੁ ਏਕੋ ਬਿਉਹਾਰੀ ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥੨॥ (ਗੁਰੂ ਦੇ) ਚਰਨ ਕਮਲ (ਉਨ੍ਹਾਂ ਦੀ) ਆਤਮਾ ਦਾ ਆਸਰਾ ਹਨ। (ਉਹ ਸਭ ਵਿਚ) ਇਕ ਪ੍ਰਭੂ ਨੂੰ ਹੀ ਦੇਖਦੇ ਹਨ ਅਤੇ (ਪ੍ਰਭੂ ਦੇ) ਆਗਿਆਕਾਰ ਰਹਿੰਦੇ ਹਨ (ਅਪਣੀ ਮਰਜੀ ਨਹੀਂ ਕਰਦੇ। ਉਨ੍ਹਾਂ ਦਾ) ਵਪਾਰ ਇਕ ਨਾਮ ਸਿਮਰਨ ਹੈ ਤੇ ਇਕੋ ਨਾਮ ਦੇ ਵਪਾਰੀ ਹਨ (ਆਪ ਜਪਦੇ ਹਨ ਤੇ ਹੋਰਨਾਂ ਨੂੰ ਵੀ ਜਪਾਉਂਦੇ ਹਨ)। ਨਿਰੰਕਾਰ ਬਿਨਾ ਹੋਰ ਕਿਸੇ ਨੂੰ ਨਹੀਂ ਜਾਣਦੇ (ਨਿਰੰਕਾਰ ਤੋਂ ਬਿਨਾ ਹੋਰ ਕਿਸੇ ਦਾ ਸੇਵਕ ਨਹੀਂ ਬਣਨਾ ਜਾਣਦੇ)।੨।

ਹਰਖ ਸੋਗ ਦੁਹਹੂੰ ਤੇ ਮੁਕਤੇ ॥ ਸਦਾ ਅਲਿਪਤੁ ਜੋਗ ਅਰੁ ਜੁਗਤੇ ॥ ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥੩॥ (ਉਹ) ਖੁਸ਼ੀ ਤੇ ਗਮੀ ਦੋਹਾਂ ਤੋਂ ਮੁਕਤ ਹੁੰਦੇ ਹਨ। (ਉਹ ਸੰਸਾਰ ਤੋਂ) ਸਦਾ ਨਿਰਲੇਪ ਰਹਿੰਦੇ ਹਨ, ਪ੍ਰਭੂ ਵਿਚ ਜੁੜੇ ਹੋਏ ਹਨ ਅਤੇ (ਸੰਸਾਰ ਵਿਚ) ਜੁਗਤੀ ਨਾਲ ਵਰਤਦੇ ਹਨ। (ਉਹ ਤਨ ਕਰਕੇ) ਸਭਨਾਂ ਵਿਚ ਵਰਤਦੇ ਦਿਸਦੇ ਹਨ ਤੇ (ਮਨ ਕਰਕੇ) ਸਭਨਾਂ ਤੋਂ ਵੱਖ ਰਹਿੰਦੇ ਹਨ। ਉਹ (ਸੰਤ ਕਿਉਂਕਿ) ਪਾਰਬ੍ਰਹਮ ਦਾ ਧਿਆਨ ਧਾਰੀ ਰਖਦੇ ਹਨ।੩।

ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥ ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੮੬॥ (ਮੈਂ ਅਜੇਹੇ) ਸੰਤਾਂ ਦੀ ਕਿਹੜੀ ਕਿਹੜੀ ਮਹਿਮਾਂ ਬਿਆਨ ਕਰਾਂ। (ਉਹ ਬੇਅੰਤ ਗਿਆਨ ਵਾਲੇ ਹਨ, (ਉਨ੍ਹਾਂ ਦੇ ਗਿਆਨ ਦੀ ਮੈਂ) ਮਿਣਤੀ ਨਹੀਂ ਜਾਣਦਾ; ਮਰਿਆਦਾ ਨਹੀਂ ਜਾਣਦਾ। (ਅਰਦਾਸ) ਹੇ ਪ੍ਰਭੂ! ਮੇਰੇ ਤੇ ਕਿਰਪਾ ਕਰੋ। ਮੈਨੂੰ ਨਾਨਕ ਨੂੰ (ਰੱਬ ਦੇ ਪਿਆਰੇ) ਸੰਤਾਂ ਦੀ ਚਰਨ ਧੂੜ ਬਖਸ਼ੋ।੪।੧੭।੮੬।

ਪਦਾਰਥ = ਰੈਣਿ–ਰਾਤ। ਇਕੁ–ਇਕ ਪ੍ਰਭੂ। ਰੰਗਾ–ਪ੍ਰੇਮ ਵਿਚ। ਕਉ–ਨੂੰ। ਸੰਗਾ–ਨਾਲ; ਅੰਗ ਸੰਗ। ਉਨਿ–ਉਨ੍ਹਾਂ ਨੇ। ਵਰਤਨਿ–ਰੋਜਾਨਾ ਵਰਤ ਵਿਹਾਰ ਚਲਾਉਣ ਵਾਲੀ ਸਮੱਗਰੀ; ਰਹਿਤ ਬਹਿਤ। ਤ੍ਰਿਪਤਿ–ਰੱਜੇ ਹਨ। ਅਘਾਵਨੁ–ਰੱਜੇ ਹਨ।੧। ਰਾਤੇ–ਰੰਗੇ ਹੋਏ; ਜੁੜੇ ਹੋਏ। ਹਰੇ–ਹਰੇ ਭਰੇ; ਖਿੜੇ ਹੋਏ; ਪ੍ਰਸੰਨ। ਪਰੇ–ਪਏ ਹਨ।੧।ਰਹਾਉ। ਆਧਾਰ–ਆਸਰਾ। ਨਿਹਾਰਹਿ–ਦੇਖਦੇ ਹਨ। ਆਗਿਆਕਾਰ–ਆਗਿਆ ਵਿਚ ਰਹਿਣ ਵਾਲੇ। ਬਨਜੁ–ਵਪਾਰ। ਬਿਉਹਾਰੀ–ਵਪਾਰੀ। ਅਵਰੁ–ਹੋਰ ਨੂੰ।੨। ਹਰਖ–ਖੁਸ਼ੀ। ਸੋਗ–ਗਮੀ। ਤੇ–ਤੋਂ। ਮੁਕਤੇ–ਅਜਾਦ। ਅਲਿਪਤੁ–ਨਿਰਲੇਪ। ਜੋਗ–ਪ੍ਰਭੂ ਨਾਲ ਜੁੜੇ ਹਨ। ਅਰੁ–ਅਤੇ। ਜੁਗਤੇ–ਜੁਗਤੀ ਵਾਲੇ ਹਨ; ਚੰਗੀ ਜੀਵਨ ਜੁਗਤੀ ਵਾਲੇ। ਰਹਤੇ–ਵੱਖ ਰਹਿੰਦੇ ਹਨ। ਓਇ–ਉਹ। ਧਰਤੇ–ਧਰਦੇ ਹਨ।੩। ਕਵਨ–ਕਿਹੜੀ। ਵਖਾਨਉ–ਬਿਆਨ ਕਰਾਂ। ਅਗਾਧਿ–ਅਥਾਹ; ਬੇਅੰਤ। ਬੋਧਿ–ਗਿਆਨ; ਸਮਝ। ਮਿਤਿ–ਮਿਣਤੀ; ਮਾਪ; ਮਰਿਆਦਾ। ਮੋਹਿ–ਮੈਨੂੰ।੪।੧੭।੮੬।

ਗਉੜੀ ਗੁਆਰੇਰੀ ਮਹਲਾ ੫ ॥ ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ ਤੂੰ ਮੇਰੀ ਪਤਿ ਤੂੰ ਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥੧॥ (ਹੇ ਵਾਹਿਗੁਰੂ!) ਤੂੰ ਮੇਰਾ (ਇਸ ਲੋਕ ਦਾ) ਸਾਥੀ ਹੈਂ ਅਤੇ ਤੂੰ ਹੀ ਮੇਰਾ (ਪ੍ਰਲੋਕ ਵਿਚ ਮੱਦਤ ਕਰਨ ਵਾਲਾ) ਮਿੱਤ੍ਰ ਹੈਂ। ਤੂੰ ਹੀ ਮੇਰਾ ਪਿਆਰਾ ਹੈਂ ਤੇ ਤੇਰੇ ਨਾਲ ਹੀ ਮੇਰਾ ਹਿਤ ਹੈ। ਤੂੰ ਹੀ ਮੇਰੀ

All Rights Reserved by Harjinder Singh Gyani | www.GuruGranthVakhyaan.org

ਇੱਜਤ ਹੈਂ ਤੇ ਤੂੰ ਹੀ ਮੇਰਾ ਗਹਿਣਾ ਹੈਂ।ਤੇਰੇ ਤੋਂ ਬਿਨਾ (ਮੈਥੋਂ) ਇਕ ਨਿਮਖ ਭਰ ਵੀ ਨਹੀਂ ਰਿਹਾ ਜਾਂਦਾ।੧।
ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥੧॥ਰਹਾਉ॥ (ਹੇ ਵਾਹਿਗੁਰੂ!) ਤੂੰ ਮੇਰੇ ਲਾਡ ਲਡਾਉਣ ਵਾਲਾ ਹੈਂ ਤੇ ਤੂੰ ਹੀ ਮੇਰੇ ਪ੍ਰਾਣ ਹੈਂ।ਤੂੰ ਮੇਰਾ ਮਾਲਕ ਹੈਂ ਤੇ ਤੂੰ ਹੀ ਮੇਰਾ ਸਰਦਾਰ ਹੈਂ।੧।ਰਹਾਉ।
ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ ਜਹ ਪੇਖਉ ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥੨॥ (ਹੇ ਵਾਹਿਗੁਰੂ!) ਜਿਵੇਂ ਤੁਸੀਂ ਰੱਖੋ (ਮੈਂ) ਉਸੇ ਤਰ੍ਹਾਂ ਰਹਣਾ ਹੈ।ਜੋ ਤੁਸੀਂ ਆਖੋ (ਹੁਕਮ ਕਰੋ), ਮੈਂ ਉਹੀ ਕੁਛ ਕਰਨਾ ਹੈ।ਜਿਥੇ ਮੈਂ ਦੇਖਦਾ ਹਾਂ, ਉਥੇ ਹੀ ਤੁਸੀਂ ਵਸਦੇ ਹੋ।(ਇਸ ਲਈ ਮੈਂ ਸਾਰੇ ਕਿਸਮ ਦੇ) ਭੈ ਤੋਂ ਰਹਿਤ ਕਰਨ ਵਾਲਾ ਤੇਰਾ ਨਾਮ ਜੀਭ ਨਾਲ ਜਪਦਾ ਹਾਂ।੨।
ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥੩॥ (ਹੇ ਵਾਹਿਗੁਰੂ!) ਤੂੰ ਮੇਰੀ ਨੌਂ ਨਿਧੀਆਂ ਹੈਂ ਤੇ ਤੂੰ ਹੀ (ਮੇਰੇ ਲਈ ਸਾਰੇ ਗੁਣਾਂ ਤੇ ਸੰਪਤੀ ਦਾ) ਭੰਡਾਰ ਹੈਂ।ਹੇ ਸਾਰੇ ਰੰਗਾਂ ਵਿਚ ਰਸੇ ਹੋਏ ਵਾਹਿਗੁਰੂ! ਤੂੰ ਹੀ ਮੇਰੇ ਮਨ ਦਾ ਆਸਰਾ ਹੈਂ।ਤੂੰ ਮੇਰੀ ਸੋਭਾ ਹੈਂ ਤੇ (ਮੈਂ) ਤੇਰੇ ਨਾਲ ਰਚ ਮਿਚ ਗਿਆ ਹਾਂ।ਤੂੰ ਹੀ ਮੇਰੀ ਓਟ ਹੈ, ਤੇ ਤੂੰ ਹੀ ਮੇਰਾ ਆਸਰਾ ਹੈਂ।੩।
ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੮॥੮੭॥ (ਹੇ ਵਾਹਿਗੁਰੂ! ਮੈਂ ਅਪਣੇ) ਮਨ ਤੇ ਤਨ ਦੇ ਅੰਦਰ ਤੈਨੂੰ ਹੀ ਧਿਆਇਆ ਹੈ।ਤੇਰੀ (ਪ੍ਰਾਪਤੀ ਦਾ) ਭੇਤ ਗੁਰੂ ਤੋਂ ਪਾਇਆ ਹੈ।(ਮੈਂ) ਸਤਿਗੁਰੂ ਤੋਂ ਇਕੋ ਇਕ (ਤੈਨੂੰ ਹੀ) ਦ੍ਰਿੜ (ਨਿਸਚੇ) ਕੀਤਾ ਹੈ।ਦਾਸ ਨਾਨਕ ਨੂੰ ਮਨ, ਤਨ ਤੇ ਕਰਮ ਕਰਕੇ ਹਰੀ ਦੀ ਹੀ ਟੇਕ ਹੈ।੪।੧੮।੮੭।
ਪਦਾਰਥ = ਸਖਾ–ਸਾਥੀ।ਹੀਤੁ–ਹਿਤ; ਪ੍ਰੇਮ।ਪਤਿ–ਇੱਜਤ।ਗਹਣਾ–ਜ਼ੇਵਰ; ਭੂਸ਼ਣ।ਨਿਮਖੁ–ਅੱਖ ਝਮਕਣ ਜਿੰਨਾ ਸਮਾਂ।੧।ਲਾਲਨ–ਲਾਡ ਲਡਾਉਣ ਵਾਲਾ; ਪਿਆਰ ਕਰਨ ਵਾਲਾ।ਪ੍ਰਾਨ–ਪ੍ਰਾਣ; ਸੁਆਸ।ਸਾਹਿਬ–ਮਾਲਕ।ਖਾਨ–ਸਰਦਾਰ।੧।ਰਹਾਉ।ਸੋਈ–ਉਹੀ।ਮੋਹਿ–ਮੈਨੂੰ।ਜਹ–ਜਿੱਥੇ।ਪੇਖਉ–ਦੇਖਦਾ ਹਾਂ।ਤਹਾ–ਉਥੇ।ਬਸਨਾ–ਵਸਦਾ ਹੈ; ਨਿਵਾਸ।ਰਸਨਾ–ਜੀਭ ਨਾਲ।੨।ਨਵ ਨਿਧਿ–ਨੌਂ (ਧਰਤੀ ਦੇ ਸਾਰੇ) ਖਜਾਨੇ।ਮਨਹਿ–ਮਨ ਦਾ।ਸੰਗਿ–ਨਾਲ।ਰਚੀਆ–ਜੁੜਿਆ ਹਾਂ।ਤਕੀਆ–ਸਹਾਰਾ।੩।ਤੁਹੀ–ਤੈਨੂੰ ਹੀ।ਮਰਮੁ–ਭੇਤ।ਤੇ–ਤੋਂ।ਦ੍ਰਿੜਿਆ–ਨਿਸਚੇ ਕੀਤਾ; (ਮਨ ਵਿਚ) ਪੱਕਾ ਕੀਤਾ।ਟੇਕੈ–ਆਸਰਾ।੪।੧੮।੮੭।
ਰੰਗ ਰਸਾ = ਹੇ ਰੰਗਾਂ ਵਿਚ ਰਸੇ ਹੋਏ!। ਮੇਰੇ ਪ੍ਰੇਮ ਵਿਚ ਰਸ ਭਰਨ ਵਾਲਾ।ਮੈਂ ਤੇਰੇ ਪ੍ਰੇਮ ਦਾ ਰਸੀਆ ਹਾਂ।

ਅੰਗ ੧੮੨ = ਗਉੜੀ ਗੁਆਰੇਰੀ ਮਹਲਾ ੫ ॥ ਬਿਆਪਤ ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥ ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ ਬਿਆਪਸਿ ਲੋਭਾ ॥੧॥ (ਕਿਸੇ ਨੂੰ ਮਾਇਆ) ਖੁਸ਼ੀ ਅਤੇ ਕਿਸੇ ਨੂੰ ਸੋਗ ਦਾ ਵਿਸਥਾਰ ਰੂਪ ਹੋ ਕੇ ਵਿਆਪਦੀ ਹੈ।(ਇਹ ਮਾਇਆ) ਨਰਕਾਂ ਸੁਰਗਾਂ ਵਿਚ ਜਨਮ ਲੈਣ ਵਾਲਿਆਂ ਨੂੰ ਵੀ ਵਿਆਪਦੀ ਹੈ; (ਮਾਇਆ) ਨਰਕਾਂ ਤੇ ਸੁਰਗਾਂ (ਦੇ ਜੀਵਾਂ ਅਤੇ) ਅਵਤਾਰਾਂ ਨੂੰ ਵੀ ਚਿੰਬੜਦੀ ਹੈ (ਸੰ.ਪੋ.; ਸ਼ਬਦਾਰਥ)।ਧਨੀਆਂ ਨੂੰ ਤੇ ਨਿਰਧਨਾਂ ਨੂੰ ਵੀ ਵਿਆਪਦੀ ਹੈ ਤੇ ਕਿਸੇ ਨੂੰ ਅਪਣੀ ਸੋਭਾ ਹੁੰਦੀ ਦੇਖਣ ਵਿਚ ਵਿਆਪਦੀ ਹੈ; (ਕਿਸੇ ਨੂੰ ਮਾਇਆ) ਧਨ ਦੇ ਰੂਪ ਵਿਚ ਕਿਸੇ ਨੂੰ ਨਿਰਧਨ ਰੂਪ ਤੇ ਕਿਸੇ ਨੂੰ ਅਪਣੀ ਸੋਭਾ ਦੇਖਣ ਦੇ ਰੂਪ ਵਿਚ ਵਿਆਪਦੀ ਹੈ।ਦੁਖਾਂ ਦੇ ਮੂਲ ਲੋਭ ਦੇ ਰੂਪ ਵਿਚ (ਮਾਇਆ) ਵਿਆਪਦੀ ਹੈ (ਦੁਖਾਂ ਜਾਂ ਰੋਗਾਂ ਦਾ ਮੂਲ ਕਾਰਣ ਲੋਭ ਰੂਪ ਮਾਇਆ ਹੈ, ਜੋ ਸਭ ਨੂੰ ਚਿੰਬੜੀ ਹੋਈ ਹੈ)।੧।
ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ਰਹਾਉ॥ ਮਾਇਆ (ਜੀਵਾਂ ਉਪਰ) ਬਹੁਤ ਤਰ੍ਹਾਂ ਨਾਲ ਆਪਣਾ ਅਸਰ ਪਾਉਂਦੀ ਹੈ।(ਪਰ) ਹੇ ਵਾਹਿਗੁਰੂ! ਸੰਤ ਤੇਰੀ ਓਟ ਕਰਕੇ ਜਿਉਂਦੇ ਹਨ।੧।ਰਹਾਉ।
ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥ ਬਿਆਪਤ ਹਸਤਿ ਘੋੜੇ ਅਰੁ ਬਸਤਾ ॥ ਬਿਆਪਤ ਰੂਪਿ ਜੋਬਨ ਮਦ ਮਸਤਾ ॥੨॥ (ਮਾਇਆ ਉਸ ਮਨੁੱਖ ਨੂੰ ਵਿਆਪਦੀ ਹੈ ਜੋ) ਹੰਕਾਰ ਵਾਲੀ ਬੁਧੀ ਦਾ ਮਸਤਿਆ ਹੋਇਆ ਹੈ।(ਉਸ ਮਨੁੱਖ ਨੂੰ ਮਾਇਆ) ਵਿਆਪਦੀ ਹੈ. ਜੋ ਪੁਤ੍ਰ ਤੇ ਇਸਤ੍ਰੀ ਆਦਿ ਨਾਲ (ਮੋਹ ਵਿਚ) ਰਚਿਆ ਹੈ।(ਕਿਸੇ ਨੂੰ) ਹਾਥੀ ਘੋੜੇ ਅਤੇ ਵਸਤੂਆਂ ਦੇ ਰੂਪ ਵਿਚ (ਮਾਇਆ) ਵਿਆਪ ਰਹੀ ਹੈ।(ਉਸ ਮਨੁੱਖ ਨੂੰ ਮਾਇਆ) ਵਿਆਪਦੀ ਹੈ, ਜੋ ਸੁੰਦਰ ਰੂਪ ਤੇ ਜੁਆਨੀ ਦੇ ਨਸ਼ੇ ਵਿਚ ਮਸਤ ਹੈ।੨।

www.GuruGranthVakhyaan.org

ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥ ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥ (ਮਾਇਆ) ਵਿਆਪਦੀ ਹੈ ਜਮੀਨ ਵਾਲਿਆਂ ਨੂੰ, ਕੰਗਾਲਾਂ ਨੂੰ ਤੇ ਰੰਗ (ਐਸ਼) ਮਾਨਣ ਵਾਲੇ ਅਮੀਰਾਂ ਨੂੰ। ਗੀਤਾਂ ਤੇ ਰਾਗਾਂ ਨੂੰ ਸੰਗੀ ਸਾਥੀਆਂ ਵਿਚ ਸੁਣਨ ਵਾਲਿਆਂ ਨੂੰ ਬਿਆਪਦੀ ਹੈ। ਸੇਜਾਂ, ਮਹਿਲਾਂ ਤੇ ਸ਼ਿੰਗਾਰਾਂ ਦੇ ਰੂਪ ਵਿਚ ਵਿਆਪਦੀ ਹੈ। ਪੰਜ ਕਾਮਾਦਿਕ ਦੂਤਾਂ ਦੇ ਕਾਰਣ ਹਨ੍ਹੇਰੇ ਦੇ ਰੂਪ ਵਿਚ (ਮਾਇਆ ਹਰ ਕਿਸੇ ਨੂੰ) ਵਿਆਪਦੀ ਹੈ।੩।

ਬਿਆਪਤ ਕਰਮ ਕਰੇ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥ ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ, ਬਿਨੁ ਹਰਿ ਰੰਗਿ ਰਾਤ ॥੪॥ (ਜੋ ਮਨੁੱਖ) ਹਉਮੈ ਵਿਚ ਫਸਿਆ ਹੋਇਆ ਕਰਮ ਕਰਦਾ ਹੈ, (ਉਸ ਨੂੰ ਮਾਇਆ) ਵਿਆਪਦੀ ਹੈ। (ਮਾਇਆ) ਗ੍ਰਿਸਤੀਆਂ ਨੂੰ ਵੀ ਵਿਆਪਦੀ ਹੈ ਤੁ ਉਦਾਸੀਆਂ ਨੂੰ ਵੀ ਵਿਆਪਦੀ ਹੈ। (ਮਾਇਆ) ਨੇਕ ਚਾਲ ਚੱਲਣ ਦੇ ਰੂਪ ਵਿਚ, ਕਾਰ ਵਿਹਾਰ ਕਰਨ ਵਿਚ ਤੇ ਜਾਤ (ਦਾ ਹੰਕਾਰ ਕਰਨ ਰੂਪ) ਵਿਚ ਵੀ ਵਿਆਪਦੀ ਹੈ। ਵਾਹਿਗੁਰੂ ਦੇ ਪ੍ਰੇਮ ਵਿਚ ਰੰਗੇ ਜਾਣ ਤੋਂ ਬਿਨਾ ਸਭ ਕੁਛ (ਮਾਇਆ ਰੂਪ ਹੋ ਕੇ) ਵਿਆਪਦਾ ਹੈ।੪।

ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥ ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥ (ਪਰ ਜਿਨ੍ਹਾਂ) ਸੰਤਾਂ ਦੇ ਹਰੀ ਰਾਜੇ ਨੇ (ਮਾਇਕ) ਬੰਧਨ ਕੱਟ ਦਿਤੇ ਹਨ। ਉਨ੍ਹਾਂ ਨੂੰ ਮਾਇਆ ਕਿਥੇ ਵਿਆਪ ਸਕਦੀ ਹੈ? ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ (ਪੁਰਖਾਂ) ਨੇ ਸੰਤਾਂ ਦੀ ਧੂੜ ਪ੍ਰਾਪਤ ਕੀਤੀ ਹੈ। ਉਨ੍ਹਾਂ ਦੇ ਨੇੜੇ ਮਾਇਆ ਨਹੀਂ ਆਉਂਦੀ।੫।੧੯।੮੮।

ਪਦਾਰਥ = ਬਿਆਪਤ–ਵਿਆਪਦੀ ਹੈ; ਲਗਦੀ ਹੈ; ਅਸਰ ਪਾਉਂਦੀ ਹੈ। ਹਰਖ–ਖੁਸ਼ੀ; ਅਨੰਦ। ਸੋਗ–ਗਮੀ। ਬਿਸਥਾਰ–ਖਿਲਾਰਾ ;ਫੈਲਾਉ। ਅਵਤਾਰ–ਜਨਮ ਲੈਣਾ; ਅਵਤਾਰਾਂ ਨੂੰ। ਧਨ–ਧਨਵਾਨਾਂ ਨੂੰ। ਬਿਆਧੀ–ਰੋਗਾਂ ਦਾ; ਦੁੱਖਾਂ ਦਾ।੧। ਬਹੁ ਪਰਕਾਰੀ–ਬਹੁਤ ਤਰਾਂ ਨਾਲ। ਓਟ–ਆਸਰਾ।੧। ਰਹਾਉ। ਅਹੰਬੁਧਿ–ਹੰਕਾਰ ਵਾਲੀ ਬੁੱਧੀ। ਮਾਤਾ–ਮਸਤਿਆ ਹੋਇਆ। ਕਲਤ੍ਰ–ਇਸਤ੍ਰੀ। ਰਾਤਾ–ਰਚਿਆ ਹੋਇਆ ਹੈ। ਹਸਤਿ–ਹਾਥੀ। ਅਰੁ–ਅਤੇ। ਬਸਤਾ–ਵਸਤੂਆਂ; ਵਸਤ੍ਰ। ਰੂਪਿ–ਸੁੰਦਰਤਾ। ਜੋਬਨ–ਜੁਆਨੀ। ਮਦ–ਨਸ਼ਾ। ਮਸਤਾ–ਮਸਤਿਆ ਹੋਇਆ ਹੈ।੨। ਭੂਮਿ–ਜਿਮੀਂਦਾਰ। ਰੰਕ–ਕੰਗਾਲ। ਰੰਗਾ–ਐਸ਼ ਕਰਨ ਵਾਲਾ ਅਮੀਰ। ਨਾਦ–ਰਾਗ; ਵਾਜੇ। ਸੰਗਾ–ਅਖਾੜੇ; ਮੰਡਲੀ।੩। ਕਰਮ–ਧਾਰਮਕ ਕਰਮ। ਹਉ–ਹੰਕਾਰ। ਫਾਸਾ–ਫਸਿਆ ਹੋਇਆ। ਉਦਾਸਾ–ਸੰਸਾਰ ਦਾ ਤਿਆਗੀ। ਆਚਾਰ–ਨੇਕ ਚਾਲ ਚੱਲਣ; ਸ਼ੁੱਭ ਕਰਮ। ਬਿਉਹਾਰ–ਕਾਰ ਵਿਹਾਰ। ਜਾਤਿ–ਜਾਤ ਦੇ ਹੰਕਾਰ ਵਿਚ। ਰੰਗਿ ਰਾਤ–ਪ੍ਰੇਮ ਵਿਚ ਰੰਗੇ ਹਨ।੪। ਹਰਿ ਰਾਇ–ਹਰੀ ਰਾਜੇ ਨੇ। ਤਾ ਕਉ–ਉਨ੍ਹਾਂ ਨੂੰ। ਕਹਾ–ਕਿਥੇ; ਕਦ। ਮਾਇ–ਮਾਇਆ।੫।੧੯।੮੮।

ਗਉੜੀ ਗੁਆਰੇਰੀ ਮਹਲਾ ੫ ॥ ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥ ਰਸਨਾ ਸੋਈ ਲੋਭਿ ਮੀਠੈ ਸਾਦਿ ॥ਮਨੁ ਸੋਇਆ ਮਾਇਆ ਬਿਸਮਾਦਿ ॥੧॥ ਪਰਾਏ ਰੂਪ ਨੂੰ ਵਿਕਾਰਾਂ ਵਾਲੀ ਨਜਰ ਨਾਲ ਦੇਖਣਾ, ਇਹ ਅੱਖਾਂ ਵਿਚ ਨੀਂਦ ਹੈ। ਨਿੰਦਿਆ ਵਾਲੇ ਵਿਚਾਰ ਸੁਣ ਸੁਣ ਕੇ (ਮਨੁੱਖ ਦੇ) ਕੰਨ ਸੁੱਤੇ ਪਏ ਹਨ। ਜੀਭ ਮਿੱਠੇ (ਪਦਾਰਥਾਂ ਦੇ) ਸੁਆਦਾਂ ਦੇ ਲੋਭ ਵਿਚ ਸੁੱਤੀ ਪਈ ਹੈ। (ਸਾਰੇ ਇੰਦ੍ਰਿਆਂ ਦਾ ਪ੍ਰੇਰਕ) ਮਨ ਮਾਇਆ ਦੇ ਜਹਿਰੀਲੇ ਨਸ਼ੇ ਵਿਚ ਸੁੱਤਾ ਪਿਆ ਹੈ।੧।

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ਰਹਾਉ॥ਇਸ ਸਰੀਰ ਰੂਪ ਘਰ ਵਿਚ ਜੇ ਕੋਈ (ਮਨੁੱਖ) ਜਾਗਦਾ ਰਹਿੰਦਾ ਹੈ। ਉਹ (ਮਨੁੱਖ) ਅਪਣੀ ਵਸਤੂ ਨੂੰ ਸਾਬਤ ਰੱਖ ਲੈਂਦਾ ਹੈ (ਬਾਕੀਆਂ ਨੂੰ ਸੁੱਤੇ ਪਏ ਦੇਖ ਕੇ ਚੋਰ ਲੁੱਟ ਲੈਂਦੇ ਹਨ, ਪਰ ਜਾਗਦਾ ਮਨੁੱਖ ਆਤਮਕ ਜੀਵਨ ਦੀ ਪੂੰਜੀ ਸੰਭਾਲ ਕੇ ਰੱਖਦਾ ਹੈ)।੧। ਰਹਾਉ।

ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥ (ਮਨੁੱਖਾ ਸਰੀਰ ਦੀਆਂ) ਸਾਰੀਆਂ ਇੰਦ੍ਰੀਆਂ ਅਪਣੇ ਅਪਣੇ ਰਸ (ਦੇਖਣ ਸੁਣਨ ਆਦਿ) ਵਿਚ ਮਸਤ ਹਨ। (ਪਰ ਕਿਸੇ ਇੰਦ੍ਰੀ ਨੇ) ਅਪਣੇ ਅੰਤਹਕਰਣ ਰੂਪ ਘਰ ਦੀ ਖਬਰ ਨਹੀਂ ਜਾਣੀ (ਕਿ ਸ਼ੁੱਭ ਗੁਣਾਂ ਰੂਪ ਧਨ ਲੁੱਟਿਆ ਜਾ ਰਿਹਾ ਹੈ)। ਲੁੱਟਣ ਵਾਲੇ ਪੰਜ ਲੁਟੇਰੇ ਕਾਮਾਦਿਕ ਹਨ। ਸਰੀਰ ਰੂਪ ਨਗਰ ਸੁੰਨਾ ਪਿਆ ਦੇਖ ਕੇ (ਇਹ ਪੰਜ ਕਾਮਾਦਿਕ) ਠੱਗਣ ਵਾਲੇ (ਲੁੱਟਣ ਆ) ਪਏ ਹਨ (ਕਿਉਂਕਿ ਰਾਖੀ ਕਰਨ ਵਾਲਾ ਕੋਈ ਨਹੀਂ, ਸਭ ਇੰਦ੍ਰੇ ਸੁੱਤੇ ਪਏ ਹਨ)।੨।

ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥ ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧ ਸੰਗਿ ਓਇ ਦੁਸਟ ਵਸਿ ਹੋਤੇ ॥੩॥ ਮਾਂ ਬਾਪ ਵੀ ਉਨ੍ਹਾਂ (ਲੁਟੇਰਿਆਂ ਤੋਂ ਬਚਾ ਕੇ) ਨਹੀਂ ਰਖ ਸਕਦੇ। ਮਿੱਤ੍ਰ ਤੇ ਭਾਈ ਵੀ ਉਨ੍ਹਾਂ ਤੋਂ (ਬਚਾ ਕੇ)

All Rights Reserved by Harjinder Singh Gyani | www.GuruGranthVakhyaan.org

ਨਹੀਂ ਰੱਖ ਸਕਦੇ।(ਰਿਸ਼ਵਤ ਦੇ ਤੌਰ ਤੇ) ਧਨ ਦੇਣ ਜਾਂ ਸਿਆਣਪ ਨਾਲ ਵੀ ਉਹ (ਰੋਕੇ) ਨਹੀਂ ਰਹਿੰਦੇ।ਉਹ (ਕਾਮਾਦਿਕ) ਦੁਸ਼ਟ ਸਾਧ ਸੰਗਤ ਦੁਆਰਾ ਵਸ ਹੁੰਦੇ ਹਨ।੩।

ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥ ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥ ਹੇ ਵਾਹਿਗੁਰੂ! ਮੇਰੇ ਉਤੇ ਕਿਰਪਾ ਕਰ।(ਮੈਨੂੰ) ਸੰਤਾਂ ਦੇ ਚਰਨਾਂ ਦੀ ਧੂੜ ਬਖਸ਼, ਜੋ ਸਭ ਤਰ੍ਹਾਂ ਦਾ ਖਜਾਨਾ ਹੈ। ਗੁਰੂ ਜੀ ਆਖਦੇ ਹਨ ਕਿ ਜਿਹੜਾ ਮਨੁੱਖ ਵਾਹਿਗੁਰੂ ਦੇ ਪ੍ਰੇਮ ਵਿਚ ਰਹਿ ਕੇ ਜਾਗਦਾ ਹੈ, ਉਹ ਆਤਮਕ ਗੁਣਾਂ ਦੀ ਪੂੰਜੀ ਸਤਿਗੁਰੂ ਦੀ ਸੰਗਤ ਵਿਚ ਰਹਿ ਕੇ ਸਾਬਤ ਰਖਦਾ ਹੈ (ਪੰਜ ਕਾਮਾਦਿਕਾਂ ਤੋਂ ਬਚਿਆ ਰਹਿੰਦਾ ਹੈ)।੪।

ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ਰਹਾਉ ਦੂਜਾ॥੨੦॥੮੯॥ ਉਹ (ਮਨੁੱਖ) ਜਾਗਦਾ ਹੈ, ਜਿਸ ਉਤੇ ਪ੍ਰਭੂ ਕ੍ਰਿਪਾਲ ਹੁੰਦਾ ਹੈ।ਉਨ੍ਹਾਂ ਦੀ ਇਹ (ਆਤਮਕ ਜੀਵਨ ਵਿਚ ਕੰਮ ਆਉਣ ਵਾਲੀ ਸ਼ੁੱਭ ਗੁਣਾਂ ਦੀ) ਪੂੰਜੀ ਅਤੇ ਹੋਰ ਮਾਲ ਧਨ ਸਹੀ ਸਲਾਮਤ (ਕਾਮਾਦਿਕ ਲੁਟੇਰਿਆਂ ਤੋਂ ਬਚਿਆ) ਰਹਿੰਦਾ ਹੈ।੧।ਰਹਾਉ ਦੂਜਾ।੨੦।੮੯।

ਪਦਾਰਥ = ਨੈਨਹੁ–ਅੱਖਾਂ ਵਿਚ।ਸ੍ਰਵਣ–ਕੰਨ।ਸੋਈ–ਸੁੱਤੀ ਪਈ ਹੈ।ਸਾਦਿ–ਸੁਆਦਾਂ ਵਿਚ।ਬਿਸਮਾਦਿ–ਜਹਿਰੀਲੇ ਨਸ਼ੇ ਵਿਚ; ਮਸਤੀ ਵਿਚ (ਮਾਇਆ ਵਿਚ ਮੋਹਿਤ ਹੋ ਕੇ ਭੁੱਲ ਜਾਣ ਵਾਲੀ ਅਵਸਥਾ)।੧।ਗ੍ਰਿਹਿ–ਸਰੀਰ ਰੂਪ ਘਰ ਵਿਚ।ਸਾਬਤੁ–ਸਹੀ ਸਲਾਮਤ ਕਾਇਮ।੧।ਰਹਾਉ।ਸਗਲ–ਸਾਰੇ।ਸਹੇਲੀ–ਮਿੱਤ੍ਰ (ਇੰਦ੍ਰੀਆਂ)।ਰਸ–ਚਸਕਿਆਂ ਵਿਚ।ਮਾਤੀ–ਮਸਤ ਹਨ।ਪੰਚ–ਪੰਜ ਕਾਮ ਆਦਿਕ।ਮੁਸਨਹਾਰ–ਲੁੱਟਣ ਵਾਲੇ।ਬਟਵਾਰੇ–ਲੁਟੇਰੇ।ਸੂਨੇ–ਸੁੰਨ ਸਾਨ; ਖਾਲੀ।ਪਰੇ–ਆ ਪਏ।ਠਗਹਾਰੇ–ਠੱਗਣ ਵਾਲੇ।੨।ਉਨ ਤੇ–ਉਨ੍ਹਾਂ ਤੋਂ।ਮਾਈ–ਮਾਂ।ਦਰਬਿ–ਧਨ ਨਾਲ।ਓਇ–ਉਹ (ਕਾਮਾਦਿਕ)।ਹੋਤੇ–ਹੁੰਦੇ ਹਨ।੩।ਮੋਹਿ–ਮੈਨੂੰ; ਮੇਰੇ ਉਤੇ।ਸਾਰਿੰਗ ਪਾਣਿ–ਧਰਤੀ ਹੈ ਜਿਸ ਦੇ ਹੱਥ ਵਿਚ ਭਾਵ ਵਾਹਿਗੁਰੂ।ਨਿਧਾਨ–ਖਜਾਨੇ।ਰੰਗਿ–ਪ੍ਰੇਮ ਵਿਚ।੪।ਸੋ–ਉਹ।ਪੂੰਜੀ ਧਨੁ ਮਾਲੁ–ਸੁਆਸਾਂ ਦੀ ਪੂੰਜੀ ਨੂੰ ਵਾਹਿਗੁਰੂ ਦੇ ਪ੍ਰੇਮ ਵਿਚ ਸਫਲ ਕਰਨ ਨਾਲ ਮਾਲ ਧਨ ਨਫੇ ਵੱਜੋਂ ਪ੍ਰਾਪਤ ਹੁੰਦਾ ਹੈ, ਪੂੰਜੀ ਸਫਲ ਹੋ ਗਈ ਤੇ ਵਾਹਿਗੁਰੂ ਪ੍ਰਾਪਤੀ ਦਾ ਮਾਲ ਧਨ ਰੂਪ ਲਾਭ ਮਿਲ ਗਿਆ (ਸੰ.ਪੋ.)।੨੦।੮੯।

ਨੋਟ = 'ਪਾਰਬ੍ਰਹਮ ਕੈ ਰੰਗਿ' ਜਾਗਤ ਅਵਸਥਾ ਹੈ ਤੇ 'ਮਾਇਆ ਬਿਸਮਾਦਿ' ਮਾਇਆ ਵਿਚ ਬਿਮੋਹਿਤ ਅਵਸਥਾ। ਆਤਮ ਬਿਸਮਾਦ ਵਿਚ ਨੀਂਦ ਨਹੀਂ ਆਉਂਦੀ, ਪਰ ਮਾਇਆ ਬਿਸਮਾਦ ਵਿਚ ਮਨ ਸੁੱਤਾ ਪਿਆ ਦਸਿਆ ਹੈ।ਨੀਂਦ ਹੈ ਤਮੋ ਗੁਣ ਦੀ। 'ਸੂਨੇ ਨਗਰ' ਤੋਂ ਭਾਵ ਹੈ, ਰਾਖੀ ਕਰਨ ਵਾਲਾ ਪਹਿਰੇ ਤੇ ਕੋਈ ਨਹੀਂ।ਸੁਆਸਾਂ ਬਿਨਾ ਜੀਵਨ ਨਹੀਂ, ਸੋ ਸੁਆਸ ਹੀ ਜੀਵਨ ਹਨ।ਮਨੁੱਖੀ ਜੀਵਨ ਸਦਾ ਖੁਸ਼ੀ ਤੇ ਖੇੜੇ ਵਿਚ ਨਹੀਂ ਰਹਿੰਦਾ।ਕਾਮਾਦਿਕ ਜੀਵਨ ਵਿਚ ਖੁਸ਼ੀ ਨਹੀਂ ਰਹਿਣ ਦੇਂਦੇ।ਜੇ ਮਨੁੱਖ ਨੇ ਖੁਸ਼ ਰਹਿਣਾ ਹੈ ਤਾਂ ਪੰਜ ਲੁਟੇਰਿਆਂ ਤੋਂ ਬਚਾਉ ਕਰਕੇ ਵਾਹਿਗੁਰੂ ਦੇ ਪ੍ਰੇਮ ਵਿਚ ਅਪਣੇ ਆਪ ਨੂੰ ਰੰਗ ਦੇਵੇ।ਇਸ ਨਾਲ ਜੀਵਨ ਸਫਲ ਹੋਵੇਗਾ ਤੇ ਪ੍ਰਭੂ ਮਿਲਾਪ ਦੇ ਅਨੰਦ ਦਾ ਨਫਾ ਵੀ ਪ੍ਰਾਪਤ ਹੋਵੇਗਾ।ਇਸ ਤਰ੍ਹਾਂ ਸੁਆਸਾਂ ਦੀ ਪੂੰਜੀ ਸਾਬਤ ਰਹਿੰਦੀ ਹੈ।

ਗਉੜੀ ਗੁਆਰੇਰੀ ਮਹਲਾ ੫ ॥ ਜਾ ਕੈ ਵਸਿ ਖਾਨ ਸੁਲਤਾਨ ॥ ਜਾਕੈ ਵਸਿ ਹੈ ਸਗਲ ਜਹਾਨ ॥ ਜਾਕਾ ਕੀਆ ਸਭੁ ਕਿਛੁ ਹੋਇ ॥ ਤਿਸ ਤੇ ਬਾਹਰਿ ਨਾਹੀ ਕੋਇ ॥੧॥ (ਅਜੇਹਾ ਕੌਣ ਹੈ ਜੋ ਸਭ ਦੇ ਕਾਰਜ ਪੂਰੇ ਕਰਦਾ ਹੈ) ਜਿਸ (ਵਾਹਿਗੁਰੂ) ਦੇ ਵਸ ਵਿਚ ਸੁਲਤਾਨ ਤੇ (ਵੱਡੇ ਵੱਡੇ ਅਹੁਦਿਆਂ ਵਾਲੇ) ਸਰਦਾਰ ਹਨ।ਅਤੇ ਜਿਸੇ ਦੇ ਵਸ ਵਿਚ ਸਾਰਾ ਜਹਾਨ ਹੈ।(ਜਗਤ ਵਿਚ) ਸਭ ਕੁਛ ਜਿਸ (ਕਰਤਾਰ) ਦਾ ਕੀਤਾ ਹੋਇਆ ਹੁੰਦਾ ਹੈ।ਉਸ (ਵਾਹਿਗੁਰੂ ਦੇ ਹੁਕਮ) ਤੋਂ ਬਾਹਰ ਕੋਈ ਵੀ ਨਹੀਂ।੧।

ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ ॥ ਕਾਜ ਤੁਮਾਰੇ ਦੇਇ ਨਿਬਾਹਿ ॥੧॥ਰਹਾਉ॥ (ਹੇ ਭਾਈ! ਕੰਮਾਂ ਦੀ ਪੂਰਨਤਾ ਵਾਸਤੇ) ਅਪਣੇ ਸਤਿਗੁਰੂ ਦੇ ਪਾਸ ਬੇਨਤੀ ਕਰਕੇ ਆਖੋ।(ਉਹ) ਤੁਹਾਡੇ ਕਾਰਜ ਪੂਰਨ ਕਰ ਦੇਵੇਗਾ।੧।ਰਹਾਉ।

ਸਭ ਤੇ ਊਚ ਜਾਕਾ ਦਰਬਾਰੁ ॥ ਸਗਲ ਭਗਤ ਜਾਕਾ ਨਾਮੁ ਅਧਾਰੁ ॥ਸਰਬ ਬਿਆਪਿਤ ਪੂਰਨ ਧਨੀ ॥ ਜਾ ਕੀ ਸੋਭਾ ਘਟਿ ਘਟਿ ਬਨੀ ॥੨॥ਜਿਸ ਨਿਰੰਕਾਰ ਦਾ ਦਰਬਾਰ ਸਭ (ਸ਼ਾਹਾਂ ਪਾਤਸ਼ਾਹਾਂ ਦੇ ਦਰਬਾਰਾਂ) ਤੋਂ ਉਚਾ ਹੈ।ਜਿਸ ਦਾ ਨਾਮ ਸਾਰੇ ਭਗਤਾਂ ਦਾ ਆਸਰਾ ਹੈ।ਉਹ ਪੂਰਨ ਨਿਰੰਕਾਰ ਸਭ ਜਗ੍ਹਾ ਵਿਆਪਕ ਹੈ।ਜਿਸ ਦੀ ਸੋਭਾ ਹਰੇਕ ਦੇ ਦਿਲ ਵਿਚ ਵਿਚ ਬਣੀ ਹੋਈ ਹੈ (ਨਿਰੰਕਾਰ ਹਰੇਕ ਜੀਵ ਦੇ ਦਿਲ ਵਿਚ ਜੋਤ ਸਰੂਪ ਹੋ ਕੇ ਸੋਭ ਰਿਹਾ ਹੈ)।੨।

ਜਿਸੁ ਸਿਮਰਤ ਦੁਖ ਡੇਰਾ ਢਹੈ ॥ ਜਿਸੁ ਸਿਮਰਤ ਜਮੁ ਕਿਛੂ ਨ ਕਹੈ ॥ ਜਿਸੁ ਸਿਮਰਤ ਹੋਤ ਸੂਕੇ ਹਰੇ ॥ ਜਿਸ ਨਿਰੰਕਾਰ ਨੂੰ ਸਿਮਰਦਿਆਂ ਦੁੱਖਾਂ ਦਾ ਡੇਰਾ (ਅਗਿਆਨ) ਨਾਸ਼ ਹੋ ਜਾਂਦਾ ਹੈ।ਜਿਸ ਨੂੰ ਸਿਮਰਦਿਆਂ ਜਮ ਕੁਛ ਨਹੀਂ ਕਹਿੰਦਾ।ਜਿਸ ਨੂੰ

All Rights Reserved by Harjinder Singh Gyani | www.GuruGranthVakhyaan.org

ਸਿਮਰਦਿਆਂ ਸੁੱਕੇ (ਕਾਮਾਦਿਕਾਂ ਨਾਲ ਸੜੇ ਹੋਏ) ਮਨ ਸ਼ੁੱਭ ਗੁਣਾਂ ਨਾਲ ਹਰੇ ਭਰੇ ਹੋ ਜਾਂਦੇ ਹਨ।

ਅੰਗ ੧੮੩ = ਜਿਸੁ ਸਿਮਰਤ ਡੂਬਤ ਪਾਹਨ ਤਰੇ ॥੩॥ ਜਿਸ ਨੂੰ ਸਿਮਰਦਿਆਂ ਡੁਬਦੇ ਪੱਥਰ (ਪਾਪੀ ਜਾਂ ਕਠੋਰ ਦਿਲਾਂ ਵਾਲੇ ਜੀਵ) ਤਰ ਜਾਂਦੇ ਹਨ।੩।

ਸੰਤ ਸਭਾ ਕਉ ਸਦਾ ਜੈਕਾਰੁ ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥ ਕਹੁ ਨਾਨਕ ਮੇਰੀ ਸੁਣੀ ਅਰਦਾਸਿ ॥ ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ ॥੪॥੨੧॥੯੦॥ (ਉਨ੍ਹਾਂ) ਸੰਤਾਂ ਦੀ ਸਭਾ ਨੂੰ ਸਦਾ ਨਮਸ਼ਕਾਰ ਹੈ।(ਜਿਨ੍ਹਾਂ ਸੰਤ) ਜਨਾਂ ਦੇ ਪ੍ਰਾਣਾਂ ਦਾ ਆਸਰਾ ਹਰਿ ਹਰਿ ਨਾਮ ਹੈ।ਗੁਰੂ ਜੀ ਆਖਦੇ ਹਨ ਕਿ (ਨਿਰੰਕਾਰ ਨੇ) ਮੇਰੀ ਅਰਦਾਸ ਸੁਣ ਲਈ ਹੈ।ਸੰਤਾਂ ਦੀ ਕ੍ਰਿਪਾ ਨਾਲ (ਨਿਰੰਕਾਰ ਨੇ) ਮੈਨੂੰ ਨਾਮ ਦੇ ਘਰ ਵਿਚ ਟਿਕਾ ਦਿਤਾ ਹੈ; ਮੇਰੇ ਅੰਦਰ ਨਮ ਦਾ ਨਿਵਾਸ ਕਰ ਦਿਤਾ ਹੈ।੪।੨੧।੯੦।

ਪਦਾਰਥ = ਜਾ ਕੈ–ਜਿਸ ਦੇ।ਵਸਿ–ਅਧੀਨ; ਕਾਬੂ ਵਿਚ।ਖਾਨ–ਪਠਾਣਾਂ ਦੀ ਉਪਾਧੀ; ਰਈਸ; ਅਮੀਰ; ਬੜੇ ਬੜੇ ਅਹੁਦਿਆਂ ਵਾਲੇ ਸਰਦਾਰ।੧।ਪਾਹਿ–ਪਾਸ।ਨਿਬਾਹਿ–ਪੂਰੇ ਕਰੇਗਾ।੧।ਰਹਾਉ।ਅਧਾਰੁ–ਆਸਰਾ।ਬਿਆਪਿਤ–ਵਿਆਪਕ।ਧਨੀ–ਮਾਲਕ (ਵਾਹਿਗੁਰੂ)।ਘਟਿ ਘਟਿ–ਹਰੇਕ ਜੀਵ ਦੇ ਦਿਲ ਵਿਚ।੨।ਦੂਖ ਡੇਰਾ–ਦੁਖਾਂ ਦਾ ਅੱਡਾ ਅਗਿਆਨ।ਹੋਤ–ਹੁੰਦੇ ਹਨ।ਪਾਹਨ–ਕਠੋਰ ਚਿਤ ਵਾਲੇ ਪੁਰਖ।੩।ਸੰਤ ਸਭਾ–ਸਾਧ ਸੰਗਤ।ਕਉ–ਨੂੰ।ਜੈਕਾਰੁ–ਨਮਸ਼ਕਾਰ।ਮੋਕਉ–ਮੈਨੂੰ; ਮੇਰਾ।ਨਿਵਾਸਿ–ਘਰ ਵਿਚ ; ਵਾਸਾ।੪।੨੧।੯੦।

ਗਉੜੀ ਗੁਆਰੇਰੀ ਮਹਲਾ ੫ ॥ ਸਤਿਗੁਰ ਦਰਸਨਿ ਅਗਨਿ ਨਿਵਾਰੀ ॥ ਸਤਿਗੁਰ ਭੇਟਤ ਹਉਮੈ ਮਾਰੀ ॥ ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥ ਸਤਿਗੁਰੂ ਦੇ ਦਰਸ਼ਨ ਕਰਨ ਨਾਲ (ਮੇਰੀ ਤ੍ਰਿਸ਼ਨਾ ਦੀ) ਅੱਗ ਦੂਰ ਹੋ ਗਈ ਹੈ (ਤ੍ਰਿਪਤ ਹੋ ਗਿਆ ਹਾਂ, ਕਿਸੇ ਪਦਾਰਥ ਦੀ ਭੁੱਖ ਨਹੀਂ ਰਹੀ)।ਸਤਿਗੁਰੂ ਨੂੰ ਮਿਲਣ ਕਰਕੇ ਹਉਮੈ ਵੀ ਮਾਰੀ ਗਈ।ਸਤਿਗੁਰੂ ਦੀ ਸੰਗਤ ਕਰਕੇ (ਹੁਣ) ਮਨ ਨਹੀਂ ਡੋਲਦਾ।(ਕਿਉਂਕਿ ਮਨ) ਗੁਰਮੁਖ ਬਣ ਕੇ ਅੰਮ੍ਰਿਤ ਬਾਣੀ ਬੋਲਦਾ (ਪੜ੍ਹਦਾ) ਹੈ।੧।

ਸਭੁ ਜਗੁ ਸਾਚਾ, ਜਾ ਸਚ ਮਹਿ ਰਾਤੇ ॥ ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ ॥੧॥ਰਹਾਉ॥ ਜਦ ਸੱਚੇ ਨਿਰੰਕਾਰ ਵਿਚ ਰਚ ਗਏ ਤਾਂ ਸਾਰਾ ਜਗਤ ਸੱਚਾ ਪ੍ਰਤੀਤ ਹੋਣ ਲਗ ਗਿਆ।(ਜਦ) ਗੁਰੂ ਤੋਂ ਪ੍ਰਭੂ ਨੂੰ ਜਾਣ ਲਿਆ ਤਾਂ (ਮਨ) ਠੰਢਾ ਠਾਰ ਤੇ ਸ਼ਾਂਤ ਹੋ ਗਿਆ (ਪੂਰਨ ਸ਼ਾਂਤੀ ਮਿਲ ਗਈ)।੧।ਰਹਾਉ।

ਸੰਤ ਪ੍ਰਸਾਦਿ ਜਪੈ ਹਰਿ ਨਾਉ ॥ ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ ॥ ਸੰਤ ਪ੍ਰਸਾਦਿ ਸਗਲ ਦੁਖ ਮਿਟੇ ॥ ਸੰਤ ਪ੍ਰਸਾਦਿ ਬੰਧਨ ਤੇ ਛੁਟੇ ॥੨॥ ਸੰਤਾਂ ਦੀ ਕਿਰਪਾ ਨਾਲ (ਹੁਣ ਮੈਂ) ਹਰੀ ਦਾ ਨਾਮ ਜਪਦਾ ਹਾਂ।ਸੰਤਾਂ ਦੀ ਕਿਰਪਾ ਨਾਮ (ਮੈਂ) ਕੀਰਤਨ ਗਾਉਂਦਾ ਹਾਂ।ਸੰਤਾਂ ਦੀ ਕਿਰਪਾ ਨਾਲ (ਮੇਰੇ) ਸਾਰੇ ਦੁਖ ਮਿਟ ਗਏ ਹਨ।ਸੰਤਾਂ ਦੀ ਕਿਰਪਾ ਨਾਲ (ਮੈਂ ਮੋਹ ਮਾਇਆ ਦੇ) ਬੰਧਨਾਂ ਤੋਂ ਛੁੱਟ ਗਿਆ ਹਾਂ।੨।

ਸੰਤ ਕਿਰਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ ਸਭਿ ਧਰਮ ॥ ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥ ਸਾਧਾ ਮਹਿ ਇਹ ਹਮਰੀ ਜਿੰਦੁ ॥੩॥ ਸੰਤਾਂ ਦੀ ਕਿਰਪਾ ਨਾਲ ਮੋਹ ਤੇ ਭਰਮ ਮਿਟ ਗਏ ਹਨ।ਸਾਧੂਆਂ ਦੀ ਚਰਨ ਧੂੜ ਵਿਚ ਹੀ ਤੀਰਥ ਇਸ਼ਨਾਨ ਤੇ ਸਾਰੇ ਧਰਮ ਹਨ (ਸ਼ਬਦਾਰਥ); ਸੰਤਾਂ ਦੀ ਧੂੜੀ ਦਾ ਇਸ਼ਨਾਨ ਹੀ ਸੰਪੂਰਨ ਧਰਮ ਹੋ ਦਿਸਿਆ ਹੈ।ਸਾਧੂਆਂ ਦੀ ਕ੍ਰਿਪਾਲਤਾ ਨਾਲ ਗੋਵਿੰਦ ਦਿਆਲ ਹੁੰਦਾ ਹੈ।(ਮੇਰੀ) ਇਹ ਜਿੰਦ ਸਾਧੂਆਂ (ਦੀ ਸੰਗਤ) ਵਿਚ ਲੱਗੀ ਰਹਿੰਦੀ ਹੈ।੩।

ਕਿਰਪਾ ਨਿਧਿ ਕਿਰਪਾਲ ਧਿਆਵਉ ॥ ਸਾਧ ਸੰਗਿ ਤਾ ਬੈਠਣੁ ਪਾਵਉ ॥ ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ ॥ ਸਾਧ ਸੰਗਿ ਨਾਨਕ ਨਾਮੁ ਲਇਆ ॥੪॥੨੨॥੯੧॥ ਸਾਧ ਸੰਗਤ ਵਿਚ ਬੈਠਣਾ ਤਾਂ ਪ੍ਰਾਪਤ ਹੋਵੇਗਾ, ਜੇ ਉਥੇ ਜਾ ਕੇ ਕਿਰਪਾ ਦੇ ਖਜਾਨੇ ਕ੍ਰਿਪਾਲੂ ਵਾਹਿਗੁਰੂ ਨੂੰ ਧਿਆਵੋਂਗੇ।ਗੁਰੂ ਜੀ ਆਖਦੇ ਹਨ ਕਿ ਮੈਂ ਗੁਣਾਂ ਤੋਂ ਹੀਣੇ ਉਪਰ ਜਦ ਪ੍ਰਭੂ ਨੇ ਦਇਆ ਕੀਤੀ ਤਾਂ ਸਾਧ ਸੰਗਤ ਵਿਚ (ਮਿਲ ਕੇ ਵਾਹਿਗੁਰੂ ਦਾ) ਨਾਮ ਜਪ ਲਿਆ।੪।੨੨।੯੧।

ਪਦਾਰਥ = ਅਗਨਿ–ਅੱਗ (ਤ੍ਰਿਸ਼ਨਾ ਦੀ)।ਨਿਵਾਰੀ–ਦੂਰ ਕਰ ਦਿਤੀ।ਭੇਟਤ–ਮਿਲਣ ਕਰਕੇ।੧।ਜਾ–ਜਦ।ਰਾਤੇ–ਰਚ (ਪ੍ਰੇਮ ਵਿਚ ਰੰਗੇ) ਗਏ।ਤੇ–ਤੋਂ।ਜਾਤੇ–ਜਾਣਿਆ।੧।ਰਹਾਉ।ਸੰਤ–(ਬਹੁ ਵਚਨ ਹੈ) ਨਾਮ ਜਪਣ ਵਾਲੇ ਗੁਰਮੁਖ।ਛੁਟੇ–ਮੁਕਤ ਹੋ ਗਏ ਹਾਂ।੨।ਰੇਣ–ਧੂੜੀ।ਮਜਨ–ਇਸ਼ਨਾਨ।੩।ਕਿਰਪਾ ਨਿਧਿ–ਕ੍ਰਿਪਾ ਦਾ ਖਜਾਨਾ ਵਾਹਿਗੁਰੂ।ਤਾ–ਤਦ।ਬੈਠਣ ਪਾਵਉ–ਬੈਠਣਾ ਪ੍ਰਾਪਤ ਹੋਵੇਗਾ।ਮੋਹਿ–ਮੈਂ; ਮੇਰੇ।ਨਿਰਗੁਣ–ਗੁਣਾਂ ਤੋਂ ਖਾਲੀ।੪।੨੨।੯੧।

ਗਉੜੀ ਗੁਆਰੇਰੀ ਮਹਲਾ ੫ ॥ ਸਾਧ ਸੰਗਿ ਜਪਿਓ ਭਗਵੰਤੁ ॥ ਕੇਵਲ ਨਾਮੁ ਦੀਓ ਗੁਰਿ ਮੰਤੁ ॥ ਤਜਿ ਅਭਿਮਾਨ ਭਏ ਨਿਰਵੈਰ ॥ ਆਠ ਪਹਰ ਪੂਜਹੁ ਗੁਰ ਪੈਰ ॥੧॥ (ਜਿਸ ਵੇਲੇ) ਗੁਰੂ ਨੇ ਨਿਰੋਲ ਨਾਮ ਮੰਤ੍ਰ ਦਿਤਾ (ਤਾਂ ਇਹ ਮੰਤ੍ਰ ਲੈ ਕੇ ਅਸੀਂ) ਸਾਧ ਸੰਗਤ ਵਿਚ ਵਾਹਿਗੁਰੂ ਨੂੰ ਜਪਿਆ।(ਨਾਮ ਜਪਣ ਨਾਲ) ਅਭਿਮਾਨ ਦਾ ਤਿਆਗ ਕਰਕੇ ਵੈਰ ਰਹਿਤ ਹੋ ਗਏ ਹਾਂ।(ਇਸ ਲਈ ਹੇ ਸ਼ਰੋਤਾ ਜਨੋਂ! ਤੁਸੀਂ ਵੀ ਅਜੇਹੇ ਨਾਮ ਦੇ ਦਾਤੇ) ਗੁਰੂ ਦੇ ਚਰਨ ਅੱਠੇ ਪਹਿਰ ਪੂਜਦੇ ਰਹੋ।੧।

ਅਬ ਮਤਿ ਬਿਨਸੀ ਦੁਸਟ ਬਿਗਾਨੀ ॥ ਜਬ ਤੇ ਸੁਣਿਆ ਹਰਿ ਜਸੁ ਕਾਨੀ ॥੧॥ਰਹਾਉ॥ ਜਦ ਤੋਂ ਕੰਨਾਂ ਨਾਲ ਹਰੀ ਦਾ ਜਸ ਸੁਣਿਆ ਹੈ।(ਤਦ ਤੋਂ ਸਾਡੀ) ਹੁਣ ਬੁਰੀ ਤੇ ਬੇ ਸਮਝੀ ਵਾਲੀ ਮੱਤ ਦੂਰ ਹੋ ਗਈ ਹੈ।੧।ਰਹਾਉ।

ਸਹਜ ਸੂਖ ਆਨੰਦ ਨਿਧਾਨ ॥ ਰਾਖਨਹਾਰ ਰਖਿ ਲੇਇ ਨਿਦਾਨ ॥ ਦੂਖ ਦਰਦ ਬਿਨਸੇ ਭੈ ਭਰਮ ॥ ਆਵਣ ਜਾਣ ਰਖੇ ਕਰਿ ਕਰਮ ॥੨॥ (ਖੋਟੀ ਮੱਤ ਨਾਸ਼ ਹੋਣ ਕਰਕੇ) ਅਡੋਲ ਸੁਖ ਤੇ ਅਨੰਦ ਦਾ ਖਜਾਨਾ (ਵਾਹਿਗੁਰੂ) ਪ੍ਰਾਪਤ ਹੋ ਗਿਆ ਹੈ।(ਹੁਣ ਯਕੀਨ ਹੈ ਕਿ) ਅੰਤ ਵੇਲੇ ਰੱਖਿਆ ਕਰਨ ਵਾਲਾ ਵਹਿਗੁਰੂ (ਜਮਾਂ ਤੋਂ) ਰੱਖ ਲਵੇਗਾ।ਦੁਖ ਦਰਦ, ਮੌਤ ਦਾ ਡਰ ਤੇ ਭਰਮ ਆਦਿ ਖਤਮ ਹੋ ਗਏ ਹਨ।(ਪ੍ਰਭੂ ਨੇ) ਮੇਹਰ ਕਰਕੇ ਆਉਣ ਜਾਣ (ਜਨਮ ਮਰਨ) ਵੀ ਰੱਖ ਲਿਆ (ਮੁਕਾ ਦਿਤਾ) ਹੈ।੨।

ਪੇਖੈ ਬੋਲੈ ਸੁਣੈ ਸਭੁ ਆਪਿ ॥ ਸਦਾ ਸੰਗਿ ਤਾ ਕਉ ਮਨ ਜਾਪਿ ॥ ਸੰਤ ਪ੍ਰਸਾਦਿ ਭਇਓ ਪਰਗਾਸੁ ॥ ਪੂਰਿ ਰਹੇ ਏਕੈ ਗੁਣਤਾਸੁ ॥੩॥ ਸਾਰੇ (ਜੀਵਾਂ ਵਿਚ ਵਿਆਪਕ ਹੋ ਕੇ ਵਾਹਿਗੁਰੂ) ਆਪ ਹੀ ਬੋਲਦਾ ਹੈ, ਦੇਖਦਾ ਹੈ ਤੇ ਸੁਣਦਾ ਹੈ ਭਾਵ ਵਾਹਿਗੁਰੂ ਦੀ ਸੱਤਾ ਨਾਲ ਹੀ ਜੀਵ ਬੋਲਦਾ, ਦੇਖਦਾ ਤੇ ਸੁਣਦਾ ਹੈ।(ਜਿਹੜਾ ਵਾਹਿਗੁਰੂ ਜੀਵ ਦੇ) ਸਦਾ ਨਾਲ ਰਹਿੰਦਾ ਹੈ, ਹੇ ਮਨ! ਉਸ ਨੂੰ ਜਪ। ਸੰਤਾਂ ਦੀ ਕਿਰਪਾ ਨਾਲ ਇਹ ਗਿਆਨ ਹੋ ਗਿਆ ਹੈ ਕਿ ਗੁਣਾਂ ਦਾ ਖਜਾਨਾ ਇਕ ਪ੍ਰਭੂ ਸਭ ਵਿਚ ਪੂਰਨ ਹੋ ਰਿਹਾ ਹੈ।੩।

ਕਹਤ ਪਵਿਤ੍ਰ ਸੁਣਤ ਪੁਨੀਤ ॥ ਗੁਣ ਗੋਵਿੰਦ ਗਾਵਹਿ ਨਿਤ ਨੀਤ ॥ ਕਹੁ ਨਾਨਕ ਜਾਕਉ ਹੋਹੁ ਕ੍ਰਿਪਾਲ ॥ ਤਿਸੁ ਜਨ ਕੀ ਸਭ ਪੂਰਨ ਘਾਲ ॥੪॥੨੩॥੯੨॥ (ਜਿਹੜੇ ਮਨੁੱਖ) ਹਰ ਰੋਜ ਗੋਵਿੰਦ ਦੇ ਗੁਣ ਗਾਉਂਦੇ ਹਨ।(ਵਾਹਿਗੁਰੂ ਦੇ ਗੁਣ) ਕਹਿਣ ਵਾਲੇ ਪਵਿਤ੍ਰ ਤੇ ਸੁਣਨ ਵਾਲੇ ਵੀ ਪਵਿਤ੍ਰ ਹੋ ਜਾਂਦੇ ਹਨ।ਗੁਰੂ ਜੀ ਆਖਦੇ ਹਨ ਕਿ ਹੇ ਵਾਹਿਗੁਰੂ! ਜਿਸ ਮਨੁੱਖ ਉਤੇ ਤੁਸੀਂ ਕ੍ਰਿਪਾਲ ਹੁੰਦੇ ਹੋ।ਉਸ ਸੇਵਕ ਦੀ ਸਾਰੀ ਮਿਹਨਤ ਪੂਰਨ (ਸਫਲ) ਹੋ ਜਾਂਦੀ ਹੈ।੪।੨੩।੯੨।

ਪਦਾਰਥ = ਕੇਵਲ–ਨਿਰੋਲ; ਪਵਿਤ੍ਰ।ਤਜਿ–ਛੱਡ ਕੇ।ਪੈਰ–ਚਰਨ।੧।ਅਬ–ਹੁਣ।ਬਿਨਸੀ–ਨਾਸ਼ ਹੋ ਗਈ।ਦੁਸਟ–ਬੁਰੀ; ਖੋਟੀ।ਬਿਗਾਨੀ–ਬੇ ਸਮਝੀ ਵਾਲੀ; ਪਰਾਈ (ਦ੍ਵੈਤ ਵਿਚ ਲਾਉਣ ਵਾਲੀ); ਰੱਬ ਤੋਂ ਦੂਰ ਕਰਨ ਵਾਲੀ।ਕਾਨੀ–ਕੰਨਾਂ ਨਾਲ।੧। ਰਹਾਉ।ਸਹਜ ਸੂਖ–ਅਸਲੀ ਸੁਖ; ਨਿਰਯਤਨ ਸੁਖ।ਰਖਿ ਲੇਇ–ਬਚਾ ਲਏਗਾ।ਨਿਦਾਨ–ਅੰਤ ਵੇਲੇ।ਆਵਣ ਜਾਣ–ਜਨਮ ਮਰਨ।ਰਖੇ–ਰੋਕ ਰੱਖੇ (ਮੁਕਾ ਦਿਤੇ) ਹਨ।ਕਰਿ ਕਰਮ–ਮੇਹਰ ਕਰਕੇ।੨।ਤਾ ਕਉ–ਉਸ ਨੂੰ।ਭਇਓ–ਹੋਇਆ।ਪਰਗਾਸੁ–ਚਾਨਣ (ਗਿਆਨ)।ਏਕੈ–ਇਕ ਪ੍ਰਭੂ।ਗੁਣਤਾਸੁ–ਗੁਣਾਂ ਦਾ ਖਜਾਨਾ ਪ੍ਰਭੂ।੩।ਪੁਨੀਤ–ਪਵਿਤ੍ਰ।ਜਾਕਉ–ਜਿਸ ਉਤੇ।ਹੋਹੁ–ਹੁੰਦੇ ਹੋ।ਪੂਰਨ–ਸਫਲ ਹੁੰਦੀ ਹੈ।ਘਾਲ–ਮਿਹਨਤ।੪।੨੩।੯੨।

ਗਉੜੀ ਗੁਆਰੇਰੀ ਮਹਲਾ ੫ ॥ ਬੰਧਨ ਤੋੜਿ ਬੋਲਾਵੈ ਰਾਮੁ ॥ ਮਨ ਮਹਿ ਲਾਗੈ ਸਾਚੁ ਧਿਆਨੁ ॥ ਮਿਟਹਿ ਕਲੇਸ ਸੁਖੀ ਹੋਇ ਰਹੀਐ ॥ ਐਸਾ ਦਾਤਾ ਸਤਿਗੁਰੁ ਕਹੀਐ ॥੧॥ ਸੱਚਾ ਗੁਰੂ ਅਜੇਹਾ (ਸਮਰੱਥ) ਦਾਤਾ ਕਿਹਾ ਜਾਂਦਾ ਹੈ (ਜੋ ਅਪਣੇ ਸਿੱਖ ਦੇ ਸਾਰੇ) ਬੰਧਨ ਤੋੜ ਕੇ ਵਾਹਿਗੁਰੂ ਉਚਾਰਨ ਕਰਾਉਂਦਾ ਹੈ।(ਜਿਸ ਦਾ ਫਲ ਸਰੂਪ ਸਿੱਖ ਦੇ) ਮਨ ਵਿਚ ਵਾਹਿਗੁਰੂ ਦਾ ਸੱਚਾ ਧਿਆਨ ਲਗ ਜਾਂਦਾ ਹੈ।(ਨਾਮ ਸਿਮਰਨ ਦਾ ਸਦਕਾ ਸਾਰੇ) ਕਲੇਸ਼ ਮਿਟ ਜਾਂਦੇ ਹਨ ਅਤੇ ਸੁਖੀ ਹੋ ਕੇ ਰਹੀਦਾ ਹੈ।੧।

ਸੋ ਸੁਖ ਦਾਤਾ ਜਿ ਨਾਮੁ ਜਪਾਵੈ ॥ ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥੧॥ਰਹਾਉ॥ ਉਹ (ਸਤਿਗੁਰੂ) ਸੁੱਖਾਂ ਦਾ ਦਾਤਾ ਹੈ, ਜਿਹੜਾ ਵਾਹਿਗੁਰੂ ਦਾ ਨਾਮ ਜਪਾਉਂਦਾ ਹੈ।(ਅਤੇ ਸਤਿਗੁਰੂ) ਕਿਰਪਾ ਕਰਕੇ ਉਸ ਪ੍ਰਭੂ ਨਾਲ ਮਿਲਾ ਦੇਂਦਾ ਹੈ।੧।ਰਹਾਉ।

ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥ ਸਰਬ ਨਿਧਾਨ ਗੁਰੂ ਤੇ ਪਾਵੈ ॥ ਆਪੁ ਤਿਆਗਿ ਮਿਟੈ ਆਵਣ ਜਾਣਾ ॥ ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥੨॥ ਜਿਸ (ਮਨੁੱਖ) ਉਤੇ ਪ੍ਰਭੂ ਦਿਆਲ ਹੁੰਦਾ ਹੈ, ਉਸ ਨੂੰ ਆਪੇ (ਗੁਰੂ ਨਾਲ) ਮਿਲਾ ਦੇਂਦਾ ਹੈ। (ਤਦ) ਸਾਰੇ ਖਜਾਨੇ (ਮਨੁੱਖ) ਗੁਰੂ ਤੋਂ ਪਾ ਲੈਂਦਾ ਹੈ।(ਉਸ ਮਨੁੱਖ ਦਾ) ਆਪਾ ਭਾਵ ਤਿਆਗਣ ਕਰਕੇ ਆਉਣਾ ਜਾਣਾ (ਜਨਮ ਮਰਨ) ਮਿਟ ਜਾਂਦਾ ਹੈ।(ਕਿਉਂਕਿ ਉਸ ਨੇ ਮੁਕਤੀ ਦੇ ਦਾਤੇ) ਵਾਹਿਗੁਰੂ ਨੂੰ ਸਾਧ ਸੰਗਤ ਵਿਚ ਮਿਲ ਕੇ ਜਾਣ ਲਿਆ ਹੈ।੨।

ਜਨ ਊਪਰਿ ਪ੍ਰਭ ਭਏ ਦਇਆਲ ॥ ਜਨ ਕੀ ਟੇਕ ਏਕ ਗੋਪਾਲ ॥ ਜਿਨ੍ਹਾਂ ਸੇਵਕਾਂ ਉਪਰ ਪ੍ਰਭੂ ਦਿਆਲ ਹੋਏ ਹਨ।ਉਨ੍ਹਾਂ ਸੇਵਕਾਂ

www.GuruGranthVakhyaan.org ASAP

ਦਾ ਆਸਰਾ ਸਿਰਫ ਇਕ ਵਾਹਿਗੁਰੂ ਹੀ ਹੁੰਦਾ ਹੈ।

ਅੰਗ ੧੮੪ = ਏਕਾ ਲਿਵ ਏਕੋ ਮਨਿ ਭਾਉ ॥ ਸਰਬ ਨਿਧਾਨ ਜਨ ਕੈ ਹਰਿ ਨਾਉ ॥੩॥ (ਉਨ੍ਹਾਂ ਸੇਵਕਾਂ ਨੇ) ਇਕੋ ਪ੍ਰਭੂ ਵਿਚ ਲਿਵ ਲਗਾਈ ਹੈ ਅਤੇ ਮਨ ਵਿਚ ਇਕੋ ਪ੍ਰਭੂ ਦਾ ਪ੍ਰੇਮ ਹੈ। ਪ੍ਰਭੂ ਦਾ ਨਾਮ ਹੀ ਸੇਵਕਾਂ ਲਈ ਦੁਨੀਆਂ ਦੇ ਸਾਰੇ ਖਜਾਨੇ ਹਨ।੩।

ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥ ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥ (ਜਿਸ ਮਨੁੱਖ ਦੀ) ਵਾਹਿਗੁਰੂ ਨਾਲ ਪ੍ਰੀਤ ਲਗ ਜਾਂਦੀ ਹੈ। (ਉਸ ਦੀ ਸਾਰੀ) ਕਿਰਿਆ ਪਵਿਤ੍ਰ ਹੁੰਦੀ ਹੈ ਅਤੇ (ਜੀਵਨ ਬਸਰ ਕਰਨ ਦੀ) ਮਰਿਆਦਾ ਵੀ ਸੱਚੀ ਹੁੰਦੀ ਹੈ। ਪੂਰੇ ਗੁਰੂ ਨੇ (ਉਸਦੇ ਅੰਦਰੋਂ ਅਗਿਆਨਤਾ ਦਾ) ਹਨ੍ਹੇਰਾ ਮਿਟਾ ਦਿਤਾ ਹੈ। ਨਾਨਕ ਦਾ ਪਾਰ ਰਹਿਤ ਤੇ ਬੇਅੰਤ ਪ੍ਰਭੂ (ਉਨ੍ਹਾਂ ਸੇਵਕਾਂ ਨੂੰ ਪ੍ਰਤੱਖ ਦਿਸ ਪੈਂਦਾ) ਹੈ।੪।੨੪।੯੩।

ਪਦਾਰਥ = ਬੋਲਾਵੈ–ਉਚਾਰਣ (ਸਿਮਰਨ) ਕਰਾਉਂਦਾ ਹੈ। ਕਲੇਸ–ਦੁਖ।੧। ਸੋ–ਉਹ। ਜਿ–ਜਿਹੜਾ। ਤਿਸੁ ਸੰਗਿ–ਉਸ ਪ੍ਰਭੂ ਨਾਲ ।੧। ਰਹਾਉ। ਸਰਬ–ਸਾਰੇ। ਆਪੁ–ਆਪਾ ਭਾਵ (ਹੰਕਾਰ)।੨। ਜਨ–ਸੇਵਕ (ਬਹੁ ਵਚਨ)। ਭਾਉ–ਪ੍ਰੇਮ। ਕੈ–ਲਈ।੩। ਸਿਉ–ਨਾਲ। ਕਰਣੀ–ਕਰਮ; ਆਚਰਣ। ਰੀਤਿ–ਜੀਵਨ ਜਿਉਣ ਦਾ ਤਰੀਕਾ; ਮਰਿਆਦਾ। ਅਪਰ–ਜਿਸ ਤੋਂ ਪਰੇ ਹੋਰ ਕੋਈ ਨਹੀਂ। ਅਪਾਰਾ–ਪਾਰ ਰਹਿਤ (ਜਿਸਦਾ ਪਾਰਲਾ ਕਿਨਾਰਾ ਨਹੀਂ); ਬੇਅੰਤ।੪।੨੪।੯੩।

ਗਉੜੀ ਗੁਆਰੇਰੀ ਮਹਲਾ ੫ ॥ ਜਿਸੁ ਮਨਿ ਵਸੈ ਤਰੈ ਜਨੁ ਸੋਇ ॥ ਜਾ ਕੈ ਕਰਮਿ ਪਰਾਪਤਿ ਹੋਇ ॥ ਦੂਖੁ ਰੋਗੁ ਕਛੁ ਭਉ ਨ ਬਿਆਪੈ ॥ ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥੧॥ ਉਹ ਮਨੁੱਖ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ, ਜਿਸਦੇ ਮਨ ਵਿਚ (ਪ੍ਰਭੂ ਦਾ ਨਾਮ) ਵਸਦਾ ਹੈ। (ਪਰ ਇਹ ਨਾਮ ਉਸ ਮਨੁੱਖ ਨੂੰ) ਪ੍ਰਾਪਤ ਹੁੰਦਾ ਹੈ, ਜਿਸਦੇ ਭਾਗਾਂ ਵਿਚ (ਧੁਰ ਤੋਂ ਲਿਖਿਆ ਹੋਇਆ) ਹੈ। (ਫਿਰ ਉਸ ਮਨੁੱਖ ਨੂੰ ਕੋਈ) ਦੁਖ, ਰੋਗ ਤੇ ਡਰ ਆਦਿ ਕੁਛ ਨਹੀਂ ਲਗਦਾ। (ਕਿਉਂਕਿ ਉਹ ਸਦਾ ਅਪਣੇ) ਹਿਰਦੇ ਵਿਚ ਹਰੀ ਦਾ ਅੰਮ੍ਰਿਤ ਨਾਮ ਜਪਦਾ ਰਹਿੰਦਾ ਹੈ।੧।

ਪਾਰਬ੍ਰਹਮੁ ਪਰਮੇਸੁਰੁ ਧਿਆਈਐ ॥ ਗੁਰ ਪੂਰੇ ਤੇ ਇਹ ਮਤਿ ਪਾਈਐ ॥੧॥ਰਹਾਉ॥ (ਹੇ ਭਾਈ!) ਪਾਰਬ੍ਰਹਮ ਪ੍ਰਮੇਸਰ ਨੂੰ (ਸਦਾ ਹੀ) ਧਿਆਉਣਾ ਚਾਹੀਦਾ ਹੈ। (ਪਰ) ਇਹ ਸਿਖਿਆ ਪੂਰਨ ਗੁਰੂ ਤੋਂ ਪ੍ਰਾਪਤ ਹੁੰਦੀ ਹੈ।੧। ਰਹਾਉ।

ਕਰਣ ਕਰਾਵਨਹਾਰ ਦਇਆਲ ॥ ਜੀਅ ਜੰਤ ਸਗਲੇ ਪ੍ਰਤਿਪਾਲ ॥ ਅਗਮ ਅਗੋਚਰ ਸਦਾ ਬਿਅੰਤਾ ॥ ਸਿਮਰਿ ਮਨਾ ਪੂਰੇ ਗੁਰ ਮੰਤਾ ॥੨॥ ਦਿਆਲੂ ਪ੍ਰਭੂ ਹੀ (ਸਭ ਕੁਛ) ਕਰਨ ਵਾਲਾ ਤੇ ਕਰਾਉਣ ਵਾਲਾ ਹੈ। (ਉਹ ਪ੍ਰਭੂ) ਸਾਰੇ ਜੀਵ ਜੰਤੂਆਂ ਦੀ ਪਾਲਣਾ ਕਰਦਾ ਹੈ। (ਉਹ ਪ੍ਰਭੂ ਮਨ ਦੀ) ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦਾ ਵਿਸ਼ਾ ਨਹੀਂ, ਸਦਾ ਰਹਿਣ ਵਾਲਾ ਤੇ ਬੇਅੰਤ ਹੈ। ਹੇ ਮਨ! ਪੂਰੇ ਗੁਰੂ ਦੇ ਉਪਦੇਸ਼ ਦੁਆਰਾ (ਅਜੇਹੇ ਸਮਰੱਥ ਵਾਹਿਗੁਰੂ ਦਾ) ਸਿਮਰਨ ਕਰ।੨।

ਜਾ ਕੀ ਸੇਵਾ ਸਰਬ ਨਿਧਾਨੁ ॥ ਪ੍ਰਭ ਕੀ ਪੂਜਾ ਪਾਈਐ ਮਾਨੁ ॥ ਜਾ ਕੀ ਟਹਲ ਨ ਬਿਰਥੀ ਜਾਇ ॥ ਸਦਾ ਸਦਾ ਹਰਿ ਕੇ ਗੁਣ ਗਾਇ ॥੩॥ ਜਿਸ ਦੀ ਸੇਵਾ ਭਗਤੀ ਕਰਨ ਨਾਲ ਸਾਰਾ ਖਜਾਨਾ ਪ੍ਰਾਪਤ ਹੋ ਜਾਂਦਾ ਹੈ। ਪ੍ਰਭੂ ਦੀ ਪੂਜਾ ਕਰਨ ਕਰਕੇ (ਲੋਕ ਪ੍ਰਲੋਕ ਵਿਚ) ਮਾਣ ਪਾਈਦਾ ਹੈ। ਜਿਸ (ਪ੍ਰਭੂ) ਦੀ ਟਹਿਲ ਸੇਵਾ ਬਿਅਰਥ ਨਹੀਂ ਜਾਂਦੀ। (ਇਸ ਕਰਕੇ ਹੇ ਮਨ!) ਸਦਾ ਸਦਾ ਹਰੀ ਦੇ ਗੁਣ ਗਾਉਣਾ ਕਰ।੩।

ਕਰਿ ਕਿਰਪਾ ਪ੍ਰਭ ਅੰਤਰਜਾਮੀ ॥ ਸੁਖ ਨਿਧਾਨ ਹਰਿ ਅਲਖ ਸੁਆਮੀ ॥ ਜੀਅ ਜੰਤ ਤੇਰੀ ਸਰਣਾਈ ॥ ਨਾਨਕ ਨਾਮੁ ਮਿਲੈ ਵਡਿਆਈ ॥੪॥੨੫॥੯੪॥ ਗੁਰੂ ਜੀ ਆਖਦੇ ਹਨ, ਹੇ ਅੰਤਰਜਾਮੀ ਪ੍ਰਭੂ! ਕਿਰਪਾ ਕਰ। ਹੇ ਸੁੱਖਾਂ ਦੇ ਖਜਾਨੇ! ਹੇ ਨਾ ਜਾਣੇ ਜਾਣ ਵਾਲੇ ਹਰੀ ਮਾਲਕ! ਜੀਵ ਜੰਤ ਸਭ ਤੇਰੀ ਸਰਣ ਵਿਚ ਹਨ। (ਇਨ੍ਹਾਂ ਸਭਨਾਂ ਨੂੰ) ਵਡਿਆਈ ਵੱਜੋਂ ਨਾਮ ਮਿਲ ਜਾਵੇ ।੪।੨੫।੯੪।

ਪਦਾਰਥ = ਜਨੁ ਸੋਇ–ਉਹ ਪੁਰਖ। ਜਾ ਕੈ–ਜਿਸ ਦੇ। ਕਰਮਿ–ਭਾਗਾਂ ਵਿਚ। ਨ ਬਿਆਪੈ–ਨਹੀਂ ਲਗਦਾ (ਪੋਂਹਦਾ)। ਰਿਦੈ–ਹਿਰਦੇ ਵਿਚ। ਜਾਪੈ–ਜਪਦਾ ਹੈ।੧। ਤੇ–ਤੋਂ। ਮਤਿ–ਸਿੱਖਿਆ; ਅਕਲ (ਸੂਝ ਬੂਝ)।੧। ਰਹਾਉ। ਅਗਮ–ਅਚੱਲ; ਅਪਹੁੰਚ। ਅਗੋਚਰ–ਇੰਦ੍ਰੀਆਂ ਦਾ ਵਿਸ਼ਾ ਨਹੀਂ; ਅਦ੍ਰਿਸਟ। ਮੰਤਾ–ਉਪਦੇਸ਼।੨। ਮਾਨੁ–ਇੱਜਤ। ਬਿਰਥੀ–ਬਿਅਰਥ।੩। ਸੁਖ ਨਿਧਾਨ–ਸੁੱਖਾਂ ਦਾ ਖਜਾਨਾ। ਅਲਖ–ਨਾ ਜਾਣੇ ਜਾਣ ਵਾਲਾ; ਅਦ੍ਰਿਸਟ।੪।੨੫।੯੪।

ਗਉੜੀ ਗੁਆਰੇਰੀ ਮਹਲਾ ੫ ॥ ਜੀਅ ਜੁਗਤਿ ਜਾ ਕੈ ਹੈ ਹਾਥ ॥ ਸੋ ਸਿਮਰਹੁ ਅਨਾਥ ਕੋ ਨਾਥੁ ॥ ਪ੍ਰਭ ਚਿਤਿ ਆਏ ਸਭੁ ਦੁਖੁ

All Rights Reserved by Harjinder Singh Gyani | www.GuruGranthVakhyaan.org

ਜਾਇ ॥ ਭੈ ਸਭ ਬਿਨਸਹਿ ਹਰਿ ਕੈ ਨਾਇ ॥੧॥ ਜਿਸ (ਵਾਹਿਗੁਰੂ) ਦੇ ਹੱਥ ਵਿਚ ਸਾਰੇ ਜੀਵਾਂ (ਦੇ ਜੀਵਨ ਜਿਉਣ ਦਾ) ਪ੍ਰਬੰਧ ਹੈ। ਉਹ (ਪ੍ਰਭੂ) ਅਨਾਥਾਂ ਦਾ ਨਾਥ ਹੈ, (ਉਸ ਨੂੰ) ਸਿਮਰਦੇ ਰਹੋ। ਪ੍ਰਭੂ ਚਿਤ ਵਿਚ ਆ ਜਾਵੇ ਤਾਂ ਸਾਰਾ ਦੁਖ ਚਲਾ ਜਾਂਦਾ ਹੈ। ਹਰੀ ਦਾ ਨਾਮ ਜਪਣ ਕਰਕੇ ਸਾਰੇ (ਕਿਸਮ ਦੇ) ਡਰ ਨਾਸ਼ ਹੋ ਜਾਂਦੇ ਹਨ।੧।

ਬਿਨੁ ਹਰਿ ਭਉ ਕਾਹੇ ਕਾ ਮਾਨਹਿ ॥ ਹਰਿ ਬਿਸਰਤ ਕਾਹੇ ਸੁਖੁ ਜਾਨਹਿ ॥੧॥ਰਹਾਉ॥ (ਹੇ ਭਾਈ!) ਹਰੀ ਤੋਂ ਬਿਨਾ ਹੋਰ ਕਿਸੇ ਦਾ ਡਰ ਕਿਉਂ ਮੰਨਦਾ ਹੈਂ? ਹਰੀ ਦੇ ਭੁੱਲਣ ਤੇ ਕਿਉਂ ਜਾਣਦਾ ਹੈ ਕਿ ਸੁੱਖ ਮਿਲੇਗਾ?।੧।ਰਹਾਉ।

ਜਿਨਿ ਧਾਰੇ ਬਹੁ ਧਰਣਿ ਅਗਾਸ ॥ ਜਾ ਕੀ ਜੋਤਿ ਜੀਅ ਪਰਗਾਸ ॥ ਜਾ ਕੀ ਬਖਸ ਨ ਮੇਟੈ ਕੋਇ ॥ ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ ॥੨॥ ਜਿਸ ਪ੍ਰਭੂ ਨੇ ਬਹੁਤ ਹੀ ਧਰਤੀਆਂ ਤੇ ਅਕਾਸ਼ ਟਿਕਾ ਕੇ ਰੱਖੇ ਹੋਏ ਹਨ। ਜਿਸ ਪ੍ਰਭੂ ਦੀ ਜੋਤ ਦਾ ਸਾਰੇ ਜੀਵਾਂ ਵਿਚ ਪ੍ਰਕਾਸ਼ ਕਰਦੀ ਹੈ। ਜਿਸ ਪ੍ਰਭੂ ਦੀ ਬਖਸ਼ਿਸ਼ ਨੂੰ ਕੋਈ ਮੇਟ ਨਹੀਂ ਸਕਦਾ। (ਐਸੇ ਸਮਰੱਥ) ਪ੍ਰਭੂ ਨੂੰ ਬਾਰ ਬਾਰ ਸਿਮਰ ਕੇ (ਹੇ ਮਨੁੱਖ ਤੂੰ ਵੀ) ਨਿਰਭਉ ਹੋ ਜਾ; ਪ੍ਰਭੂ ਨੂੰ ਸਿਮਰ ਸਿਮਰ ਕੇ ਨਿਰਭਉ ਹੋ ਜਾਈਦਾ ਹੈ।੨।

ਆਠ ਪਹਰ ਸਿਮਰਹੁ ਪ੍ਰਭ ਨਾਮੁ ॥ ਅਨਿਕ ਤੀਰਥ ਮਜਨੁ ਇਸਨਾਨੁ ॥ ਪਾਰਬ੍ਰਹਮ ਕੀ ਸਰਣੀ ਪਾਹਿ ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥੩॥ ਅੱਠੇ ਪਹਿਰ (ਸਦਾ) ਪ੍ਰਭੂ ਦਾ ਨਾਮ ਜਪਦੇ ਰਹੋ। (ਇਹ ਸਿਮਰਨ) ਅਨੇਕਾਂ ਤੀਰਥਾਂ ਦਾ ਪੁਰਬੀ ਇਸ਼ਨਾਨ ਹੈ। (ਜੇ ਤੂੰ) ਪਾਰਬ੍ਰਹਮ ਦੀ ਸ਼ਰਣ ਵਿਚ ਪੈ ਜਾਵੇਂ। ਤਾਂ ਤੇਰੇ ਕ੍ਰੋੜਾਂ ਹੀ ਕਲੰਕ ਇਕ ਛਿਨ ਵਿਚ ਮਿਟ ਜਾਣਗੇ।੩।

ਬੇਮੁਹਤਾਜੁ ਪੂਰਾ ਪਾਤਸਾਹੁ ॥ ਪ੍ਰਭ ਸੇਵਕ ਸਾਚਾ ਵੇਸਾਹੁ ॥ ਗੁਰਿ ਪੂਰੈ ਰਾਖੇ ਦੇ ਹਾਥ ॥ ਨਾਨਕ ਪਾਰਬ੍ਰਹਮ ਸਮਰਾਥ ॥੪॥੨੬॥੯੫॥ (ਉਹ) ਪੂਰਨ ਪ੍ਰਭੂ ਪਾਤਸ਼ਾਹ ਬੇ ਮੁਹਤਾਜ ਹੈ। ਪ੍ਰਭੂ ਦੇ ਸੇਵਕਾਂ ਨੂੰ ਉਸਦਾ ਸੱਚਾ ਭਰੋਸਾ ਹੈ। ਗੁਰੂ ਜੀ ਆਖਦੇ ਹਨ ਕਿ ਸਮਰੱਥ ਪ੍ਰਭੂ ਦੇ ਸਰੂਪ ਪੂਰੇ ਗੁਰੂ ਨੇ (ਅਪਣੇ ਸੇਵਕ) ਹੱਥ ਦੇ ਕੇ ਰੱਖ ਲਏ ਹਨ।੪।੨੬।੯੫।

ਪਦਾਰਥ = ਜੀਅ ਕੀ ਜੁਗਤਿ–ਜੀਵਾਂ ਦੇ ਖਾਣ ਪੀਣ ਦੀ ਮਰਿਆਦਾ; ਜੀਵਾਂ ਦਾ ਪ੍ਰਬੰਧ। ਅਨਾਥ–ਜਿਸ ਦਾ ਕੋਈ ਮਾਲਕ ਨਹੀਂ; ਬੇ ਸਹਾਰਾ। ਨਾਥੁ–ਮਾਲਕ। ਹਰਿ ਕੈ ਨਾਇ–ਹਰੀ ਦੇ ਨਾਮ ਦੀ ਬਰਕਤ ਨਾਲ।੧। ਕਾਹੇ–ਕਿਉਂ।੧।ਰਹਾਉ। ਜਿਨਿ–ਜਿਸ ਪ੍ਰਭੂ ਨੇ। ਧਾਰੇ–ਆਸਰਾ ਦੇ ਕੇ ਟਿਕਾ ਰੱਖੇ ਹਨ; ਬਣਾਏ ਹਨ। ਧਰਣਿ–ਧਰਤੀ। ਅਗਾਸ–ਅਕਾਸ਼। ਜਾ ਕੀ–ਜਿਸ ਪ੍ਰਭੂ ਦੀ।੨। ਮਜਨੁ–ਗੋਤਾ ਮਾਰਨਾ। ਪਾਹਿ–ਪੈ ਜਾਹ। ਕਲੰਕ–ਦੋਸ; ਪਾਪ।੩। ਵੇਸਾਹੁ–ਭਰੋਸਾ। ਸਮਰਾਥ–ਸਰਬ ਸ਼ਕਤੀਮਾਨ।੪।੨੬।੯੫।

ਗਉੜੀ ਗੁਆਰੇਰੀ ਮਹਲਾ ੫ ॥ ਗੁਰ ਪਰਸਾਦਿ ਨਾਮਿ ਮਨੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥ ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥ ਪੂਰੇ ਗੁਰ ਕੀ ਸੁਮਤਿ ਪਰਾਣੀ ॥੧॥ ਗੁਰੂ ਦੀ ਕ੍ਰਿਪਾ ਨਾਲ (ਮੇਰਾ) ਮਨ ਨਾਮ ਸਿਮਰਨ ਵਿਚ ਲਗ ਗਿਆ ਹੈ। ਜਨਮਾਂ ਜਨਮਾਂ ਦਾ ਸੋਇਆ (ਮਨ ਨਾਮ ਦੇ ਪ੍ਰਤਾਪ ਨਾਲ) ਜਾਗ ਪਿਆ ਹੈ। (ਹੁਣ ਇਹ ਮਨ) ਅੰਮ੍ਰਿਤ ਗੁਣਾਂ ਵਾਲੀ ਪ੍ਰਭੂ ਦੀ ਬਾਣੀ ਉਚਾਰਦਾ ਹੈ। (ਇਹ ਬਾਣੀ ਅਸੀਂ) ਪੂਰੇ ਗੁਰੂ ਦੀ ਸ਼ੁੱਭ ਮੱਤ ਨਾਲ ਪਛਾਣੀ ਹੈ।੧।

ਪ੍ਰਭ ਸਿਮਰਤ ਕੁਸਲ ਸਭਿ ਪਾਏ ॥ ਘਰਿ ਬਾਹਰਿ ਸੁਖ ਸਹਜ ਸਬਾਏ ॥੧॥ਰਹਾਉ॥ ਪ੍ਰਭੂ ਨੂੰ ਸਿਮਰਦਿਆਂ ਸਾਰੇ ਸੁਖ ਪਾ ਲਏ ਹਨ। (ਨਾਮ ਸਿਮਰਨ ਦੀ ਬਰਕਤ ਨਾਲ) ਘਰ ਬਾਹਰ ਨਿਰਯਤਨ ਸੁਖ ਪ੍ਰਾਪਤ ਹੋਏ ਹਨ।੧।ਰਹਾਉ।

ਸੋਈ ਪਛਾਤਾ ਜਿਨਹਿ ਉਪਾਇਆ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥ ਬਾਹ ਪਕਰਿ ਲੀਨੋ ਕਰਿ ਅਪਨਾ ॥ ਹਰਿ ਹਰਿ ਕਥਾ ਸਦਾ ਜਪੁ ਜਪਨਾ ॥੨॥ ਜਿਸ (ਪ੍ਰਭੂ) ਨੇ ਪੈਦਾ ਕੀਤਾ ਹੈ, ਉਸ ਨੂੰ ਪਛਾਣ ਲਿਆ ਹੈ। ਪ੍ਰਭੂ ਨੇ ਕਿਰਪਾ ਕਰਕੇ ਆਪ ਹੀ (ਅਪਣੇ ਨਾਲ) ਮਿਲਾ ਲਿਆ ਹੈ। (ਉਸ ਨੇ ਸਾਡੀ) ਬਾਂਹ ਫੜ ਕੇ ਅਪਣਾ ਦਾਸ ਬਣਾ ਲਿਆ। (ਹੁਣ) ਸਦਾ ਹੀ ਹਰਿ ਹਰਿ ਦੀ ਕਥਾ ਤੇ (ਪ੍ਰਭੂ ਦਾ) ਜਪ ਜਪਨਾ ਕਰਦੇ ਹਾਂ।੨।

ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ ॥ (ਪ੍ਰਭੂ ਦਾ ਨਾਮ ਹੀ ਸਾਡੇ ਲਈ) ਮੰਤ੍ਰ, ਤੰਤ੍ਰ ,ਦਵਾਈ ਤੇ ਪ੍ਰਾਸਚਿਤ ਕਰਮ ਹੈ।

ਅੰਗ ੧੮੫ = ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ ॥ ਸਾਚਾ ਧਨੁ ਪਾਇਓ ਹਰਿ ਰੰਗਿ ॥ ਦੁਤਰੁ ਤਰੇ ਸਾਧ ਕੈ ਸੰਗਿ ॥੩॥ ਹਰਿ ਹਰਿ ਨਾਮ ਮੇਰੀ ਜਿੰਦ ਤੇ ਪ੍ਰਾਣਾਂ ਦਾ ਆਸਰਾ ਹੈ। ਹਰੀ ਦੇ ਪ੍ਰੇਮ ਦੁਆਰਾ ਸੱਚਾ ਨਾਮ ਧਨ ਅਸੀਂ ਪਾ ਲਿਆ ਹੈ। ਗੁਰਮੁਖਾਂ ਦੀ ਸੰਗਤ ਕਰਕੇ ਔਖਾ ਤਰਿਆ ਜਾਣ ਵਾਲਾ ਸੰਸਾਰ ਸਮੁੰਦਰ ਤਰ ਗਏ ਹਾਂ।੩।

ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥ ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥ ਜਿਸਹਿ ਪਰਾਪਤਿ ਤਿਸੁ ਗੁਰੁ ਦੇਇ ॥ ਨਾਨਕ ਬਿਰਥਾ ਕੋਇ ਨ ਹੋਇ ॥੪॥੨੭॥੯੬॥ ਹੇ ਸੰਤ ਸੱਜਨੋਂ! ਤੁਸੀਂ ਮੇਰਾ ਪ੍ਰਵਾਰ ਹੋ, (ਤੁਸੀਂ ਸਾਰੇ) ਸੁਖ ਅਰਾਮ ਨਾਲ ਬੈਠੋ।

All Rights Reserved by Harjinder Singh Gyani | www.GuruGranthVakhyaan.org

(ਕਿਉਂਕਿ ਅਸੀਂ ਉਹ) ਹਰੀ ਦਾ ਨਾਮ ਧਨ ਖੱਟਿਆ ਹੈ, ਜਿਸਦਾ ਅੰਤ ਨਹੀਂ ਭਾਵ ਅਮੁੱਕ ਹੈ। ਇਹ ਨਾਮ ਧਨ ਗੁਰੂ ਉਸ ਨੂੰ ਦੇਂਦਾ ਹੈ, ਜਿਸਦੇ ਭਾਗਾਂ ਵਿਚ ਪ੍ਰਾਪਤ ਹੋਣਾ ਲਿਖਿਆ ਹੈ; ਜਿਸ ਨੂੰ ਨਾਮ ਧਨ ਪ੍ਰਾਪਤ ਹੁੰਦਾ ਹੈ, ਉਸਨੂੰ ਗੁਰੂ ਹੀ ਦੇਂਦਾ ਹੈ। ਗੁਰੂ ਜੀ ਆਖਦੇ ਹਨ ਰੱਬ ਦੇ ਦਰ ਤੋਂ ਖਾਲੀ ਕੋਈ ਨਹੀਂ ਜਾਂਦਾ ਹੈ।

ਪਦਾਰਥ = ਸੋਇਆ- ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ। ਜਾਗਾ–ਜਾਗ ਪਿਆ। ਸੁਮਤਿ–ਸ੍ਰੇਸ਼ਟ ਮੱਤ। ਪਰਾਣੀ–ਪਛਾਣੀ; ਜਾਣੀ ਹੈ (ਦਰਪਣ ਤੋਂ ਬਿਨਾ ਸਭ ਨੇ ਇਹੀ ਅਰਥ ਕੀਤੇ ਹਨ)।੧। ਕੁਸਲ–ਸੁਖ; ਅਨੰਦ। ਘਰਿ ਬਾਹਰਿ–ਸਭ ਜਗ੍ਹਾ; ਹਿਰਦੇ ਘਰ ਵਿਚ ਤੇ ਬਾਹਰ ਸੰਸਾਰ ਵਿਚ। ਸੁਖ ਸਹਜ–ਅਸਲੀ ਸੁਖ; ਆਤਮਕ ਅਡੋਲਤਾ ਵਾਲਾ ਸੁਖ। ਸਬਾਏ–ਸਾਰੇ।੧। ਰਹਾਉ। ਜਿਨਹਿ–ਜਿਸ ਪ੍ਰਭੂ ਨੇ। ਉਪਾਇਆ–ਪੈਦਾ ਕੀਤਾ।੨। ਅਉਖਦੁ–ਦਵਾਈ। ਪੁਨਹਚਾਰ–ਪਾਪਾਂ ਦੀ ਨਵਿਰਤੀ ਲਈ ਕੀਤੇ ਜਾਣ ਵਾਲੇ ਕਰਮ; ਪ੍ਰਾਸਚਿਤ ਕਰਮ ਜਪ ਤੇ ਹੋਮ ਆਦਿ। ਅਧਾਰੁ–ਆਸਰਾ। ਹਰਿ ਰੰਗਿ–ਹਰੀ ਦੇ ਪ੍ਰੇਮ ਦੁਆਰਾ। ਦੁਤਰੁ–ਔਖਾ ਤਰਿਆ ਜਾਣ ਵਾਲਾ।੩। ਜਾ ਕਾ–ਜਿਸ (ਧਨ) ਦਾ। ਸੁਮਾਰੁ–ਗਿਣਤੀ; ਅੰਤ। ਬਿਰਥਾ–ਖਾਲੀ। ਹੇਇ–ਹੈ।੪।੨੭॥੯੬।

ਗਉੜੀ ਗੁਆਰੇਰੀ ਮਹਲਾ ੫ ॥ ਹਸਤ ਪੁਨੀਤ ਹੋਹਿ ਤਤਕਾਲ ॥ ਬਿਨਸਿ ਜਾਹਿ ਮਾਇਆ ਜੰਜਾਲ ॥ ਰਸਨਾ ਰਮਹੁ ਰਾਮ ਗੁਣ ਨੀਤ ॥ ਸੁਖੁ ਪਾਵਹੁ ਮੇਰੇ ਭਾਈ ਮੀਤ ॥੧॥ (ਹੇ ਭਾਈ! ਵਾਹਿਗੁਰੂ ਦੇ ਨਾਮ ਦੀ ਮਹਿਮਾਂ ਲਿਖਣ ਕਰਕੇ ਤੇਰੇ) ਹੱਥ ਤੁਰੰਤ ਹੀ ਪਵਿਤ੍ਰ ਹੋ ਜਾਣਗੇ। ਅਤੇ ਮਾਇਆ ਦੇ ਬੰਧਨ ਵੀ ਨਾਸ਼ ਹੋ ਜਾਣਗੇ। ਰਸਨਾ ਨਾਲ ਨਿਤ ਰਾਮ ਦੇ ਗੁਣ ਗਾਓ। ਹੇ ਮੇਰੇ ਭਾਈਓ! ਮੇਰੇ ਮਿਤ੍ਰੋ! (ਰੱਬ ਦੇ ਗੁਣ ਗਾਉਣ ਕਰਕੇ, ਤੁਸੀਂ ਸਦੀਵੀ) ਸੁਖ ਪਾ ਲਵੋਂਗੇ।੧।

ਲਿਖੁ ਲੇਖਨਿ ਕਾਗਦਿ ਮਸਵਾਣੀ ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥੧॥ਰਹਾਉ॥ (ਹੇ ਲਿਖਾਰੀ! ਤੂੰ) ਦਵਾਤ ਵਿਚੋਂ ਸਿਆਹੀ ਲੈ ਕੇ ਕਾਗਜ ਉਤੇ ਕਲਮ ਨਾਲ ਪ੍ਰਮਾਤਮਾ ਦੀ ਰਾਮ ਨਾਮ ਰੂਪ ਅੰਮ੍ਰਿਤ ਬਾਣੀ ਲਿਖ।੧। ਰਹਾਉ।

ਇਹ ਕਾਰਜਿ ਤੇਰੇ ਜਾਹਿ ਬਿਕਾਰ ॥ ਸਿਮਰਤ ਰਾਮ ਨਾਹੀ ਜਮ ਮਾਰ ॥ ਧਰਮਰਾਇ ਕੇ ਦੂਤ ਨ ਜੋਹੈ ॥ ਮਾਇਆ ਮਗਨ ਨ ਕਛੂਐ ਮੋਹੈ ॥੨॥ ਇਸ ਕਾਰਜ ਨਾਲ ਤੇਰੇ ਸਾਰੇ ਬਿਕਾਰ ਦੂਰ ਹੋ ਜਾਣਗੇ। ਵਾਹਿਗੁਰੂ ਦਾ ਨਾਮ ਸਿਮਰਦਿਆਂ ਜਮਾਂ ਦੀ ਮਾਰ ਨਹੀਂ ਪਵੇਗੀ। ਧਰਮਰਾਜ ਦੇ ਦੂਤ ਵੀ (ਤੇਰੇ ਵੱਲ) ਦੇਖ ਨਹੀਂ ਸਕਣਗੇ। ਮਾਇਆ ਦੀ ਮਸਤੀ ਵੀ ਕੁਛ ਨਹੀਂ ਮੋਹ ਸਕੇਗੀ।੨।

ਉਧਰਹਿ ਆਪਿ ਤਰੈ ਸੰਸਾਰੁ ॥ ਰਾਮ ਨਾਮ ਜਪਿ ਏਕੰਕਾਰੁ ॥ ਆਪਿ ਕਮਾਉ ਅਵਰਾ ਉਪਦੇਸ ॥ ਰਾਮ ਨਾਮ ਹਿਰਦੈ ਪਰਵੇਸ ॥੩॥ (ਤੂੰ ਕਿਸੇ ਹੋਰ ਮੱਤ ਦਾ ਨਹੀਂ, ਕੇਵਲ ਗੁਰਮੱਤ ਦਾ ਦ੍ਰਿੜ ਕਰਾਇਆ ਹੋਇਆ) ਵਾਹਿਗੁਰੂ ਦਾ ਇਕ ਓਅੰਕਾਰ ਨਾਮ ਜਪ।(ਇਸ ਨਾਲ ਤੂੰ) ਆਪ ਵੀ ਤਰ ਜਾਵੇਂਗਾ (ਅਤੇ ਤੇਰੇ ਨਾਲ ਲਗ ਕੇ) ਸੰਸਾਰ ਵੀ ਤਰ ਜਾਵੇਗਾ। ਰਾਮ ਦੇ ਨਾਮ ਦਾ ਹਿਰਦੇ ਵਿਚ ਪ੍ਰਵੇਸ਼ ਕਰ, ਆਪ ਵੀ (ਇਸ ਦੀ) ਕਮਾਈ ਕਰ ਅਤੇ ਹੋਰਨਾਂ ਨੂੰ ਵੀ (ਨਾਮ ਸਿਮਰਨ ਦਾ) ਉਪਦੇਸ਼ ਕਰ।੩।

ਜਾ ਕੈ ਮਾਥੈ ਏਹੁ ਨਿਧਾਨੁ ॥ ਸੋਈ ਪੁਰਖੁ ਜਪੈ ਭਗਵਾਨੁ ॥ ਆਠ ਪਹਰ ਹਰਿ ਹਰਿ ਗੁਣ ਗਾਉ ॥ ਕਹੁ ਨਾਨਕ ਹਉ ਤਿਸੁ ਬਲਿ ਜਾਉ ॥੪॥੨੮॥੯੭॥ ਵਾਹਿਗੁਰੂ ਨੂੰ ਉਹ ਪੁਰਖ ਹੀ ਜਪਦਾ ਹੈ, ਜਿਸ ਦੇ ਮੱਥੇ ਤੇ ਇਹ ਅਮੋਲਕ ਖਜਾਨਾ ਪ੍ਰਾਪਤ ਹੋਣਾ ਲਿਖਿਆ ਹੈ। ਗੁਰੂ ਜੀ ਆਖਦੇ ਹਨ ਕਿ ਮੈਂ ਉਸ ਪੁਰਖ ਤੋਂ ਬਲਿਹਾਰ ਜਾਂਦਾ ਹਾਂ।(ਜਿਹੜਾ) ਅੱਠੇ ਪਹਿਰ (ਹਰ ਸਮੇਂ) ਹਰਿ ਹਰਿ ਦੇ ਗੁਣ ਗਾਉਂਦਾ ਹੈ।੪।੨੮।੯੭।

ਪਦਾਰਥ = ਹਸਤ–ਹੱਥ। ਪੁਨੀਤ–ਪਵਿਤ੍ਰ। ਹੋਹਿ–ਹੁੰਦੇ ਹਨ। ਤਤਕਾਲ–ਤੁਰੰਤ। ਜੰਜਾਲ–ਝਮੇਲੇ; ਬੰਧਨ। ਰਮਹੁ–ਉਚਾਰੋ (ਗਾਓ)। ਨੀਤ–ਹਰ ਰੋਜ; ਸਦਾ। ਮੀਤ–ਮਿਤ੍ਰ।੧। ਲੇਖਨਿ–ਕਲਮ। ਕਾਗਦਿ–ਕਾਗਜ ਉਤੇ। ਮਸਵਾਣੀ–ਦਵਾਤ।੧। ਰਹਾਉ। ਇਹ ਕਾਰਜਿ–ਇਸ ਕੰਮ ਨਾਲ। ਨ ਜੋਹੈ–ਨਹੀਂ ਦੇਖਦੇ। ਮਗਨ–ਮਸਤੀ। ਨ ਕਛੂਐ–ਜਰਾ ਜਿੰਨਾ ਵੀ। ਨ ਮੋਹੈ–ਮੋਹ ਨਹੀਂ ਸਕਦੀ।੨। ਉਧਰਹਿ–ਤਰ ਜਾਵੇਂਗਾ। ਕਮਾਉ–ਕਮਾਈ ਕਰ। ਅਵਰਾ–ਹੋਰਨਾਂ ਨੂੰ। ਪਰਵੇਸ–ਵਸਾ ਕੇ; ਟਿਕਾ ਕੇ।੩। ਜਾ ਕੈ–ਜਿਸ ਦੇ। ਮਾਥੈ–ਮੱਥੇ ਉਤੇ; ਭਾਗਾਂ ਵਿਚ। ਨਿਧਾਨੁ–ਖਜਾਨਾ। ਸੋਈ–ਉਹ ਹੀ। ਬਲਿ ਜਾਉ–ਵਾਰਨੇ ਜਾਂਦਾ ਹਾਂ।੪।੨੮।੯੭।

ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ ੴ ਸਤਿਗੁਰ ਪ੍ਰਸਾਦਿ ॥

ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ, ਤਿਸੁ ਸਿਉ ਮਨੁ ਰਚਨਾ ॥੧॥ (ਮਨੁੱਖ ਦੀ ਹਾਲਤ ਇਹ ਹੈ ਕਿ ਮਾਲ ਧਨ, ਅਪਣਾ ਸਰੀਰ ਤੇ ਪ੍ਰਵਾਰ ਆਦਿ) ਜੋ ਕੁਛ ਬਿਗਾਨਾ ਹੈ, ਉਹ ਅਪਣਾ ਸਮਝ ਰਿਹਾ ਹੈ। ਜਿਹੜਾ (ਪ੍ਰਵਾਰ ਤੇ ਹੋਰ ਮਾਲ ਧਨ

All Rights Reserved by Harjinder Singh Gyani | www.GuruGranthVakhyaan.org

ਮਰ ਕੇ ਇੱਥੇ ਹੀ) ਤਿਆਗ ਕੇ ਛੱਡ ਜਾਣਾ ਹੈ, ਉਸ ਨਾਲ (ਮਨੁੱਖ ਦਾ) ਮਨ ਰਚਿਆ ਹੋਇਆ ਹੈ।੧।

ਆਪਨ ਤਨੁ ਨਹੀ ਜਾ ਕੋ ਗਰਬਾ। ਰਾਜ ਮਿਲਖ ਨਹੀ ਆਪਨ ਦਰਬਾ।(੧੮੭)

ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ ਤਿਸੁ ਸਿਉ ਨੇਹ ॥੧॥ਰਹਾਉ॥ (ਹੇ ਭਾਈ!) ਦੱਸੋ, ਅਪਣੇ ਮਾਲਕ ਪ੍ਰਭੂ ਨੂੰ ਕਿਵੇਂ ਮਿਲੀਏ? (ਕਿਉਂਕਿ ਧਰਮ ਵਿਚ) ਜੋ ਕੁਛ ਮਨ੍ਹਾ ਹੈ, ਉਸ ਨਾਲ (ਮਨੁੱਖ ਦਾ) ਮੋਹ ਹੈ।੧।ਰਹਾਉ।

ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥ ਜਿਹੜੀ ਗੱਲ ਝੂਠ ਹੈ, ਉਹ ਸੱਚ ਕਰਕੇ ਜਾਣੀ ਹੋਈ ਹੈ (ਭਾਵ ਜਿਉਣਾ ਸੱਚਾ ਮੰਨੀ ਬੈਠਾ ਹੈ। ਪਰ ਜਿਹੜਾ ਮਰਨਾ) ਸੱਚ ਹੋਣ ਵਾਲਾ ਹੈ, ਉਹ ਇਸਦੇ ਮਨ ਵਿਚ ਰੱਤੀ ਭਰ ਵੀ ਚੰਗਾ ਨਹੀਂ ਲਗਦਾ (ਮਰਨਾ ਮਨੁੱਖ ਨੂੰ ਬਿਲਕੁਲ ਯਾਦ ਨਹੀਂ, ਜੇ ਯਾਦ ਹੋਵੇ ਤਾਂ ਪਾਪ ਕਰਨ ਤੋਂ ਡਰੇ)।੨।

ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥੩॥ (ਇਸ ਮਨੁੱਖ ਦਾ) ਪੁੱਠੇ ਰਸਤੇ ਅਤੇ ਟੇਢੇ ਪਾਸੇ ਚਲਨਾ ਹੈ (ਨਾਮ ਸਿਮਰਨ ਦਾ ਸਿੱਧਾ ਰਸਤਾ ਛਡ ਕੇ ਬਾਮ ਮਾਰਗੀਆ ਵਾਲੇ ਪੁਠੇ ਰਸਤੇ ਤੇ ਚਲਦਾ ਹੈ)। ਸਿੱਧਾ ਛਡ ਕੇ ਪੁੱਠਾ ਬੁਣਦਾ ਹੈ (ਚੰਗੇ ਕੰਮ ਛਡ ਕੇ ਪੁੱਠੇ ਕੰਮਾਂ ਦੀ ਤਾਣੀ ਤਣਦਾ ਹੈ)।੩। ਟੇਢੀ ਪਾਗ ਟੇਢੇ ਚਲੇ, ਲਾਗੇ ਬੀਰੇ ਖਾਨ।(੧੧੨੪)

ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥੨੯॥੯੮॥ (ਸਿੱਧਾ ਤੇ ਪੁੱਠਾ) ਦੋਹਾਂ ਸਿਰਿਆ ਦਾ ਮਾਲਕ ਉਹ ਪ੍ਰਭੂ ਹੀ ਹੈ। ਗੁਰੂ ਆਖਦੇ ਹਨ ਕਿ ਜਿਸ (ਮਨੁੱਖ) ਨੂੰ (ਪ੍ਰਭੂ ਆਪ ਅਪਣੇ ਨਾਲ) ਮੇਲ ਲਵੇ, ਉਹ ਮੁਕਤ ਹੋ ਜਾਂਦਾ ਹੈ।੪।੨੯।੯੮।

ਪਦਾਰਥ = ਪਰਾਇਓ–ਬਿਗਾਨਾ। ਤਜਿ–ਛੱਡ ਕੇ। ਸਿਉ–ਨਾਲ। ਰਚਨਾ–ਲੀਨ ਹੈ।੧। ਕਹਹੁ–ਦੱਸੋ। ਕੇਹ–ਕਿਵੇਂ। ਬਿਬਰਜਤ–ਮਨ੍ਹਾਂ ਕੀਤੀ ਹੋਈ। ਨੇਹ–ਮੋਹ।੧। ਰਹਾਉ। ਸਾ–ਉਹ। ਜਾਤੀ–ਜਾਣੀ ਹੈ। ਹੋਵਨੁ–ਹੋਣ ਵਾਲੀ ਹੈ। ਰਾਤੀ–ਰੱਤੀ ਭਰ ਵੀ।੨। ਬਾਵੈ ਮਾਰਗੁ–ਖੱਬਾ ਭਾਵ ਉਲਟਾ ਰਸਤਾ; ਵਾਮ ਮਾਰਗ (ਤੰਤ੍ਰ ਸ਼ਾਸ਼ਤਰ ਦੀ ਰੀਤੀ ਅਨੁਸਾਰ ਸ਼ੈਵ ਲੋਕਾਂ ਦਾ ਚਲਾਇਆ ਇਕ ਮਾਰਗ। ਜਿਸ ਵਿਚ ਮਾਸ, ਸ਼ਰਾਬ ਤੇ ਇਸਤ੍ਰੀ ਭੋਗ ਧਰਮ ਦਾ ਅੰਗ ਮੰਨੇ ਹਨ)। ਟੇਢਾ ਚਲਨਾ–ਵਿੰਗੇ ਹੋ ਕੇ ਚਲਣਾ ਭਾਵ ਬਾਮ ਮਾਰਗੀਆਂ ਦੇ ਪੁਠੇ ਰਸਤੇ ਤੇ ਚਲਣਾ। ਅਪੂਠਾ ਬੁਨਨਾ–ਕਰਮਾਂ ਦੀ ਪੁਠੀ ਤਾਣੀ ਉਣਨਾ।੩। ਦੁਹਾ ਸਿਰਿਆ ਕਾ–ਚੰਗੇ ਮੰਦੇ ਰਸਤਾ ਦਾ; ਲੋਕ ਪ੍ਰਲੋਕ ਦਾ; ਸੱਚ ਤੇ ਝੂਠ ਦਾ। ਖਸਮੁ–ਮਾਲਕ। ਸੋ–ਉਹ।੪।੨੯।੯੮।

ਗਉੜੀ ਗੁਆਰੇਰੀ ਮਹਲਾ ੫ ॥ ਕਲਿਜੁਗ ਮਹਿ ਮਿਲਿ ਆਏ ਸੰਜੋਗ ॥ ਜਿਚਰੁ ਆਗਿਆ, ਤਿਚਰੁ ਭੋਗਹਿ ਭੋਗ ॥੧॥

ਜਲੈ ਨ ਪਾਈਐ ਰਾਮੁ ਸਨੇਹੀ ॥ ਕਿਰਤਿ ਸੰਜੋਗਿ ਸਤੀ ਉਠਿ ਹੋਈ ॥੧॥ਰਹਾਉ॥ (ਸਾਰੇ ਜੀਵ) ਸੰਜੋਗਾਂ ਕਰਕੇ ਕਲਜੁਗ ਭਾਵ ਸੰਸਾਰ ਵਿਚ ਆ ਕੇ ਮਿਲੇ ਹਨ। ਜਿਤਨਾ ਚਿਰ (ਕਰਮ ਫਲ ਪ੍ਰਦਾਤਾ ਵਾਹਿਗੁਰੂ ਦੀ) ਆਗਿਆ ਹੁੰਦੀ ਹੈ, ਉਤਨਾ ਚਿਰ (ਜੀਵ) ਭੋਗ ਭੋਗਦੇ (ਅਨੰਦ ਮਾਣਦੇ) ਹਨ।੧।

ਜਲੈ ਨ ਪਾਈਐ ਰਾਮ ਸਨੇਹੀ ॥ ਕਿਰਤਿ ਸੰਜੋਗਿ ਸਤੀ ਉਠਿ ਹੋਈ ॥੧॥ਰਹਾਉ॥ (ਪਤੀ ਦੀ ਚਿਖਾ ਵਿਚ) ਸੜ ਕੇ ਮਰਨ ਨਾਲ ਰੱਬ ਰੂਪ ਪਿਆਰਾ ਪਤੀ ਪ੍ਰਾਪਤ ਨਹੀਂ ਹੋ ਸਕਦਾ। ਕੀਤੇ ਕਰਮਾਂ ਦੇ ਸੰਜੋਗਾਂ ਅਨੁਸਾਰ (ਇਸਤ੍ਰੀ) ਉਠ ਕੇ ਸਤੀ ਹੋਈ ਹੈ (ਇਸ ਨੇ ਪਿਛਲੇ ਜਨਮਾਂ ਵਿਚ ਕਿਸੇ ਨੂੰ ਸਾੜਿਆ ਹੋਣਾ ਹੈ, ਜਿਸ ਕਰਕੇ ਹੁਣ ਸੜ ਮਰੀ ਹੈ)।੧।ਰਹਾਉ।

ਦੇਖਾ ਦੇਖੀ ਮਨ ਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥੨॥ (ਜਿਹੜੀ ਇਸਤ੍ਰੀ) ਦੇਖਾ ਦੇਖੀ ਮਨ ਦੇ ਹੱਠ ਨਾਲ (ਪਤੀ ਦੀ ਚਿਖਾ ਵਿਚ) ਸੜ ਕੇ ਮਰ ਜਾਂਦੀ ਹੈ।(ਉਹ) ਪਤੀ ਦਾ ਮੇਲ ਪ੍ਰਾਪਤ ਨਹੀਂ ਕਰਦੀ ਸੱਗੋਂ ਬਹੁਤ ਜੂਨਾਂ ਵਿਚ ਭਵਾਈ ਜਾਂਦੀ ਹੈ।੨। ਸਤੀਆ ਏਹਿ ਨ ਆਖੀਅਨਿ, ਜੋ ਮੜਿਆ ਲਗਿ ਜਲੰਨਿ੍।(੭੮੭)

ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥ ਜਿਹੜੀ ਇਸਤ੍ਰੀ ਸੀਲ ਸੁਭਾਵ ਵਾਲੀ, ਸੰਜਮ ਵਾਲੀ ਹੈ ਅਤੇ ਪਤੀ ਦੀ ਆਗਿਆ ਮੰਨਦੀ ਹੈ। ਉਸ ਇਸਤ੍ਰੀ ਨੂੰ ਜਮਾਂ ਦਾ ਦੁਖ ਨਹੀਂ ਹੁੰਦਾ।੩।

ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥੪॥੩੦॥੯੯॥ ਗੁਰੂ ਜੀ ਆਖਦੇ ਹਨ ਕਿ ਜਿਸ (ਇਸਤ੍ਰੀ) ਨੇ ਅਪਣੇ ਪਤੀ ਨੂੰ ਪ੍ਰਮੇਸਰ ਰੂਪ ਕਰਕੇ ਜਾਣਿਆ ਹੈ।(ਉਹ) ਧੰਨਤਾ ਯੋਗ ਸਤੀ ਹੈ ਅਤੇ ਰੱਬ ਦੀ ਦਰਗਾਹ ਵਿਚ ਪ੍ਰਵਾਨ ਹੁੰਦੀ ਹੈ; ਜਿਸ ਮਨੁੱਖ ਨੇ ਪ੍ਰਮੇਸਰ ਨੂੰ ਹੀ ਅਪਣਾ ਮਾਲਕ ਜਾਣਿਆ ਹੈ, ਉਹ ਸਤਵਾਦੀ ਪੁਰਖ ਧੰਨ ਹੈ, ਰੱਬ ਦੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ।੪।੩੦।੯੯।

www.gurugranthvakhyaan.org ASAP

ਸਮੁੱਚਾ ਭਾਵ = ਜਿਹੜੇ ਲੋਕ ਪਖੰਡ ਸਹਿਤ ਧੂਣੀਆਂ ਤਾਪਦੇ ਹਨ, ਉਹ ਪ੍ਰਭੂ ਨੂੰ ਨਹੀਂ ਪਾ ਸਕਦੇ।ਪਰ ਜਿਹੜੇ ਲੋਕ ਸੀਲ ਸੰਜਮ ਆਦਿ ਗੁਣਾਂ ਨੂੰ ਧਾਰ ਕੇ ਪ੍ਰਭੂ ਦੀ ਆਗਿਆ ਦਾ ਪਾਲਨ ਕਰਦੇ ਹਨ, ਉਹ ਪ੍ਰਭੂ ਨੂੰ ਪਾ ਲੈਂਦੇ ਹਨ।

ਪਦਾਰਥ = ਸੰਜੋਗ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਫਲ ਕਰਕੇ।ਜਿਚਰੁ–ਜਿਤਨੀ ਦੇਰ (ਜਿੰਨੇ ਸਮੇਂ ਤਕ)।ਤਿਚਰੁ–ਉਤਨੀ ਦੇਰ (ਉਤਨੇ ਸਮੇਂ ਤਕ)।ਭੋਗਹਿ ਭੋਗ–ਸੁਖ ਮਾਣਦੇ ਹਨ।੧।ਜਲੈ–ਸੜ ਕੇ ਮਰਨ ਨਾਲ।ਸਨੇਹੀ–ਪਿਆਰਾ।ਕਿਰਤਿ ਸੰਜੋਗਿ–ਕੀਤੇ ਕਰਮਾਂ ਦੇ ਸਬੰਧ ਅਨੁਸਾਰ।ਸਤੀ–ਪਤੀ ਨਾਲ ਸੜ ਕੇ ਮਰਨ ਵਾਲੀ ਇਸਤ੍ਰੀ।੧।ਰਹਾਉ।ਦੇਖਾ ਦੇਖੀ–ਰੀਸੋ ਰੀਸ (ਭੇਡ ਚਾਲ); ਲੋਕ ਲਾਜ ਲਈ।ਹਠਿ–ਹਠ ਨਾਲ।ਪ੍ਰਿਅ ਸੰਗੁ–ਪਤੀ ਦਾ ਸਾਥ।ਭਵਾਈਐ–ਘੁਮਾਈ ਜਾਂਦੀ ਹੈ।੨।ਸੀਲ–ਸ੍ਰਿਸਟਾਚਾਰ ਵਾਲਾ ਸੁਭਾਵ; ਸੀਤਲ ਸੁਭਾਵ।ਸੰਜਮਿ–ਪਤੀਬ੍ਰਤਾ ਵਾਲੀ ਮਰਿਆਦਾ ਵਿਚ ਰਹਿ ਕੇ।ਕਉ–ਨੂੰ।ਜਮਾਨੈ–ਜਮਾਂ ਦਾ।੩।ਜਿਨਿ–ਜਿਸ ਇਸਤ੍ਰੀ ਨੇ।ਪ੍ਰਿਉ–ਪਤੀ ਨੂੰ।ਸਤੀ–ਸੱਤਵਾਦੀ; ਪਤੀਬ੍ਰਤਾ ਇਸਤ੍ਰੀ।੪।੩੦।੯੯।

ਉਥਾਨਕਾ = ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨ ਤੋਂ ਪਹਿਲਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਬਾਬਾ ਮੋਹਨ ਜੀ ਪਾਸੋਂ ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਦੀਆਂ ਪੋਥੀਆਂ ਲੈ ਕੇ ਸ਼੍ਰੀ ਅੰਮ੍ਰਿਤਸਰ ਆਏ।ਪੋਥੀਆਂ ਪ੍ਰਕਾਸ਼ ਕਰਕੇ ਜਦ ਪੜ੍ਹੀਆਂ ਤਾਂ ਸ਼ੁਕਰਾਨੇ ਵੱਜੋਂ ਇਹ ਸ਼ਬਦ ਉਚਾਰਿਆ।

ਗਉੜੀ ਗੁਆਰੇਰੀ ਮਹਲਾ ੫ ॥ ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ਰਹਾਉ॥ (ਹੇ ਭਾਈ!) ਅਸੀਂ ਸੱਚੇ ਨਾਮ ਧਨ ਕਰਕੇ ਧਨਵਾਨ ਤੇ ਭਾਗਾਂ ਵਾਲੇ ਹੋ ਗਏ ਹਾਂ।ਸੁਤੇ ਸਿਧ ਹਰੀ ਦੇ ਗੁਣ ਗਾਉਂਦੇ ਹਾਂ।੧।ਰਹਾਉ।

ਅੰਗ ੧੮੬ = ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥ ਪਿਤਾ (ਸ਼੍ਰੀ ਗੁਰੂ ਰਾਮਦਾਸ ਜੀ) ਅਤੇ ਦਾਦੇ (ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ) ਦਾ ਖਜਾਨਾ ਖੋਲ੍ਹ (ਪ੍ਰਕਾਸ਼ ਕਰ) ਕੇ ਦੇਖਿਆ ਭਾਵ ਪਾਠ ਕੀਤਾ।ਤਾਂ ਮੇਰੇ ਮਨ ਵਿਚ (ਆਤਮਕ ਅਨੰਦ ਦਾ ਅਮੋਲਕ) ਖਜਾਨਾ ਪ੍ਰਗਟ ਹੋ ਗਿਆ।੧।

ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥ (ਹੇ ਭਾਈ! ਗੁਰਬਾਣੀ ਵਿਚ ਪ੍ਰੇਮ ਵੈਰਾਗ ਜਾਂ ਰੱਬੀ ਸਿਫਤ ਸਲਾਹ ਦੇ ਬੇਅੰਤ) ਰਤਨ ਤੇ ਲਾਲ ਹਨ, ਜਿਨ੍ਹਾਂ ਦਾ ਕੋਈ ਮੁੱਲ ਨਹੀਂ ਭਾਵ ਅਮੋਲਕ ਹਨ।(ਇਨ੍ਹਾਂ ਰਤਨਾਂ ਲਾਲਾਂ ਦੇ) ਭੰਡਾਰ ਭਰੇ ਪਏ ਹਨ, ਜੋ ਨਾ ਮੁੱਕ ਸਕਦੇ ਹਨ ਤੇ ਨਾ ਤੋਲੇ ਜਾ ਸਕਦੇ ਹਨ।੨।

ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥ ਹੇ ਭਾਈ! (ਅਸੀਂ ਇਸ ਖਜਾਨੇ ਨੂੰ) ਰਲ ਮਿਲ ਕੇ ਖਾਂਦੇ ਹਾਂ ਤੇ ਖਰਚਦੇ ਹਾਂ (ਆਪ ਨਾਮ ਬਾਣੀ ਜਪਦੇ ਹਾਂ ਤੇ ਹੋਰਨਾਂ ਨੂੰ ਵੀ ਇਸਦਾ ਉਪਦੇਸ਼ ਕਰਦੇ ਹਾਂ।ਇਸ ਖਜਾਨੇ ਨੂੰ ਵਰਤਣ ਤੇ ਖਰਚਣ ਕਰਕੇ ਕਦੇ) ਤੋਟ ਨਹੀਂ ਆਉਂਦੀ, (ਸੱਗੋਂ) ਵਧਦਾ ਜਾਂਦਾ ਹੈ।੩।

ਖਾਤ ਖਰਚਤ ਕਿਛੁ ਨਿਖੁਟਤ ਨਾਹੀ, ਰਾਮ ਰਤਨ ਧਨ ਖਾਟਿਓ।(੭੧੪)

ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੇ ਮੱਥੇ ਤੇ (ਇਸ ਖਜਾਨੇ ਦੀ ਪ੍ਰਾਪਤੀ ਦਾ) ਲੇਖ ਲਿਖਾਇਆ ਹੋਇਆ ਹੈ।ਉਹ ਮਨੁੱਖ ਇਸ ਖਜਾਨੇ ਵਿਚ ਰਲਾ ਲਿਆ ਗਿਆ ਹੈ (ਉਹ ਇਸ ਖਜਾਨੇ ਦਾ ਭਾਈਵਾਲ ਬਣਾ ਲਿਆ ਗਿਆ ਹੈ)।੪।੩੧।੧੦੦।

ਪਦਾਰਥ = ਧਨਵੰਤ–ਧਨਵਾਨ (ਅਮੀਰ)।ਭਾਗਠ–ਭਾਗਾਂ ਵਾਲੇ।ਨਾਇ–ਨਾਮ ਕਰਕੇ।ਸਹਜਿ ਸੁਭਾਇ–ਸੁਭਾਵਕ ਹੀ; ਨਿਰ ਯਤਨ (ਹਠ ਜਾਂ ਬੱਧਾ ਚੱਟੀ ਕਰਕੇ ਨਹੀਂ)।੧।ਪੀਊ–ਪਿਤਾ (ਗੁਰੂ ਰਾਮਦਾਸ ਜੀ)।ਦਾਦੇ ਕਾ–ਬਜੁਰਗਾਂ ਦਾ ਭਾਵ ਪੂਰਬਲੇ ਸਤਿ ਗੁਰੂ ਸਾਹਿਬਾਨਾਂ ਦੀ ਬਾਣੀ ਰੂਪ ਭੰਡਾਰ ਦਾ (ਮ.ਕੋ.)।ਤਾ–ਤਦ।ਭਇਆ–ਹੋਇਆ।ਨਿਧਾਨਾ–ਭੰਡਾਰ; ਨਿਧੀ ਦਾ ਘਰ।੧।ਜਾ ਕਾ–ਜਿਨ੍ਹਾਂ ਦਾ।ਅਖੂਟ–ਨਾ ਮੁੱਕਣ ਵਾਲੇ।ਅਤੋਲ–ਨਾ ਤੋਲਿਆ ਜਾਣ ਵਾਲਾ।੨।ਖਾਵਹਿ ਖਰਚਹਿ–ਆਪ ਖਾਂਦੇ ਹਾਂ ਤੇ ਹੋਰਨਾਂ ਵਿਚ ਵੀ ਵਰਤਾਉਂਦੇ ਹਾਂ।ਤੋਟਿ–ਘਾਟਾ।੩।ਮਸਤਕਿ–ਮੱਥੇ ਉਤੇ।ਸੁ–ਉਹ।ਏਤੁ–ਇਸ ਵਿਚ।੪।੩੧।੧੦੦।

ਗਉੜੀ ਮਹਲਾ ੫ ॥ ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ ॥੧ ਜਦ ਪ੍ਰਭੂ ਨੂੰ ਦੂਰ ਜਾਣੀਦਾ ਸੀ, ਉਦੋਂ ਡਰ ਡਰ ਕੇ ਮਰੀਦਾ ਸੀ॥ (ਪਰ ਹੁਣ ਜਦ ਪ੍ਰਭੂ ਨੂੰ ਸਾਰੇ) ਪਰੀਪੂਰਨ ਦੇਖਿਆ ਤਾਂ ਡਰ ਦੂਰ ਹੋ ਗਿਆ ਹੈ।੧।

ਸਤਿਗੁਰ ਅਪਨੇ ਕਉ ਬਲਿਹਾਰੈ ॥ ਛੋਡਿ ਨ ਜਾਈ ਸਰਪਰ ਤਾਰੈ ॥੧॥ਰਹਾਉ॥ (ਮੈਂ) ਅਪਨੇ ਸਤਿਗੁਰੂ ਤੋਂ ਬਲਹਾਰ ਜਾਂਦਾ ਹਾਂ।(ਕਿਉਂਕਿ ਸ਼ਰਣ ਵਿਚ ਆਏ ਸੇਵਕ ਨੂੰ ਉਹ) ਛਡ ਕੇ ਨਹੀਂ ਜਾਂਦਾ, (ਸੰਸਾਰ ਸਾਗਰ ਤੋਂ) ਜਰੂਰ ਤਾਰਦਾ ਹੈ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ॥ ਸਦਾ ਅਨੰਦੁ ਜਾ ਹਰਿ ਗੁਣ ਗਾਮੁ ॥੨॥ ਜਦ ਪ੍ਰਭੂ ਦਾ ਨਾਮ ਭੁੱਲ ਜਾਂਦਾ ਹੈ ਤਾਂ ਦੁਖ, ਰੋਗ ਤੇ ਸੋਗ ਆਦਿ ਆ ਲਗਦੇ ਹਨ।(ਪਰ) ਜਦ ਹਰੀ ਦੇ ਗੁਣ ਗਾਇਨ ਕਰੀਏ ਤਾਂ ਸਦਾ ਅਨੰਦ ਬਣਿਆ ਰਹਿੰਦਾ ਹੈ।੨।

ਬੁਰਾ ਭਲਾ ਕੋਈ ਨ ਕਹੀਜੈ ॥ ਛੋਡਿ ਮਾਨੁ ਹਰਿ ਚਰਨ ਗਹੀਜੈ ॥੩॥ ਕਿਸੇ ਨੂੰ ਵੀ ਬੁਰਾ (ਅਤੇ ਅਪਣੇ ਆਪ ਨੂੰ) ਭਲਾ ਨਹੀਂ ਕਹਿਣਾ ਚਾਹੀਦਾ।(ਸੱਗੋਂ) ਹੰਕਾਰ ਛਡ ਕੇ ਹਰੀ ਦੇ ਚਰਣ ਫੜਨੇ ਚਾਹੀਦੇ ਹਨ।੩।

ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥ ਸੁਖੁ ਪਾਵਹਿ ਸਾਚੈ ਦਰਬਾਰਿ ॥੪॥੩੨॥੧੦੧॥ ਗੁਰੂ ਆਖਦੇ ਹਨ, (ਹੇ ਭਾਈ! ਤੂੰ) ਗੁਰੂ ਦਾ (ਦਿਤਾ ਹੋਇਆ ਵਾਹਿਗੁਰੂ) ਮੰਤ੍ਰ ਚੇਤੇ ਕਰ।(ਤਾਂ ਤੂੰ) ਸੱਚੇ ਪ੍ਰਭੂ ਦੇ ਦਰਬਾਰ ਵਿਚ ਸੁਖ ਪਾਵੇਂਗਾ।੪।੩੨।੧੦੧।

ਪਦਾਰਥ = ਮਰਤੇ-ਮਰਦਾ ਸੀ।ਚੂਕਾ-ਦੂਰ ਹੋ ਗਿਆ।ਭਰਪੂਰਿ-ਹਰ ਥਾਂ ਵਿਆਪਕ।੧।ਸਰਪਰ-ਜਰੂਰ।ਤਾਰੈ-ਤਾਰਦਾ ਹੈ।੧।ਰਹਾਉ।ਸੋਗੁ-ਫਿਕਰ।ਜਾ-ਜਦ।ਗਾਮੁ-ਗਾਉਣਾ।੨।ਮਾਨੁ-ਹੰਕਾਰ।ਗਹੀਜੈ-ਫੜਨੇ ਚਾਹੀਦੇ ਹਨ।੩।ਗੁਰ ਮੰਤ੍ਰੁ-ਗੁਰੂ ਦਾ ਦਿਤਾ ਵਾਹਿਗੁਰੂ ਮੰਤ੍ਰ; ਗੁਰੂ ਦਾ ਉਪਦੇਸ਼।ਚਿਤਾਰਿ-ਚੇਤੇ ਕਰ।੪।੩੨।੧੦੧।

ਗਉੜੀ ਮਹਲਾ ੫ ॥ ਜਾ ਕਾ ਮੀਤੁ ਸਾਜਨੁ ਹੈ ਸਮੀਆ ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥੧॥ ਸਮਵਰਤੀ ਪ੍ਰਭੂ ਜਿਸ ਮਨੁੱਖ ਦਾ ਸੱਜਨ ਮਿੱਤ੍ਰ ਹੈ।ਉਸ ਪੁਰਖ ਨੂੰ ਦੱਸੋ ਕਿਸ ਚੀਜ ਦੀ ਕਮੀ ਹੈ? (ਸਭ ਕੁਛ ਮਿਲ ਜਾਂਦਾ ਹੈ)।੧।

ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥੧॥ਰਹਾਉ॥ ਜਿਸ ਪੁਰਖ ਦੀ ਪ੍ਰੀਤ ਗੋਬਿੰਦ ਨਾਲ ਲੱਗੀ ਹੋਈ ਹੈ।ਉਸਦਾ ਦੁਖ ਦਰਦ ਤੇ ਭਰਮ ਆਦਿ ਸਭ ਭੱਜ (ਦੂਰ ਹੋ) ਜਾਂਦੇ ਹਨ।੧।ਰਹਾਉ।

ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨ ਰਸ ਨਾਹੀ ਲਪਟਾਇਓ ॥੨॥ ਜਿਸ (ਪੁਰਖ) ਨੂੰ ਰਸ, ਹਰੀ ਦੇ ਨਾਮ ਸਿਮਰਨ ਦਾ ਰਸ ਆਇਆ ਹੈ।ਉਹ ਹੋਰ ਦੂਜੇ ਰਸਾਂ ਵਿਚ ਨਹੀਂ ਚਿੰਬੜਦਾ।੨।

ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥੩॥ ਜਿਸ (ਗੁਰਮੁਖ) ਦਾ ਕਿਹਾ ਹੋਇਆ ਬਚਨ ਦਰਗਾਹ ਵਿਚ ਚਲਦਾ ਹੈ (ਰਬ ਦੀ ਹਜੂਰੀ ਵਿਚ ਮੰਨਿਆ ਜਾਂਦਾ ਹੈ)।ਉਹ ਕਿਸ ਨੂੰ ਅਪਣੀ ਨਜਰ ਹੇਠ ਲਿਆਉਂਦਾ ਹੈ? (ਉਹ ਰੱਬ ਤੋਂ ਬਿਨਾ ਕਿਸੇ ਦੀ ਪ੍ਰਵਾਹ ਨਹੀਂ ਕਰਦਾ ਜਾਂ ਰੱਬ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਧਿਆਉਂਦਾ)।੩।

ਜਾ ਕਾ ਸਭੁ ਕਿਛੁ ਤਾ ਕਾ ਹੋਇ ॥ ਨਾਨਕ ਤਾ ਕਉ ਸਦਾ ਸੁਖੁ ਹੋਇ ॥੪॥੩੩॥੧੦੨॥ ਜਿਸ ਪ੍ਰਭੂ ਦਾ (ਰਚਿਆ ਹੋਇਆ) ਸਭ ਕੁਛ ਹੈ, ਜੋ (ਮਨੁੱਖ) ਉਸਦਾ ਦਾਸ ਹੋ (ਬਣ) ਜਾਂਦਾ ਹੈ।ਗੁਰੂ ਜੀ ਆਖਦੇ ਹਨ ਕਿ ਉਸ (ਪੁਰਖ) ਨੂੰ ਸਦਾ ਆਤਮਕ ਸੁਖ ਪ੍ਰਾਪਤ ਹੁੰਦਾ ਹੈ।੪।੩੩।੧੦੨।

ਪਦਾਰਥ = ਜਾ ਕਾ-ਜਿਸ ਦਾ।ਸਮੀਆ-ਸਰਬ ਵਿਆਪਕ; ਸਮ ਦ੍ਰਿਸਟੀ ਵਾਲਾ।ਜਨ ਕਉ-ਪੁਰਖ ਨੂੰ।ਕਾ ਕੀ-ਕਿਸ (ਚੀਜ) ਦੀ।ਕਮੀਆ-ਘਾਟਾ।੧।ਸੋ-ਉਹ।ਅਨ ਰਸ-ਹੋਰ ਰਸਾਂ ਵਿਚ।੨।ਕਹਿਆ-ਬੋਲਿਆ ਹੋਇਆ ਬਚਨ।ਚਲੈ-ਚਲਦਾ (ਮੰਨਿਆ ਜਾਂਦਾ) ਹੈ।੩।ਜਾ ਕਾ-ਜਿਸ (ਪ੍ਰਭੂ) ਦਾ।ਤਾ ਕਾ-ਉਸ (ਪ੍ਰਭੂ) ਦਾ।ਤਾ ਕਉ-ਉਸ (ਪੁਰਖ) ਨੂੰ।੪।੩੩।੧੦੨।

ਗਉੜੀ ਮਹਲਾ ੫ ॥ ਜਾ ਕੈ ਦੁਖੁ ਸੁਖੁ ਸਮ ਕਰਿ ਜਾਪੈ ॥ ਤਾ ਕਉ ਕਾੜਾ ਕਹਾ ਬਿਆਪੈ ॥੧॥ ਜਿਸ ਮਨੁੱਖ ਦੇ ਮਨ ਵਿਚ ਦੁਖ ਤੇ ਸੁਖ ਇਕੋ ਜਿਹਾ ਪ੍ਰਤੀਤ ਹੁੰਦਾ ਹੈ।ਉਸ ਨੂੰ ਝੋਰਾ ਕਿਵੇਂ ਵਿਆਪ ਸਕਦਾ ਹੈ? ਭਾਵ ਨਹੀਂ ਲਗ ਸਕਦਾ।੧।

ਸਹਜ ਅਨੰਦ ਹਰਿ ਸਾਧੂ ਮਾਹਿ ॥ ਆਗਿਆਕਾਰੀ ਹਰਿ ਹਰਿ ਰਾਇ ॥੧॥ਰਹਾਉ॥ (ਹਰੀ ਦਾ ਸਿਮਰਨ ਕਰਨ ਵਾਲੇ) ਸਾਧੂਆਂ ਦੇ ਹਿਰਦੇ ਵਿਚ ਸੁਤੇ ਸਿੱਧ ਹੀ ਅਨੰਦ ਬਣਿਆ ਰਹਿੰਦਾ ਹੈ।(ਕਿਉਂਕਿ ਉਹ) ਹਰੀ ਰਾਜੇ ਦਾ ਆਗਿਆਕਾਰ ਹੁੰਦੇ ਹਨ ਭਾਵ ਅਕਾਲ ਪੁਰਖ ਦੇ ਹੁਕਮ ਵਿਚ ਚਲਦੇ ਹਨ।੧।ਰਹਾਉ।

ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥੨॥ ਜਿਸ ਮਨੁੱਖ ਦੇ ਮਨ ਵਿਚ ਚਿੰਤਾ ਤੋਂ ਰਹਿਤ ਵਾਹਿਗੁਰੂ ਆ ਵਸਦਾ ਹੈ।ਉਸ ਨੂੰ ਚਿੰਤਾ ਕਦੇ ਵੀ ਨਹੀਂ ਲਗਦੀ।੨।

ਜਾ ਕੈ ਬਿਨਸਿਓ ਮਨ ਤੇ ਭਰਮਾ ॥ ਤਾ ਕੈ ਕਛੂ ਨਾਹੀ ਡਰੁ ਜਮਾ ॥੩॥ ਜਿਸ ਮਨੁੱਖ ਦੇ ਮਨ ਤੋਂ ਭਰਮ ਨਾਸ਼ ਹੋ ਗਿਆ।ਉਸ ਦੇ (ਮਨ ਵਿਚ) ਰੱਤਾ ਭਰ ਵੀ ਜਮਾਂ ਦਾ ਡਰ ਨਹੀਂ ਰਹਿੰਦਾ।੩।

ਜਾ ਕੈ ਹਿਰਦੈ ਦੀਓ ਗੁਰਿ ਨਾਮਾ ॥ ਕਹੁ ਨਾਨਕ ਤਾ ਕੈ ਸਗਲ ਨਿਧਾਨਾ ॥੪॥੩੪॥੧੦੩॥ ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਨੇ ਵਾਹਿਗੁਰੂ ਨਾਮ (ਵਾਸਾ) ਦਿਤਾ ਹੈ।ਗੁਰੂ ਜੀ ਆਖਦੇ ਹਨ, ਉਸ ਦੇ ਪਾਸ ਸਾਰੇ ਖਜਾਨੇ (ਆ ਜਾਂਦੇ) ਹਨ।੪।੩੪।੧੦੩।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਜਾ ਕੈ–ਜਿਸ ਮਨੁੱਖ ਦੇ।ਸਮ ਕਰਿ–ਇਕੋ ਜਿਹਾ।ਜਾਪੈ–ਪ੍ਰਤੀਤ ਹੁੰਦਾ ਹੈ।ਤਾ ਕਉ–ਉਸ ਨੂੰ।ਕਾੜਾ–ਝੋਰਾ; ਦੁਖ; ਪਛਤਾਵਾ।ਕਹਾ–ਕਿਵੇਂ।੧।ਸਹਜ ਅਨੰਦ–ਕੁਦਰਤੀ ਅਨੰਦ।ਹਰਿ ਰਾਇ–ਹਰੀ ਰਾਜਾ।੧।ਰਹਾਉ।ਅਚਿੰਤ–ਚਿੰਤਾ ਰਹਿਤ ਹਰੀ।ਕਤਹੂੰ–ਕਦੇ ਵੀ।੨।ਮਨ ਤੇ–ਮਨ ਤੋਂ।ਤਾ ਕੈ–ਉਸ ਦੇ (ਮਨ ਵਿਚ)।ਕਛੂ–ਰੱਤਾ ਭਰ ਵੀ।ਜਮਾ–ਜਮਾਂ ਦਾ।੩।ਗੁਰਿ–ਗੁਰੂ ਨੇ।ਸਗਲ–ਸਾਰੇ।ਨਿਧਾਨਾ–ਖਜਾਨੇ; ਨਿਧੀਆਂ ਦੇ ਭੰਡਾਰ।੪।੩੪।੧੦੩।

ਗਉੜੀ ਮਹਲਾ ੫ ॥ ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥ ਅਗਮ ਸਰੂਪ ਪ੍ਰਭੂ ਦਾ ਟਿਕਾਣਾ (ਜੀਵ ਦੇ) ਮਨ ਵਿਚ ਹੀ ਹੈ।(ਪਰ ਮਨ ਵਿਚ ਪ੍ਰਭੂ ਨੂੰ) ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਨੇ ਹੀ ਜਾਣਿਆ ਹੈ।੧।

ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ਰਹਾਉ॥ (ਉਸ ਅਸਥਾਨ ਤੇ) ਪ੍ਰਮਾਤਮਾ ਦੀ ਸਿਫਤ ਸਲਾਹ ਦੇ ਅੰਮ੍ਰਿਤ ਦੇ ਕੁੰਡ ਹਨ।(ਇਹ ਅੰਮ੍ਰਿਤ) ਉਹ ਹੀ ਲੈ ਕੇ ਛਕਦਾ ਹੈ, ਜਿਸ ਦੇ (ਭਾਗਾਂ ਵਿਚ ਅੰਮ੍ਰਿਤ) ਪ੍ਰਾਪਤ ਹੋਣ ਦਾ ਲੇਖ ਲਿਖਿਆ ਹੁੰਦਾ ਹੈ।੧।ਰਹਾਉ। ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸਬਦੇ ਕਾਢਿ ਪੀਐ ਪਨਿਹਾਰੀ।(੫੭੦)

ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥੨॥ ਆਤਮ ਮੰਡਲ ਵਿਚ, ਜਿਥੇ ਨਾਮ ਬਾਣੀ ਦਾ ਇਕ ਰਸ ਪ੍ਰਵਾਹ ਚੱਲਣ ਲਗ ਪੈਂਦਾ ਹੈ, ਉਹ ਟਿਕਾਣਾ ਨਿਰਾਲਾ ਹੈ।ਉਸ (ਅਨਹਦ ਬਾਣੀ) ਦੀ ਧੁਨ ਸੁਣ ਕੇ ਪ੍ਰਮਾਤਮਾ ਮੋਹਿਤ ਹੋ ਜਾਂਦਾ ਹੈ (ਪ੍ਰਭੂ ਦਾ ਪਿਆਰ ਮਿਲਦਾ ਹੈ)।੨।

ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥੩॥ ਉਥੇ ਸਹਿਜ ਅਵਸਥਾ ਵਾਲਿਆਂ ਦੇ ਅਨੇਕਾਂ ਹੀ ਅਨੰਤ ਸਮਾਗਮ ਹਨ।ਜਿਨ੍ਹਾਂ ਵਿਚ ਵਾਹਿਗੁਰੂ ਦੇ ਸਾਥੀ ਸੰਤ ਲੋਕ (ਅਨੰਦ ਮਾਣਦੇ) ਹਨ।੩।

ਹਰਖ ਅਨੰਤ ਸੋਗ ਨਹੀਂ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥ ਉਥੇ (ਸੰਤ ਸਮਾਗਮ ਵਿਚ) ਬਿਅੰਤ ਖੁਸ਼ੀਆਂ ਹਨ, ਸੋਗ ਕੋਈ ਨਹੀਂ।ਉਹ ਘਰ ਗੁਰੂ ਨੇ ਨਾਨਕ ਨੂੰ ਦਿਤਾ ਹੈ।੪।੩੫।੧੦੪।

ਪਦਾਰਥ = ਅਗਮ ਰੂਪ–ਅਚੱਲ ਰੂਪ ਕਰਤਾਰ; ਅਖੰਡ ਬ੍ਰਹਮ।ਥਾਨਾ–ਅਸਥਾਨ; ਟਿਕਾਣਾ।ਕਿਨੈ–ਕਿਸੇ ਨੇ।੧।ਸਹਜ ਕਥਾ–ਪ੍ਰਭੂ ਦੀ ਸਿਫਤ ਸਲਾਹ; ਗਿਆਨ ਦੀ ਕਥਾ।ਕੁੰਟਾ–ਕੁੰਡ।ਭੁੰਚਾ–ਛਕਦਾ ਹੈ।੧।ਰਹਾਉ।ਅਨਹਤ ਬਾਣੀ–ਆਤਮ ਮੰਡਲ ਵਿਚ ਨਾਮ ਬਾਣੀ ਦੀ ਇਕ ਰਸ ਧੁਨ।ਨਿਰਾਲਾ–ਅਜੀਬ (ਅਸਚਰਜ); ਅਦੁਤੀ (ਜਿਸ ਵਰਗਾ ਹੋਰ ਕੋਈ ਨਹੀਂ)।ਤਾ ਕੀ–ਉਸ ਦੀ।ਮੋਹੇ–ਮੋਹਿਤ ਕਰਦੀ ਹੈ; ਮੋਹਿਆ ਜਾਂਦਾ ਹੈ।੨।ਤਹ–ਉਥੇ।ਸਹਜ–ਸਹਿਜ ਅਵਸਥਾ।ਅਖਾਰੇ–ਸਮਾਗਮ; ਜੋੜ ਮੇਲੇ।ਅਨੰਤਾ–ਅਣਗਿਣਤ।ਹਰਖ–ਖੁਸ਼ੀਆਂ।ਬੀਆ–ਦੂਜਾ; ਕੋਈ।ਸੋ ਘਰੁ–ਉਹ ਸਤ ਸੰਗਤ ਰੂਪ ਘਰ।੪।੩੫।੧੦੪।

ਵਿਆਖਿਆ = ਵਾਹਿਗੁਰੂ ਜੋ ਮਨ ਦੀ ਪਹੁੰਚ ਤੋਂ ਪਰੇ ਹੈ, ਉਹ ਮਨ ਵਿਚ ਹੀ ਵਸਦਾ ਹੈ।ਗੁਰੂ ਦੀ ਕ੍ਰਿਪਾ ਨਾਲ ਨਾਮ ਅਭਿਆਸੀ ਕੋਈ ਵਿਰਲਾ ਪੁਰਖ ਵਾਹਿਗੁਰੂ ਨੂੰ ਮਨ ਵਿਚੋਂ ਅਨੁਭਵ ਕਰਦਾ ਹੈ।ਫਿਰ ਉਹ ਪੁਰਖ ਮਨ ਵਿਚੋਂ ਹੀ ਸਹਜ ਦੀ ਕਥਾ ਦੇ ਅੰਮ੍ਰਿਤ ਰਸ ਦਾ ਅਨੰਦਾ ਮਾਣਦਾ ਹੈ।ਮਨ ਵਿਚ ਅਨਹਦ ਬਾਣੀ ਪ੍ਰਗਟ ਹੋ ਕੇ ਗੋਪਾਲ ਨੂੰ ਮੋਹਿਤ ਕਰਦੀ ਹੈ।ਇਹੋ ਜਿਹੇ ਸਹਿਜ ਅਵਸਥਾ ਵਾਲੇ ਅਨੇਕਾਂ ਸੰਤਾਂ ਦੇ ਬੇਅੰਤ ਸਮਾਗਮ ਹਨ।ਹਿਰਦੇ ਵਿਚ ਚਲ ਰਹੀ ਨਾਮ ਬਾਣੀ ਦੀ ਧੁਨ ਪ੍ਰਭੂ ਨੂੰ ਮੋਹਿਤ ਕਰਦੀ ਹੈ।ਉਥੇ (ਜਿਸ ਮਨ ਵਿਚ ਵਾਹਿਗੁਰੂ ਪ੍ਰਗਟ ਹੈ) ਬੇਅੰਤ ਅਨੰਦ ਹੈ, ਸੋਗ ਦਾ ਨਾਮ ਨਿਸ਼ਾਨ ਹੀ ਨਹੀਂ।ਅਜੇਹਾ ਅਸਥਾਨ ਗੁਰੂ (ਰਾਮਦਾਸ ਜੀ) ਨੇ ਨਾਨਕ (ਗੁਰੂ ਅਰਜਨ ਦੇਵ ਜੀ) ਨੂੰ ਬਖਸ਼ਿਆ ਹੈ।

ਗਉੜੀ ਮਃ ੫ ॥ ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥ (ਹੇ ਵਾਹਿਗੁਰੂ!) ਤੇਰਾ ਕਿਹੜਾ ਰੂਪ (ਸਰਗੁਣ ਰੂਪ ਕਿ ਨਿਰਗੁਣ ਰੂਪ ਜਾਂ ਕੋਈ ਹੋਰ ਰੂਪ ਮੈਂ ਅਪਣੇ ਸਾਹਮਣੇ ਰੱਖ ਕੇ ਤੇਰੀ) ਅਰਾਧਨਾ ਕਰਾਂ? (ਹਠ ਜੋਗ, ਨਿਵਲੀ ਕਰਮ ਆਦਿ ਵਿਚੋਂ) ਕਿਹੜਾ ਜੋਗ ਲੈ ਕੇ (ਮੈਂ ਅਪਣੀ) ਦੇਹ ਨੂੰ ਸਾਧ ਲਵਾਂ (ਕਾਬੂ ਕਰਾਂ)।੧।

ਅੰਗ ੧੮੭ = ਕਵਨ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ਰਹਾਉ॥ (ਹੇ ਪ੍ਰਭੂ! ਤੇਰੇ ਬੇਅੰਤ ਗੁਣ ਹਨ, ਉਹ) ਕਿਹੜਾ ਗੁਣ ਹੈ, ਜਿਸ ਨੂੰ ਲੈ ਕੇ ਮੈਂ ਤੇਰਾ ਜਸ ਗਾਵਾਂ; ਅਪਣੇ ਵਿਚ ਕਿਹੜਾ ਗੁਣ ਪੈਦਾ ਕਰਾਂ, ਜਿਸ ਨੂੰ ਲੈ ਕੇ ਤੈਨੂੰ ਗਾਵਾਂ (ਸ਼ਬਦਾਰਥ)।ਕਿਹੜੇ (ਉਹ) ਬੋਲ ਹਨ (ਜਿਹੜੇ ਮੈਂ ਬੋਲ ਕੇ) ਪ੍ਰਭੂ ਨੂੰ ਖੁਸ਼ ਕਰਾਂ।੧।ਰਹਾਉ।

ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥ (ਮੈਂ) ਤੇਰੀ ਉਹ ਕਿਹੜੀ ਪੂਜਾ ਕਰਾਂ।ਉਹ ਕਿਹੜੀ ਵਿਧੀ ਹੈ, ਜਿਸ ਨਾਲ (ਮੈਂ ਸੰਸਾਰ ਸਮੁੰਦਰ ਤੋਂ) ਤਰ ਜਾਵਾਂ।੨।

All Rights Reserved by Harjinder Singh Gyani | www.GuruGranthVakhyaan.org

ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥ (ਉਹ) ਕਿਹੜਾ ਤਪ ਹੈ, ਜਿਸ ਨਾਲ (ਮੈਂ) ਤਪੀਆ ਬਣ ਜਾਵਾਂ। ਉਹ ਕਿਹੜਾ ਨਾਮ ਹੈ, ਜਿਸ ਦੇ (ਜਪਣ ਨਾਲ) ਹਉਮੈ ਦੀ ਮੈਲ ਨਾਸ਼ ਹੋ ਜਾਵੇ।੩।

ਗੁਣ ਪੂਜਾ ਗਿਆਨ ਧਿਆਨ, ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਨਾਨਕ (ਗੁਰੂ ਜੀ ਇਹ ਤੱਤ ਕਢਦੇ ਹਨ ਕਿ) ਜਿਸ ਨੂੰ ਕਿਰਪਾ ਕਰਕੇ ਦਇਆ ਦੇ ਘਰ ਸਤਿਗੁਰੂ ਮਿਲਦੇ ਹਨ, (ਉਸ ਨੂੰ) ਗੁਣ, ਪੂਜਾ, ਗਿਆਨ ਤੇ ਧਿਆਨ ਆਦਿ ਘਾਲ ਕਮਾਈ ਦੇ ਸਾਰੇ (ਉਪਰ ਦੱਸੇ ਹੋਏ ਸਾਧਨ) ਪ੍ਰਾਪਤ ਹੋ ਜਾਂਦੇ ਹਨ।੪।

ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖ ਦਾਤਾ ॥੧॥ ਰਹਾਉ ਦੂਜਾ॥੩੬॥੧੦੫॥ ਉਸ ਵਿਚ ਹੀ ਇਹ ਗੁਣ ਹੈ, ਉਸ ਨੇ ਹੀ ਪ੍ਰਭੂ ਨੂੰ ਜਾਣਿਆ ਹੈ। ਜਿਸ ਦੀ ਅਰਦਾਸ ਸੁੱਖਾਂ ਦਾ ਦਾਤਾ ਹਰੀ ਮੰਨ ਲੈਂਦਾ ਹੈ (ਭਾਵ ਕ੍ਰਿਪਾ ਕਰਕੇ ਗੁਰੂ ਮਿਲਾ ਦੇਂਦਾ ਹੈ)।੧।ਰਹਾਉ ਦੂਜਾ।੩੬।੧੦੫।

ਪਦਾਰਥ = ਕਵਨ–ਕਿਹੜਾ।ਆਰਾਧਉ–ਪੂਜਾ ਕਰਾਂ; ਸਿਮਰਾਂ।ਕਾਇਆ–ਸਰੀਰ।ਸਾਧਉ–ਮੈ ਕਾਬੂ ਕਰਾਂ।੧।ਤੁਝੁ–ਤੈਨੂੰ। ਰੀਝਾਵਉ–ਪ੍ਰਸੰਨ ਕਰਾਂ।੧।ਰਹਾਉ।ਸੁ–ਉਹ।ਬਿਧਿ–ਤਰੀਕਾ।ਜਿਤੁ–ਜਿਸ ਨਾਲ।ਭਵਜਲ–ਸੰਸਾਰ ਸਮੁੰਦਰ।ਤਰਉ–(ਮੈਂ) ਤਰ ਜਾਵਾਂ।੨।ਤਪੀਆ–ਤਪੱਸਵੀ।ਮਲੁ–ਮੈਲ।ਖੋਇ–ਨਾਸ਼ ਹੋਵੇ।੩।ਘਾਲ–ਮਿਹਨਤ।੪।ਤਿਨ ਹੀ–ਉਸ ਨੇ ਹੀ।ਜਾਤਾ–ਜਾਣਿਆ।ਮਾਨਿ ਲੇਇ–ਮੰਨ ਲੈਂਦਾ ਹੈ।੧।ਰਹਾਉ ਦੂਜਾ।੩੬।੧੦੫।

ਵਿਆਖਿਆ = ਇਸ ਸ਼ਬਦ ਵਿਚ ਕੁਝ ਸਵਾਲ ਪੁਛੇ ਹਨ, ਇਨ੍ਹਾਂ ਸਵਾਲਾਂ ਦਾ ਸਮੁੱਚਾ ਭਾਵ ਪਹਿਲੇ ਰਹਾਉ ਵਿਚ ਦਿਤਾ ਹੈ। ਸਵਾਲ ਹਨ ਕਿ ਰੱਬ ਨੂੰ ਖੁਸ਼ ਕਰਨ ਲਈ ਕਿਹੜਾ ਗੁਣ (ਰੂਪ, ਅਰਾਧਨਾ, ਜੋਗ, ਪੂਜਾ ਤੇ ਤਪ ਆਦਿ ਘਾਲ) ਅਤੇ ਕਿਹੜਾ ਬੋਲ (ਨਾਮ ਦਾ ਉਚਾਰਨ ਆਦਿ) ਚੰਗਾ ਹੈ। ਉਤਰ ਵਿਚ ਕੇਵਲ ਇਕੋ ਗਲ ਦਸੀ ਹੈ ਕਿ ਮਨੁੱਖ ਰੱਬ ਦੀ ਮੇਹਰ ਮੰਗੇ, ਜਿਸ ਦੁਆਰਾ ਗੁਰੂ ਮਿਲਦਾ ਹੈ। ਗੁਰੂ ਦੇ ਮਿਲਣ ਵਿਚ ਇਹ ਸਭ ਕੁਝ ਆ ਜਾਂਦਾ ਹੈ (ਸ਼ਬਦਾਰਥ)।

ਗਉੜੀ ਮਹਲਾ ੫ ॥ ਆਪਨ ਤਨੁ ਨਹੀਂ, ਜਾ ਕੋ ਗਰਬਾ ॥ ਰਾਜ ਮਿਲਖ ਨਹੀ ਆਪਨ ਦਰਬਾ ॥੧॥ (ਜੇ ਪੁਰਖਾ! ਇਹ) ਸਰੀਰ ਤੇਰਾ ਅਪਣਾ ਨਹੀਂ ਹੈ, ਜਿਸਦਾ ਤੂੰ ਹੰਕਾਰ ਕਰਦਾ ਹੈਂ।(ਇਸ ਸਰੀਰ ਕਰਕੇ) ਰਾਜ, ਜਾਇਦਾਤ ਤੇ ਧਨ ਆਦਿ ਬਣਾਏ ਵੀ ਤੇਰੇ ਅਪਣੇ ਨਹੀਂ ਹਨ (ਕਿਉਂਕਿ ਇਹ ਸਭ ਕੁਛ ਨਾਲ ਨਹੀਂ ਜਾਂਦਾ)।੧।

ਆਪਨ ਨਹੀ ਕਾ ਕਉ ਲਪਟਾਇਓ ॥ ਆਪਨ ਨਾਮੁ ਸਤਿਗੁਰ ਤੇ ਪਾਇਓ ॥੧॥ਰਹਾਉ॥ (ਜਦ ਇਹ ਸਭ ਕੁਛ ਤੇਰਾ) ਅਪਣਾ ਨਹੀਂ ਹੈ, (ਤਾਂ ਹੇ ਮੂਰਖਾ! ਤੂੰ ਇਨ੍ਹਾਂ ਨਾਲ) ਕਿਸ ਵਾਸਤੇ ਚਿੰਬੜਿਆ ਹੋਇਆ ਹੈਂ। ਅਪਣਾ ਤਾਂ ਕੇਵਲ ਵਾਹਿਗੁਰੂ ਦਾ ਨਾਮ ਹੈ, (ਪਰ ਇਹ ਨਾਮ ਜਿਸ ਨੇ ਵੀ ਪਾਇਆ ਹੈ) ਸਤਿਗੁਰੂ ਤੋਂ ਹੀ ਪਾਇਆ ਹੈ।੧।ਰਹਾਉ।

ਸੁਤ ਬਨਿਤਾ ਆਪਨ ਨਹੀ ਭਾਈ ॥ ਇਸਟ ਮੀਤ ਆਪ ਬਾਪੁ ਨ ਮਾਈ ॥੨॥ ਪੁਤ੍ਰ, ਇਸਤ੍ਰੀ ਅਤੇ ਭਰਾ ਵੀ ਅਪਣੇ ਨਹੀਂ ਹਨ। ਪਿਆਰੇ ਮਿਤ੍ਰ, ਮਾਂ ਤੇ ਬਾਪ (ਇਨ੍ਹਾਂ ਵਿਚੋਂ ਕੋਈ ਵੀ) ਆਪਣਾ ਨਹੀਂ ਹੈ।੨।

ਸੁਇਨਾ ਰੂਪਾ ਫੁਨਿ ਨਹੀਂ ਦਾਮ ॥ ਹੈਵਰ ਗੈਵਰ ਆਪਨ ਨਹੀ ਕਾਮ ॥੩॥ ਫਿਰ ਸੋਨਾ ਚਾਂਦੀ ਅਤੇ ਰੁਪਏ ਵੀ ਤੇਰੇ ਨਹੀਂ ਹਨ। ਵਧੀਆ ਘੋੜੇ ਤੇ ਵਧੀਆ ਹਾਥੀ ਆਦਿ ਵੀ (ਮਰਨ ਤੋਂ ਬਾਦ) ਤੇਰੇ ਕੰਮ ਆਉਣ ਵਾਲੇ ਨਹੀਂ ਹਨ।੩।

ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ ਤਿਸ ਕਾ ਸਭੁ ਕਿਛੁ ,ਜਿਸ ਕਾ ਹਰਿ ਰਾਇਆ ॥੪॥੩੭॥੧੦੬॥ ਗੁਰੂ ਜੀ ਆਖਦੇ ਹਨ ਕਿ ਜਿਸ (ਪੁਰਖ) ਨੂੰ ਗੁਰੂ ਨੇ (ਨਾਮ) ਬਖਸ਼ ਕੇ (ਵਾਹਿਗੁਰੂ ਨਾਲ) ਮਿਲਾ ਦਿਤਾ ਹੈ। ਉਸਦਾ ਸਭ ਕੁਛ (ਅਪਣਾ) ਹੈ, ਜਿਸ ਦਾ ਹਰੀ ਰਾਜਾ (ਬਣ ਗਿਆ) ਹੈ।੪।੩੭।੧੦੬। ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ, ਸੇਵਕੁ ਠਾਕੁਰ ਹੀ...੧੦੨

ਪਦਾਰਥ = ਜਾ ਕੋ–ਜਿਸ ਦਾ।ਗਰਬਾ–ਹੰਕਾਰ।ਮਿਲਖ–ਜਾਇਦਾਤ; ਜਗੀਰ।ਦਰਬਾ–ਧਨ।੧।ਕਾ ਕਉ–ਕਿਸ ਨੂੰ; ਕਿਸ ਵਾਸਤੇ।ਲਪਟਾਇਓ–ਚਿੰਬੜਿਆ ਹੈਂ; ਮੋਹ ਕਰਦਾ ਹੈਂ।ਤੇ–ਤੋਂ।੧।ਰਹਾਉ।ਸੁਤ–ਪੁਤ੍ਰ।ਬਨਿਤਾ–ਪਤਨੀ।ਭਾਈ–ਭਰਾ।ਇਸਟ ਮਿਤ੍ਰ –ਪਿਆਰੇ ਮਿੱਤ੍ਰ।ਮਾਈ–ਮਾਂ।੨।ਰੂਪਾ–ਚਾਂਦੀ।ਫੁਨਿ–ਫਿਰ; ਭੀ; ਅਤੇ।ਦਾਮ–ਦਮੜੇ; ਰੁਪਏ।ਹੈਵਰ–ਵਧੀਆ ਕਿਸਮ ਦੇ ਘੋੜੇ।ਗੈਵਰ–ਵਧੀਆ ਕਿਸਮ ਦੇ ਹਾਥੀ।ਕਾਮ–ਕੰਮ।੩।ਬਖਸਿ–ਨਾਮ ਬਖਸ਼ ਕੇ; ਬਖਸ਼ਿਸ਼ ਕਰਕੇ।੪।੩੭।੧੦੬।

ਗਉੜੀ ਮਹਲਾ ੫ ॥ ਗੁਰ ਕੇ ਚਰਣ ਊਪਰਿ ਮੇਰੇ ਮਾਥੇ ॥ ਤਾ ਤੇ ਦੁਖ ਮੇਰੇ ਸਗਲੇ ਲਾਥੇ ॥੧॥ (ਹੇ ਭਾਈ! ਜਦ) ਮੇਰੇ ਮੱਥੇ ਉਪਰ ਛੋਹੇ ਗਏ।(ਚਰਨਾਂ ਦੀ) ਉਸ ਛੋਹ ਨਾਲ ਮੇਰੇ ਸਾਰੇ ਦੁਖ ਉਤਰ ਗਏ ਹਨ।੧।

All Rights Reserved by Harjinder Singh Gyani | www.GuruGranthVakhyaan.org

ਸਤਿਗੁਰੁ ਅਪੁਨੇ ਕਉ ਕੁਰਬਾਨੀ ॥ ਆਤਮ ਚੀਨਿ ਪਰਮ ਰੰਗ ਮਾਨੀ ॥੧॥ਰਹਾਉ॥ (ਮੈਂ ਅਪਨੇ) ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ।(ਸਤਿਗੁਰੂ ਦੀ ਕ੍ਰਿਪਾ ਨਾਲ ਅਪਣੀ) ਆਤਮਾ ਨੂੰ ਪਛਾਣ ਕੇ ਮਹਾਨ ਖੁਸ਼ੀ ਮਾਣੀ ਹੈ।੧।ਰਹਾਉ।

ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥ ਅਹੰਬੁਧਿ ਤਿਨਿ ਸਗਲ ਤਿਆਗੀ ॥੨॥ ਗੁਰੂ ਦੇ ਚਰਣਾਂ ਦੀ ਧੂੜ (ਜਿਸ ਮਨੁੱਖ ਦੇ) ਮੂੰਹ ਉਤੇ ਲਗੀ ਹੈ।ਉਸ ਨੇ ਹੰਕਾਰ ਵਾਲੀ ਬੁੱਧੀ ਸਾਰੀ ਛਡ ਦਿਤੀ ਹੈ।੨।

ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥੩॥ (ਮੇਰੇ) ਮਨ ਵਿਚ ਗੁਰੂ ਦਾ ਸ਼ਬਦ ਮਿੱਠਾ (ਪਿਆਰਾ) ਲੱਗਾ ਹੈ।ਉਸੇ (ਸਬਦ ਦੀ ਬਰਕਤ) ਨਾਲ ਮੈਂ ਪਾਰਬ੍ਰਹਮ ਨੂੰ ਦੇਖ ਲਿਆ ਹੈ।੩।

ਗੁਰੁ ਸੁਖ ਦਾਤਾ ਗੁਰੁ ਕਰਤਾਰੁ ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥੪॥੩੮॥੧੦੭॥ ਗੁਰੂ ਸੁੱਖਾਂ ਦਾ ਦਾਤਾ ਹੈ, ਗੁਰੂ ਕਰਤਾਰ ਦਾ ਸਰੂਪ ਹੈ।ਗੁਰੂ ਜੀ ਆਖਦੇ ਹਨ ਕਿ ਗੁਰੂ ਜੀਵਾਂ ਦੇ ਪ੍ਰਾਣਾਂ ਦਾ ਸਹਾਰਾ ਹੈ।੪।੩੮।੧੦੭।

ਪਦਾਰਥ = ਤਾ ਤੇ–ਉਸ ਤੋਂ (ਨਾਲ)।ਸਗਲੇ–ਸਾਰੇ।ਲਾਥੇ–ਉਤਰ (ਲਹਿ) ਗਏ।੧।ਕਉ–ਨੂੰ।ਆਤਮ–ਅਪਣੇ ਸਰੂਪ ਨੂੰ। ਚੀਨਿ–ਪਛਾਣ ਕੇ।ਪਰਮ ਰੰਗ–ਮਹਾਨ ਖੁਸ਼ੀ (ਪਰਮ ਅਨੰਦ)।ਮਾਨੀ–ਮਾਣਿਆ ਹੈ।੧।ਰਹਾਉ।ਰੇਣੁ–ਧੂੜ।ਮੁਖਿ–ਮੂੰਹ (ਮੱਥੇ) ਉਤੇ।ਅਹੰਬੁਧਿ–ਹੰਕਾਰ ਵਾਲੀ ਬੁੱਧੀ।ਤਿਨਿ–ਉਸ ਨੇ।੨।ਤਾ ਤੇ–ਉਸ ਤੋਂ (ਨਾਲ)।ਮੋਹਿ–ਮੈਂ।ਡੀਠਾ–ਦਰਸ਼ਨ ਕੀਤਾ।੩। ਜੀਅ–ਜੀਵਾਂ ਦਾ; ਜਿੰਦ ਦਾ।ਆਧਾਰੁ–ਸਹਾਰਾ।੪।੩੮।੧੦੭।

ਗਉੜੀ ਮਹਲਾ ੫ ॥ ਰੇ ਮਨ ਮੇਰੇ ਤੂੰ ਤਾ ਕਉ ਆਹਿ ॥ ਜਾ ਕੈ ਊਣਾ ਕਛਹੁ ਨਾਹਿ ॥੧॥ ਹੇ ਮੇਰੇ ਮਨ! ਤੂੰ ਉਸ (ਪ੍ਰਭੂ) ਨੂੰ ਚਾਹੁਣਾ ਕਰ।ਜਿਸ (ਪ੍ਰਭੂ) ਦੇ ਪਾਸ ਕਿਸੇ ਚੀਜ ਦੀ ਕੁਛ ਵੀ ਥੁੜ ਨਹੀਂ ਹੈ।੧।

ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥ ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥੧॥ਰਹਾਉ॥ ਹੇ ਮਨ! ਹਰੀ ਵਰਗੇ ਪ੍ਰੀਤਮ ਨੂੰ ਅਪਣਾ ਮਿੱਤ੍ਰ ਬਣਾ; ਉਸ ਹਰੀ ਪ੍ਰੀਤਮ ਨੂੰ (ਅਪਣਾ) ਮਿਤ੍ਰ ਬਣਾ (ਫ.ਸ.; ਸੰ.ਸ)।(ਉਸ ਪ੍ਰਭੂ ਨੂੰ) ਸਦਾ ਚਿਤ ਵਿਚ ਰੱਖ, ਜੋ (ਸਭ ਜੀਵਾਂ ਦੇ) ਪ੍ਰਾਣਾਂ ਦਾ ਸਹਾਰਾ ਹੈ।੧।ਰਹਾਉ।

ਰੇ ਮਨ ਮੇਰੇ, ਤੂੰ ਤਾ ਕਉ ਸੇਵਿ ॥ ਆਦਿ ਪੁਰਖ ਅਪਰੰਪਰ ਦੇਵ ॥੨॥ ਹੇ ਮੇਰੇ ਮਨ! ਤੂੰ ਉਸ (ਪ੍ਰਮਾਤਮਾ) ਦੀ ਸੇਵਾ ਕਰ।(ਜੋ ਸਭ ਦਾ) ਆਦਿ ਹੈ, ਸਭ ਵਿਚ ਵਿਆਪਕ ਹੈ, ਪਰੇ ਤੋਂ ਪਰੇ (ਬੇਅੰਤ) ਹੈ ਅਤੇ ਪ੍ਰਕਾਸ਼ ਰੂਪ ਹੈ।੨।

ਤਿਸੁ ਊਪਰਿ ਮਨ ਕਰਿ ਤੂੰ ਆਸਾ ॥ ਆਦਿ ਜੁਗਾਦਿ ਜਾ ਕਾ ਭਰਵਾਸਾ ॥੩॥ ਹੇ ਮਨ! ਤੂੰ ਉਸ ਪ੍ਰਮਾਤਮਾ ਉਪਰ ਆਸ ਕਰ। ਆਦਿ ਜੁਗਾਦਿ ਤੋਂ ਹੀ (ਭਗਤ ਜਨਾਂ ਨੂੰ) ਜਿਸ ਦਾ ਭਰੋਸਾ ਹੈ।੩।

ਜਾ ਕੀ ਪ੍ਰੀਤਿ ਸਦਾ ਸੁਖੁ ਹੋਇ ॥ ਨਾਨਕੁ ਗਾਵੈ ਗੁਰ ਮਿਲਿ ਸੋਇ ॥੪॥੩੯॥੧੦੮॥ ਜਿਸ (ਪ੍ਰਭੂ) ਦੀ ਪ੍ਰੀਤ ਨਾਲ ਸਦਾ ਸੁਖ ਹੁੰਦਾ ਹੈ।ਨਾਨਕ (ਪ੍ਰਭੂ ਦਾ ਦਾਸ), ਗੁਰੂ ਨੂੰ ਮਿਲ ਕੇ ਉਸ (ਪ੍ਰਭੂ ਦੇ ਗੁਣ) ਗਾ ਰਿਹਾ ਹੈ।੪।੩੯।੧੦੮।

ਪਦਾਰਥ = ਰੇ–ਹੇ।ਤਾ ਕਉ–ਉਸ (ਪ੍ਰਭੂ) ਨੂੰ।ਆਹਿ–ਇੱਛਾ ਕਰ।ਜਾ ਕੈ–ਜਿਸ ਦੇ।ਊਣਾ–ਥੁੜ; ਕਮੀ।੧।ਸਾ–ਵਰਗਾ; ਉਹ ।ਪ੍ਰੀਤਮ–ਸਭ ਤੋਂ ਵੱਧ ਪਿਆਰਾ।ਕਰਿ–ਬਣਾ।੧।ਰਹਾਉ।ਸੇਵਿ–ਸੇਵਾ ਭਗਤੀ ਕਰ; ਸਿਮਰ।ਆਦਿ–ਸਭ ਦਾ ਮੁੱਢ।ਪੁਰਖ– ਸਰਬ ਵਿਆਪਕ।ਅਪਰੰਪਰ–ਪਰੇ ਤੋਂ ਪਰੇ; ਬੇ ਹੱਦ; ਬ੍ਰਹਮਾ ਆਦਿ ਦੇਵਾਂ ਤੋਂ ਵੀ ਪਰੇ।੨।ਆਦਿ ਜੁਗਾਦਿ–(ਆਦਿ ਕਾਲ ਤੇ ਜੁੱਗਾਂ ਸ਼ੁਰੂ ਤੋਂ) ਮੁੱਢ ਤੋਂ ਹੀ; ਸਦਾ ਤੋਂ।ਜਾ ਕਾ–ਜਿਸ ਦਾ।ਭਰਵਾਸਾ–ਭਰੋਸਾ।੩।ਸੋਇ–ਉਸ (ਪ੍ਰਭੂ) ਦੇ।੪।੩੯।੧੦੮।

ਗਉੜੀ ਮਹਲਾ ੫ ॥ ਮੀਤੁ ਕਰੈ ਸੋਈ ਹਮ ਜਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥ (ਸਾਡਾ ਪ੍ਰਭੂ) ਮਿੱਤ੍ਰ ਜੋ ਕੁਝ ਕਰਦਾ ਹੈ, ਅਸੀਂ ਉਹ (ਮਿੱਠਾ ਕਰਕੇ) ਜਾਣਿਆ ਹੈ।(ਪ੍ਰਭੂ) ਮਿੱਤ੍ਰ ਦੇ ਕੌਤਕ ਸੁਖ ਸਮਾਨ (ਸੁਖ ਦੇਣ ਵਾਲੇ) ਹਨ।੧।

ਏਕਾ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧॥ਰਹਾਉ॥ ਮੇਰੇ ਮਨ ਚਿਤ ਵਿਚ ਇਕੋ (ਪ੍ਰਭੂ ਦੀ ਹੀ) ਟੇਕ ਹੈ।ਜਿਸ ਦਾ ਸਭ ਕੁਛ ਕੀਤਾ (ਬਣਾਇਆ ਹੋਇਆ) ਹੈ, ਉਹ (ਪ੍ਰਭੂ) ਸਾਡਾ ਮਿੱਤ੍ਰ ਹੈ।੧।ਰਹਾਉ।

ਮੀਤੁ ਹਮਾਰਾ ਵੇਪਰਵਾਹਾ ॥ ਗੁਰ ਕਿਰਪਾ ਤੇ ਮੋਹਿ ਅਸਨਾਹਾ ॥੨॥ ਸਾਡਾ ਮਿਤ੍ਰ (ਵਾਹਿਗੁਰੂ) ਵੇ ਪ੍ਰਵਾਹ ਹੈ।ਗੁਰੂ ਦੀ ਕਿਰਪਾ ਨਾਲ (ਉਸ ਪ੍ਰਭੂ ਨਾਲ) ਮੇਰਾ ਪ੍ਰੇਮ ਬਣਿਆ ਹੈ।੨।

ਮੀਤੁ ਹਮਾਰਾ ਅੰਤਰਜਾਮੀ ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥੩॥ ਸਾਡਾ ਮਿਤ੍ਰ (ਪ੍ਰਭੂ ਸਾਡੇ) ਦਿਲਾਂ ਦੀਆਂ ਗੱਲਾਂ ਜਾਨਣ ਵਾਲਾ ਹੈ।ਪ੍ਰਮਾਤਮਾ ਸਰਬ ਸ਼ਕਤੀਮਾਨ ਹੈ, ਪਰੀਪੂਰਣ ਹੈ ਤੇ ਮਾਲਕ ਹੈ।੩।

All Rights Reserved by Harjinder Singh Gyani | www.GuruGranthVakhyaan.org

ਅੰਗ ੧੯੮ = ਹਮ ਦਾਸੇ ਤੁਮ ਠਾਕੁਰ ਮੇਰੇ ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥ (ਹੇ ਪ੍ਰਭੂ!) ਤੁਸੀਂ ਮੇਰੇ ਮਾਲਕ ਹੋ (ਅਤੇ ਸਾਰੇ) ਅਸੀਂ ਤੁਹਾਡੇ ਸੇਵਕ ਹਾਂ। ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਤੇਰੇ (ਸੇਵਕ ਹੋਣ ਕਰਕੇ ਸਾਨੂੰ ਦੁਨੀਆਂ ਵਿਚ) ਮਾਣ ਤੇ ਵਡਿਆਈ (ਮਿਲ ਰਹੀ) ਹੈ।੪।੪੦।੧੦੯।

ਪਦਾਰਥ = ਹਮ–ਸਾਡਾ; ਮੈਂ। ਮਾਨਾ–ਮੰਨਦਾ ਹਾਂ। ਕਰਤਬ–ਕੌਤਕ; ਚੋਜ। ਕੁਸਲ ਸਮਾਨਾ–ਸੁਖ ਵਰਗੇ (ਸੁਖ ਦੇਣ ਵਾਲੇ)।੧। ਟੇਕ–ਆਸਰਾ। ਕਰਣਾ–ਬਣਾਇਆ ਹੋਇਆ; ਰਚਨਾ।੧।ਰਹਾਉ। ਤੇ–ਤੋਂ; ਨਾਲ। ਮੋਹਿ–ਮੇਰਾ। ਅਸਨਾਹਾ–ਪ੍ਰੇਮ; ਵਾਕਫ।੨। ਸਮਰਥ–ਸਾਰੀਆਂ ਤਾਕਤਾਂ ਦਾ ਮਾਲਕ।੩। ਮਾਨੁ–ਆਦਰ। ਮਹਤੁ–ਮਹੱਤਤਾ; ਵਡਿਆਈ।੪।੪੦।੧੦੯।

ਗਉੜੀ ਮਹਲਾ ੫ ॥ ਜਾ ਕਉ ਤੁਮ ਭਏ ਸਮਰਥ ਅੰਗਾ ॥ ਤਾ ਕਉ ਕਛੁ ਨਾਹੀ ਕਾਲੰਗਾ ॥੧॥ ਹੇ ਸਮਰੱਥ ਪ੍ਰਭੂ! ਜਿਸ (ਮਨੁੱਖ) ਦੇ ਤੁਸੀਂ ਪੱਖ ਕਰਨ ਵਾਲੇ ਹੋ ਗਏ ਹੋ। ਉਸ ਨੂੰ ਕੁਛ ਕਲੰਕ ਨਹੀ (ਲਗਦਾ)।੧।

ਮਾਧਉ ਜਾ ਕਉ ਹੈ ਆਸ ਤੁਮਾਰੀ ॥ ਤਾਕਉ ਕਛੁ ਨਾਹੀ ਸੰਸਾਰੀ ॥੧॥ਰਹਾਉ॥ ਹੇ ਮਾਧੋ! ਜਿਸ (ਮਨੁੱਖ) ਨੂੰ ਤੇਰੀ ਆਸ ਹੈ। ਉਸ ਨੂੰ ਸੰਸਾਰੀ (ਰੀਤੀ ਰਿਵਾਜਾਂ ਦੀ ਪ੍ਰਵਾਹ) ਕੁਛ ਨਹੀਂ ਰਹਿੰਦੀ।੧।ਰਹਾਉ।

ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ ਨਾਹੀ ਕੋਇ ॥੨॥ ਜਿਸ (ਮਨੁੱਖ) ਦੇ ਹਿਰਦੇ ਵਿਚ ਮਾਲਕ ਪ੍ਰਭੂ ਪ੍ਰਗਟ ਹੁੰਦਾ ਹੈ। ਉਸ ਨੂੰ ਕੋਈ ਸੰਸਾ ਨਹੀ ਰਹਿੰਦਾ।੨।

ਜਾ ਕਉ ਤੁਮ ਦੀਨੀ ਪ੍ਰਭ ਧੀਰ ॥ ਤਾ ਕੈ ਨਿਕਟਿ ਨ ਆਵੈ ਪੀਰ ॥੩॥ ਹੇ ਪ੍ਰਭੂ! ਜਿਸ (ਮਨੁੱਖ) ਨੂੰ ਤੁਸੀਂ ਧੀਰਜ ਦਿਤਾ ਹੈ। ਉਸ ਦੇ ਨੇੜੇ (ਜਨਮ ਮਰਨ ਦੀ) ਪੀੜ ਨਹੀਂ ਆਉਂਦੀ।੩।

ਕਹੁ ਨਾਨਕ ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ ਪੂਰਨ ਦੇਖਾਇਆ ॥੪॥੪੧॥੧੧੦॥ ਗੁਰੂ ਜੀ ਆਖਦੇ ਹਨ ਕਿ ਮੈ ਉਹ ਗੁਰੂ ਪਾਇਆ ਹੈ। (ਜਿਸ ਗੁਰੂ ਨੇ ਮੈਨੂੰ) ਪ੍ਰਮਾਤਮਾ (ਸਭ ਜਗ੍ਹਾ) ਪੂਰਨ ਹੋ ਰਿਹਾ ਦਿਖਾ ਦਿਤਾ ਹੈ।੪।੪੧।੧੧੦।

ਪਦਾਰਥ = ਜਾ ਕਉ–ਜਿਸ ਨੂੰ। ਸਮਰਥ–ਹੇ ਸਰਬ ਸ਼ਕਤੀਮਾਨ ਪ੍ਰਭੂ!। ਅੰਗਾ–ਪੱਖ ਕਰਨ ਵਾਲਾ; ਸਹਾਈ। ਤਾ ਕਉ–ਉਸ ਨੂੰ। ਕਾਲੰਗਾ–ਕਲੰਕ; ਦਾਗ।੧। ਮਾਧਉ–ਮਾਇਆ ਪਤੀ ਪ੍ਰਭੂ। ਸੰਸਾਰੀ–ਸੰਸਾਰੀ ਰੀਤੀ ਰਿਵਾਜ।੧।ਰਹਾਉ। ਸਹਸਾ–ਭਰਮ; ਤੌਖਲਾ; ਸ਼ੱਕ। ਦੀਨੀ–ਦਿਤੀ ਹੈ। ਧੀਰ–ਧੀਰਜ (ਮਨ ਦਾ ਟਿਕਾਉ)। ਤਾ ਕੈ–ਉਸ ਦੇ। ਪੀਰ–ਪੀੜ; ਦੁੱਖ।੩। ਸੋ–ਉਹ। ਪੂਰਨ–ਸਰਬ ਵਿਆਪਕ।੪।੪੧।੧੧੦।

ਗਉੜੀ ਮਹਲਾ ੫ ॥ ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥ (ਹੇ ਭਾਈ! ਮਨੁੱਖਾ) ਦੇਹ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। (ਪਰ ਮਨੁੱਖਾ ਦੇਹ ਪਾ ਕੇ ਜਿਹੜੇ) ਨਾਮ ਨਹੀਂ ਜਪਦੇ, ਉਹ ਆਤਮ ਘਾਤੀ ਹਨ।੧।

ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥੧॥ਰਹਾਉ॥ ਜਿਨ੍ਹਾਂ ਨੂੰ ਵਾਹਿਗੁਰੂ ਦਾ ਨਾਮ ਭੁੱਲ ਜਾਂਦਾ ਹੈ, ਉਹ (ਵਿਛੋੜੇ ਦੇ ਕਾਰਣ) ਮਰ ਕਿਉਂ ਨਹੀਂ ਜਾਂਦੇ? ਨਾਮ ਵਿਹੂਣਾ ਜੀਵਨ ਕਿਸ ਕੰਮ ਹੈ?।੧।ਰਹਾਉ।

ਖਾਤ ਪੀਤ ਖੇਲਤ ਹਸਤ ਬਿਸਥਾਰ ॥ ਕਵਨ ਅਰਥ ਮਿਰਤਕ ਸੀਗਾਰ ॥੨॥ (ਨਾਮ ਵਿਹੂਣੇ ਲੋਕ ਭਾਵੇਂ) ਖਾਂਦੇ, ਪੀਂਦੇ ਖੇਲਦੇ ਤੇ ਹਸਦੇ ਬਹੁਤ ਹਨ। (ਇਹ ਸਭ ਮੁਰਦੇ ਦੇ ਸ਼ਿੰਗਾਰ ਵਾਂਗ ਹਨ) ਮੁਰਦੇ ਦਾ ਸ਼ਿੰਗਾਰ ਕੀਤਾ ਕਿਸ ਕੰਮ ਹੈ?।੨।

ਜੋ ਨ ਸੁਨਹਿ ਜਸੁ ਪਰਮਾਨੰਦਾ ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥ ਜਿਹੜੇ (ਪੁਰਖ) ਪ੍ਰਮਾਤਮਾ ਦਾ ਜਸ ਨਹੀਂ ਸੁਣਦੇ। ਉਹ ਪਸ਼ੂ ਪੰਖੀਆਂ ਤੇ ਟੇਢੇ ਹੋ ਕੇ ਚੱਲਣ ਵਾਲੇ ਜੀਵਾਂ (ਸੱਪ ਆਦਿ) ਦੀਆਂ ਜੋਨੀਆਂ ਤੋਂ ਵੀ ਮੰਦੇ ਹਨ।੩।

ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ ॥੪॥੪੨॥੧੧੧॥ ਗੁਰੂ ਆਖਦੇ ਹਨ ਕਿ ਜਿਸ ਨੂੰ ਗੁਰੂ ਨੇ ਨਾਮ ਮੰਤ੍ਰ ਦ੍ਰਿੜ ਕਰਾ ਦਿਤਾ ਹੈ। (ਉਸ ਮਨੁੱਖ) ਦੇ ਰਿਦੇ ਵਿਚ ਕੇਵਲ ਨਾਮ ਸਮਾਇਆ ਰਹਿੰਦਾ ਹੈ।੪।੪੨।੧੧੧।

ਪਦਾਰਥ = ਦੁਲਭ–ਔਖੀ ਮਿਲਣ ਵਾਲੀ। ਤੇ–ਉਹ (ਮਨੁੱਖ)। ਆਤਮ ਘਾਤੀ–ਅਪਣੇ ਆਪ ਨੂੰ ਮਾਰਨ ਵਾਲੇ (ਆਪਣੇ ਆਪ ਨੂੰ ਮਾਰਨ ਦਾ ਜਿੰਨਾ ਪਾਪ ਹੈ, ਉਤਨਾ ਹੀ ਪਾਪ ਵਾਹਿਗੁਰੂ ਨੂੰ ਨਾ ਜਪਣ ਦਾ ਹੈ)।੧। ਬਿਹੂਨ–ਬਿਨਾ। ਕਾਮ–ਕੰਮ।੧।ਰਹਾਉ। ਖਾਤ –ਖਾਂਦੇ ਹਨ। ਪੀਤ–ਪੀਂਦੇ ਹਨ। ਬਿਸਥਾਰ–ਬਹੁਤ। ਕਵਨ–ਕਿਸ। ਅਰਥ–ਕੰਮ। ਮਿਰਤਕ–ਮੁਰਦੇ ਦਾ।੨। ਪਰਮਾਨੰਦਾ–ਪਰਮ ਅਨੰਦ ਦਾ ਮਾਲਕ ਪ੍ਰਭੂ। ਤ੍ਰਿਗਦ ਜੋਨਿ–ਤਿਰਛਾ ਚਲਣ ਵਾਲੇ ਸੱਪ, ਕਿਰਲੀਆਂ ਜਾਂ ਕਨਖਜੂਰੇ ਆਦਿ। ਤੇ–ਤੋਂ।੩। ਮੰਤ੍ਰ–ਨਾਮ ਮੰਤ੍ਰ; ਉਪਦੇਸ਼। ਦ੍ਰਿੜਾਇਆ–ਦਿਲ ਵਿਚ ਪੱਕੀ ਤਰ੍ਹਾਂ ਬਿਠਾ ਦਿਤਾ ਹੈ। ਸਮਾਇਆ–ਲੀਨ ਹੋ ਗਿਆ।੪।੪੨।੧੧੧।

All Rights Reserved by Harjinder Singh Gyani | www.GuruGranthVakhyaan.org

ਗਉੜੀ ਮਹਲਾ ੫ ॥ ਕਾ ਕੀ ਮਾਈ ਕਾ ਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ ॥੧॥ (ਹੇ ਭਾਈ! ਕੌਣ) ਕਿਸ ਦੀ ਮਾਂ ਹੈ ਤੇ (ਕੌਣ) ਕਿਸ ਦਾ ਬਾਪ ਹੈ? (ਇਹ) ਸਾਰੇ ਸਾਕ ਸਬੰਧੀ ਨਾਮ ਮਾਤਰ ਤੇ ਝੂਠੇ ਹਨ (ਸਦਾ ਰਹਿਣ ਵਾਲੇ ਨਹੀਂ ਹਨ)।੧।

ਕਾਹੇ ਕਉ ਮੂਰਖ ਭਖਲਾਇਆ ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥੧॥ਰਹਾਉ॥ ਹੇ ਮੂਰਖ (ਮਨੁੱਖ)! ਕਿਸ ਵਾਸਤੇ ਤੂੰ ਬਰੜਾ (ਬਕਵਾਸ ਕਰ) ਰਿਹਾ ਹੈਂ? ਤੂੰ ਤਾਂ ਪ੍ਰਭੂ ਦੇ ਹੁਕਮ ਅਨੁਸਾਰ ਅਤੇ ਪੂਰਬਲੇ ਸੰਜੋਗਾਂ ਦੇ ਮੇਲ ਕਰਕੇ (ਸੰਸਾਰ ਵਿਚ) ਆਇਆ ਹੈਂ; ਪ੍ਰਭੂ ਦੇ ਹੁਕਮ ਨਾਲ ਤੂੰ ਜਨਮਿਆ ਹੈਂ ਤੇ ਸੰਜੋਗਾਂ ਕਰਕੇ (ਸਬੰਧੀਆਂ ਨਾਲ) ਮਿਲਿਆ ਹੈਂ।੧।ਰਹਾਉ।

ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥੨॥ ਇਕੋ ਮਿਟੀ ਦੇ (ਸਾਰੇ ਜੀਵ ਬਣੇ ਹੋਏ) ਹਨ ਤੇ (ਉਨ੍ਹਾਂ ਸਭ ਵਿਚ ਪ੍ਰਭੂ ਦੀ) ਇਕੋ ਜੋਤ ਹੈ।(ਸਭ ਵਿਚ ਸੁਆਸਾਂ ਦੀ) ਇਕੋ ਪੌਣ ਹੈ, (ਵਿਚਾਰਨ ਵਾਲੀ ਗੱਲ ਹੈ ਕਿ ਫਿਰ ਮਰਿਆ) ਕੌਣ ਹੈ ਤੇ ਕਿਸ ਨੂੰ ਰੋਂਦਾ ਹੈ? (ਰੋਣਾ ਵਿਅਰਥ ਹੈ)।੨।

ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥ ਮੇਰਾ ਮੇਰਾ ਕਰਕੇ ਵਿਰਲਾਪ ਕਰਦੇ ਹਨ।(ਜਿਸ ਨੂੰ ਰੋਂਦੇ ਹਨ) ਇਹ ਜੀਵਾਤਮਾ ਮਰਨ ਵਾਲਾ ਹੈ ਹੀ ਨਹੀਂ।੩।

ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥ ਗੁਰੂ ਜੀ ਆਖਦੇ ਹਨ (ਕਿ ਜਿਨ੍ਹਾਂ ਦੇ) ਗੁਰੂ ਨੇ ਕਪਾਟ ਖੋਲ੍ਹ ਦਿਤੇ ਹਨ।(ਉਨ੍ਹਾਂ ਦੇ) ਭਰਮ ਦੀ ਰਚਨਾ ਨਾਸ਼ ਹੋ ਗਈ ਤੇ ਉਹ ਮੁਕਤ ਹੋ ਗਏ ਹਨ।੪।੩੪।੧੧੨।

ਪਦਾਰਥ = ਕਾ ਕੀ–ਕਿਸ ਦੀ।ਕਾ ਕੋ–ਕਿਸ ਦਾ।ਨਾਮ ਧਾਰੀਕ–ਨਾਮ (ਸਿਰਫ ਕਹਿਣ) ਮਾਤ੍ਰ ਹੀ।ਸਾਕ–ਰਿਸ਼ਤੇਦਾਰ।੧। ਕਾਹੇ ਕਉ–ਕਿਸ ਵਾਸਤੇ।ਭਖਲਾਇਆ–ਬੁੜ ਬੁੜ ਕਰਦਾ ਹੈਂ; ਦੁਖੀ ਹੋ ਕੇ ਬੋਲਦਾ ਹੈਂ।ਮਿਲਿ ਸੰਜੋਗਿ–ਸੰਜੋਗਾਂ ਦੇ ਮੇਲ ਕਰਕੇ।੧।ਰਹਾਉ।ਮਾਟੀ–ਮਿੱਟੀ (ਦਾ ਤੱਤ)।ਜੋਤਿ–ਰੱਬ ਦੀ ਚੇਤਨ ਸੱਤਾ।ਪਵਨੁ–ਪ੍ਰਾਣ।ਕਹਾ–ਕਿਉਂ; ਕਿਸ ਲਈ।ਰੋਤਿ–ਰੋਂਦਾ ਹੈਂ।੨।ਬਿਲਲਾਹੀ–ਵਿਰਲਾਪ ਕਰਦੇ ਹਨ।ਜੀਅਰਾ–ਜੀਵਾਤਮਾ।੩।ਕਪਾਟ–ਪੜਦੇ।ਥਾਟ–ਬਨਾਵਟ; ਰਚਨਾ।੪।੪੩।੧੧੨।

ਵਿਆਖਿਆ = ਇਕ ਸ਼ਾਹੂਕਾਰ ਦੇ ਪਿਓ ਦੇ ਮਰਨ ਉਤੇ ਮੇਰਾ ਮੇਰਾ ਕਰਕੇ ਰੋਂਦਿਆਂ ਨੂੰ ਦੇਖ ਕੇ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਿਆ ਹੈ।ਉਪਦੇਸ਼ ਦੇਂਦੇ ਹਨ ਕਿ ਤੁਹਾਡੇ ਵਿਚ ਤੇ ਮਰਨ ਵਾਲੇ ਵਿਚ ਕੀ ਫਰਕ ਪੈ ਗਿਆ? ਦੋਹਾਂ ਦੀ ਮਿੱਟੀ ਇਕ ਹੈ, ਹਵਾ ਵੀ ਇਕੋ ਹੀ ਹੈ ਤੇ ਵਾਹਿਗੁਰੂ ਦੀ ਜੋਤ ਵੀ ਇਕੋ ਹੀ ਹੈ, ਜੋ ਸਭ ਦੇ ਅੰਦਰ ਹੈ ਤੇ ਸਭ ਨੂੰ ਜਿਉਂਦਾ ਰਖਦੀ ਹੈ। ਮਰੀ ਕਿਹੜੀ ਚੀਜ ਹੈ? ਆਤਮਾ ਤਾਂ ਮਰਦੀ ਨਹੀਂ।ਕੇਵਲ ਤੱਤਾਂ ਵਿਚ ਤਬਦੀਲੀ ਆਉਂਦੀ ਹੈ, ਮਿਟੀ ਦਾ ਤੱਤ ਮਿਟੀ ਵਿਚ, ਹੱਵਾ ਦਾ ਤੱਤ ਹਵਾ ਵਿਚ ਮਿਲ ਜਾਂਦਾ ਹੈ।ਰੋਣਾ ਵਿਅਰਥ ਹੈ, ਰੱਬੀ ਹੁਕਮ ਨਾਲ ਤੇ ਪਿਛਲੇ ਸੰਜੋਗਾਂ ਕਰਕੇ ਇਕ ਦੂਜੇ ਦਾ ਸਬੰਧ ਜੁੜਦਾ ਹੈ।ਸੰਜੋਗ ਮੁੱਕ ਜਾਣ ਤੇ ਸਾਰੇ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਨ।ਪਰ ਅਜੇਹਾ ਗਿਆਨ ਗੁਰੂ ਤੋਂ ਮਿਲਦਾ ਹੈ, ਜੋ ਭਰਮ ਦੇ ਪੜਦੇ ਖੋਲ੍ਹ ਕੇ ਮਨੁੱਖ ਨੂੰ ਮੁਕਤ ਕਰ ਦੇਂਦਾ ਹੈ।

ਗਉੜੀ ਮਹਲਾ ੫ ॥ ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥ (ਦੁਨੀਆਂ ਦੇ) ਜੋ ਵੱਡੇ ਵੱਡੇ (ਮਾਇਆ ਧਾਰੀ) ਲੋਕ ਦਿਸਦੇ ਹਨ।ਉਨ੍ਹਾਂ ਨੂੰ ਚਿੰਤਾ ਦਾ ਰੋਗ ਲੱਗਾ ਰਹਿੰਦਾ ਹੈ।੧।

ਕਉਨ ਵਡਾ, ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ਰਹਾਉ॥ (ਹੇ ਭਾਈ! ਆਪਣੇ ਆਪ) ਕੌਣ ਵੱਡਾ ਹੈ? (ਇਹ ਸਾਰੀ) ਵਡਿਆਈ ਮਾਇਆ ਕਰਕੇ ਹੀ ਹੈ।(ਇਹ ਲੋਕ ਮਾਇਆ ਕਰਕੇ ਹੀ ਵੱਡੇ ਬਣੇ ਹੋਏ ਹਨ, ਵਾਸਤਵ ਵਿਚ) ਉਹ ਵੱਡਾ ਹੈ, ਜਿਸ (ਮਨੁੱਖ) ਨੇ ਵਾਹਿਗੁਰੂ ਨਾਲ ਅਪਣੀ ਬਿਰਤੀ ਲਾਈ (ਧਿਆਨ ਜੋੜਿਆ) ਹੈ।੧।ਰਹਾਉ।

ਭੂਮੀਆ ਭੂਮਿ ਊਪਰਿ ਨਿਤ ਲੁਝੈ ॥ ਛੋਡਿ ਚਲੈ ਤ੍ਰਿਸਨਾ ਨਹੀਂ ਬੁਝੈ ॥੨॥ ਜਿਮੀਦਾਰ ਜਮੀਨ (ਦੇ ਮਸਲੇ) ਉਪਰ ਸਦਾ ਲੜਦਾ ਰਹਿੰਦਾ ਹੈ।(ਬਹੁਤੀ ਜਮੀਨ ਕਰਕੇ ਵੀ) ਤ੍ਰਿਸ਼ਨਾ ਨਹੀਂ ਬੁਝਦੀ ,(ਅੰਤ ਜਮੀਨ ਇਥੇ ਹੀ) ਛਡ ਕੇ ਚਲਾ (ਮਰ) ਜਾਂਦਾ ਹੈ।੨।

ਕਹੁ ਨਾਨਕ ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩॥੪੪॥੧੧੩॥ ਗੁਰੂ ਜੀ ਆਖਦੇ ਹਨ ਕਿ ਇਹ ਅਸਲ ਗੱਲ ਵਿਚਾਰੀ ਹੈ ਕਿ ਹਰੀ ਦੇ ਭਜਨ ਬਿਨਾ (ਮਾਇਆ ਦੇ ਬੰਧਨਾਂ ਤੋਂ) ਛੁਟਕਾਰਾ ਨਹੀਂ ਹੁੰਦਾ।੩।੪੪।੧੧੩।

ਪਦਾਰਥ = ਤਿਨ ਕਉ–ਉਨ੍ਹਾਂ ਨੂੰ।ਬਿਆਪੈ–ਵਿਆਪਦਾ (ਲਗਦਾ) ਹੈ।੧।ਕਉਨ–ਕੌਣ।ਸੋ–ਉਹ।ਲਿਵ ਲਾਈ–ਬਿਰਤੀ ਲਾਈ ਹੈ।੧।ਰਹਾਉ।ਭੂਮੀਆ–ਜਮੀਨ ਦਾ ਮਾਲਕ।ਲੁਝੈ–ਲੜਦਾ ਰਹਿੰਦਾ ਹੈ।ਨਹੀ ਬੁਝੈ–ਨਹੀਂ ਮਿਟਦੀ।੨।ਤਤੁ–ਸਾਰ; ਨਿਚੋੜ; ਅਸਲੀ ਗੱਲ।ਛੁਟਕਾਰਾ–ਮੁਕਤੀ (ਮਾਇਆ ਦੇ ਬੰਧਨਾਂ ਤੋਂ)।੩।੪੪।੧੧੩।

All Rights Reserved by Harjinder Singh Gyani | www.GuruGranthVakhyaan.org

ਕਉਨ ਵਡਾ = ਕਰਤਾਰ ਪੁਰ ਵਾਲੀ ਬੀੜ ਵਿਚ ਪਾਠ 'ਕੋਉ ਨ ਵਡਾ' ਹੈ ਤੇ ਅਰਥ ਕੀਤਾ ਹੈ ਕਿ ਕੋਈ ਵੱਡਾ ਨਹੀਂ।ਦਰਪਣ ਤੇ ਸ਼ਬਦਾਰਥ ਨੇ ਇਹੀ ਅਰਥ ਅਪਨਾਏ ਹਨ।ਪਰ ਦਮਦਮੀ ਬੀੜ ਵਿਚ ਪਾਠ 'ਕਉਨ ਵਡਾ' ਹੀ ਹੈ।

ਗਉੜੀ ਮਹਲਾ ੫ ॥ ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥ (ਜਿਸ ਮਨੁੱਖ ਦੇ) ਹਿਰਦੇ ਵਿਚ ਵਾਹਿਗੁਰੂ ਦਾ ਨਾਮ ਹੈ, (ਉਸ ਦੇ ਜੀਵਨ ਦਾ) ਰਸਤਾ ਪੂਰਨ ਹੈ, ਇਸ਼ਨਾਨ ਵੀ ਪੂਰਾ ਹੈ, ਉਸਦਾ ਸਭ ਕੁਛ ਪੂਰਾ ਹੈ।੧।

ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ਰਹਾਉ॥ ਤਦ (ਸੇਵਕ ਦੀ ਇਜਤ) ਪੂਰੀ ਬਣੀ ਰਹਿ ਗਈ ,ਜਦ ਪੂਰੇ ਗੁਰੂ ਨੇ ਰੱਖ ਲਈ।(ਕਿਉਂਕਿ ਗੁਰਮੁਖ) ਜਨਾਂ ਨੇ ਪਾਰਬ੍ਰਹਮ ਦੀ ਸ਼ਰਣ ਤੱਕੀ ਹੈ।੧।ਰਹਾਉ।

ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥ (ਨਾਮ ਸਿਮਰਨ ਵਾਲੇ ਗੁਰਮੁਖ ਨੂੰ) ਪੂਰਨ ਸੰਤੋਖ ਹੁੰਦਾ ਹੈ, (ਜਿਸ ਕਰਕੇ ਉਸ ਨੂੰ) ਪੂਰਨ ਆਤਮਕ ਸੁਖ ਪ੍ਰਾਪਤ ਹੁੰਦਾ ਹੈ।(ਨਾਮ ਸਿਮਰਨ ਹੀ ਉਨ੍ਹਾਂ ਦਾ) ਪੂਰਨ ਤਪ ਹੈ ਤੇ ਪੂਰਨ ਰਾਜ ਕਰਦਾ ਹੋਇਆ ਵੀ ਰੱਬ ਨਾਲ ਜੁੜਿਆ ਹੈ (ਸੁੱਖ ਭੋਗਦਾ ਹੋਇਆ ਵੀ ਵਿਸ਼ੇ ਵਿਕਾਰਾਂ ਤੋਂ ਨਿਰਲੇਪ ਰਹਿੰਦਾ ਹੈ)।੨।

ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥੩॥ ਹਰੀ ਦੇ ਨਾਮ ਮਾਰਗ ਤੇ ਚਲ ਕੇ ਧਰਮ ਤੋਂ ਡਿੱਗੇ ਮਨੁੱਖ ਵੀ ਪਵਿਤ੍ਰ ਹੋ ਜਾਂਦੇ ਹਨ।ਉਨ੍ਹਾਂ ਦੀ (ਲੋਕ ਪ੍ਰਲੋਕ ਵਿਚ) ਪੂਰੀ ਸੋਭਾ ਹੁੰਦੀ ਹੈ (ਜਿਸ ਤਰ੍ਹਾਂ ਦੇ ਸੁਣੀਦੇ ਹਨ, ਉਸੇ ਤਰ੍ਹਾਂ ਦੇ ਦੇਖੀਦੇ ਹਨ) ਅਤੇ (ਉਨ੍ਹਾਂ ਦਾ) ਲੋਕਾਂ ਨਾਲ ਵਿਵਹਾਰ ਵੀ ਪੂਰਾ ਨਿਭਦਾ ਹੈ।੩।

ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥ ਗੁਰੂ ਜੀ ਆਖਦੇ ਹਨ ਕਿ ਮੇਰਾ ਸਤਿਗੁਰੂ ਪੂਰਨ ਹੈ।(ਜਿਸ ਨੇ ਸਾਨੂੰ) ਸਿਰਜਨਹਾਰ ਪ੍ਰਭੂ ਸਦਾ ਅੰਗ ਸੰਗ ਵਸਦਾ ਦਿਖਾ ਦਿਤਾ ਹੈ।੪।੪੫।੧੧੪।

ਪਦਾਰਥ = ਪੂਰਾ ਇਸਨਾਨੁ–ਸਫਲ ਇਸ਼ਨਾਨ; ਮਨ ਤੇ ਤਨ ਦੀ ਨਿਰਮਲਤਾ (ਮ.ਕੋ.)।੧।ਪੂਰੀ ਰਹੀ–ਇੱਜਤ ਪੂਰੀ ਬਣੀ ਰਹੀ।ਜਾ–ਜਦ।ਪੂਰੈ–ਪੂਰਨ (ਗੁਰੂ) ਨੇ।ਜਨ–ਗੁਰਮੁਖ ਜਨਾਂ ਨੇ।ਤਾਕੀ–ਤੱਕੀ ਹੈ।੧।ਰਹਾਉ।ਰਾਜੁ ਜੋਗੁ–ਰਾਜ ਭਾਗ ਹੁੰਦਿਆਂ ਵੀ ਮਨ ਦਾ ਰੱਬ ਨਾਲ ਜੁੜੇ ਰਹਿਣਾ।੨।ਮਾਰਗਿ–ਰਸਤੇ ਉਤੇ।ਪਤਿਤ–ਧਰਮ ਕਰਮ ਤੋਂ ਗਿਰਿਆ ਮਨੁੱਖ (ਪਾਪੀ)।ਪੁਨੀਤ–ਪਵਿਤ੍ਰ।ਲੋਕੀਕ–ਸੰਸਾਰਕ ਵਿਵਹਾਰ।੩।ਕਰਣਹਾਰੁ–ਸਿਰਜਣਹਾਰ ਵਾਹਿਗੁਰੂ।ਹਦੂਰਾ–ਅੰਗ ਸੰਗ।੪।੪੫।੧੧੪।

ਅੰਗ ੧੮੯ = ਗਉੜੀ ਮਹਲਾ ੫ ॥ ਸੰਤ ਕੀ ਧੂਰਿ ਮਿਟੇ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥੧॥ (ਹੇਭਾਈ!) ਗੁਰੂ ਸੰਤ ਦੇ ਚਰਨਾਂ ਦੀ ਧੂੜ (ਪ੍ਰਾਪਤ ਹੋਣ) ਨਾਲ ਕ੍ਰੋੜਾਂ ਪਾਪ ਮਿਟ ਜਾਂਦੇ ਹਨ।ਗੁਰੂ ਸੰਤ ਦੀ ਕ੍ਰਿਪਾ ਨਾਲ ਜਨਮ ਮਰਣ ਤੋਂ ਛੁਟਕਾਰਾ ਮਿਲ ਜਾਂਦਾ ਹੈ।੧।

ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ ॥੧॥ਰਹਾਉ॥ ਗੁਰੂ ਸੰਤ ਦਾ ਦਰਸ਼ਨ (ਤੀਰਥਾਂ ਦਾ) ਪੂਰਨ ਸ਼ਨਾਨ ਹੈ (ਜੋ ਮਹਾਤਮ ਤੀਰਥ ਇਸ਼ਨਾਨ ਦਾ ਹੈ, ਉਹ ਮਹਾਤਮ ਗੁਰੂ ਦੇ ਦਰਸ਼ਨ ਕਰਨ ਨਾਲ ਪ੍ਰਾਪਤ ਹੋ ਜਾਂਦਾ ਹੈ)।ਗੁਰੂ ਸੰਤ ਦੀ ਕ੍ਰਿਪਾ ਨਾਲ ਨਾਮ ਜਪਿਆ ਜਾ ਸਕਦਾ ਹੈ।੧।ਰਹਾਉ ।

ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥ ਦ੍ਰਿਸਟਿ ਆਵੈ ਸਭੁ ਏਕੰਕਾਰੁ ॥੨॥ (ਜਿਸ ਮਨੁੱਖ ਦਾ) ਗੁਰੂ ਸੰਤ ਦਾ ਸੰਗ ਕਰਕੇ ਹੰਕਾਰ ਮਿਟ ਗਿਆ ਹੈ।(ਉਸ ਨੂੰ ਫਿਰ) ਸਭ ਜਗ੍ਹਾ ਇਕ ਨਿਰੰਕਾਰ ਹੀ ਨਜਰ ਆਉਂਦਾ ਹੈ।੨।

ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥੩॥ (ਜਿਸ ਪੁਰਖ ਉਤੇ) ਸੰਤ ਪ੍ਰਸੰਨ ਹੋਏ ਹਨ, ਪੰਜੇ ਕਾਮਾਦਿਕ (ਉਸ ਦੇ) ਵਸ ਵਿਚ ਆ ਗਏ ਹਨ।(ਗੁਰੂ ਤੋਂ) ਲੈ ਕੇ ਹਿਰਦੇ ਵਿਚ ਅੰਮ੍ਰਿਤ ਨਾਮ ਇਕੱਠਾ ਕਰ ਲਿਆ ਹੈ।੩।

ਕਹੁ ਨਾਨਕ ਜਾ ਕਾ ਪੂਰਾ ਕਰਮ ॥ਤਿਸੁ ਭੇਟੇ ਸਾਧੂ ਕੇ ਚਰਨ ॥੪॥੪੬॥੧੧੫॥ ਗੁਰੂ ਆਖਦੇ ਹਨ ਕਿ ਜਿਸ (ਮਨੁੱਖ) ਦੇ ਪੂਰਨ ਭਾਗ ਹਨ।ਉਹ ਹੀ ਗੁਰੂ ਦੇ ਚਰਨ ਪਰਸਦਾ ਹੈ।੪।੪੬।੧੧੫।

ਪਦਾਰਥ = ਅਘ–ਪਾਪ।ਕੋਟਿ–ਕ੍ਰੋੜਾਂ ਹੀ।ਪ੍ਰਸਾਦਿ–ਕਿਰਪਾ ਨਾਲ।ਛੋਟ–ਛੁਟਕਾਰਾ; ਮੁਕਤੀ।੧।ਪੂਰਨ–ਮੁਕੰਮਲ।ਤੇ–ਤੋਂ; ਨਾਲ।੧।ਰਹਾਉ।ਦ੍ਰਿਸਟਿ ਆਵੈ–ਨਜਰ ਆਉਂਦਾ ਹੈ।ਸਭੁ–ਸਭ ਜਗ੍ਹਾ।੨।ਵਸਿ–ਕਾਬੂ ਵਿਚ।ਪੰਚਾ–ਪੰਜੇ ਕਾਮ ਆਦਿਕ। ਸੰਚਾ–ਇਕੱਠਾ ਕੀਤਾ।੩।ਜਾ ਕਾ–ਜਿਸ ਦਾ।ਕਰਮ–ਭਾਗ।ਭੇਟੇ–ਪਰਸਦਾ ਹੈ।੪।੪੬।੧੧੫।

ਗਉੜੀ ਮਹਲਾ ੫ ॥ ਹਰਿ ਗੁਣ ਜਪਤ ਕਮਲੁ ਪਰਗਾਸੈ ॥ ਹਰਿ ਸਿਮਰਤ ਤ੍ਰਾਸ ਸਭ ਨਾਸੈ ॥੧॥ ਹਰੀ ਦੇ ਗੁਣਾਂ ਦਾ ਉਚਾਰਨ ਕਰਦਿਆਂ ਹਿਰਦਾ ਕਮਲ ਖਿੜ ਜਾਂਦਾ ਹੈ।ਹਰੀ ਦਾ ਸਿਮਰਨ ਕਰਨ ਨਾਲ ਸਾਰਾ ਡਰ ਨੱਸ ਜਾਂਦਾ ਹੈ।੧।

www.gurugranthvakhyaan.org

ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥ ਵਡੈ ਭਾਗਿ ਸਾਧੂ ਸੰਗੁ ਪਾਵੈ ॥੧॥ਰਹਾਉ॥ ਉਹ ਸਿੱਖਿਆ ਪੂਰੀ ਹੈ, ਜਿਸ (ਸਿੱਖਿਆ ਦੁਆਰਾ ਮਨੁੱਖ) ਹਰੀ ਦੇ ਗੁਣ ਗਾਉਂਦਾ ਹੈ। ਵੱਡੇ ਭਾਗਾਂ ਨਾਲ ਹੀ (ਮਨੁੱਖ ਨੂੰ) ਸਾਧੂ ਦਾ ਸੰਗ ਪ੍ਰਾਪਤ ਹੁੰਦਾ ਹੈ।੧।ਰਹਾਉ।

ਸਾਧ ਸੰਗਿ ਪਾਈਐ ਨਿਧਿ ਨਾਮਾ ॥ ਸਾਧ ਸੰਗਿ ਪੂਰਨ ਸਭਿ ਕਾਮਾ ॥੨॥ ਸਾਧ ਸੰਗ ਵਿਚੋਂ ਹੀ ਨਾਮ ਦਾ ਖਜਾਨਾ ਪਾਇਆ ਜਾਂਦਾ ਹੈ। ਸਾਧ ਸੰਗ ਕਰਨ ਨਾਲ ਸਾਰੇ ਕੰਮ ਪੂਰਨ ਹੋ ਜਾਂਦੇ ਹਨ।੨।

ਹਰਿ ਕੀ ਭਗਤਿ ਜਨਮੁ ਪਰਵਾਣੁ ॥ ਗੁਰ ਕਿਰਪਾ ਤੇ ਨਾਮੁ ਵਖਾਣੁ ॥੩॥ ਹਰੀ ਦੀ ਭਗਤੀ ਕਰਨ ਨਾਲ (ਮਨੁੱਖਾ) ਜਨਮ ਪ੍ਰਵਾਨ ਹੋ ਜਾਂਦਾ ਹੈ। ਗੁਰੂ ਦੀ ਕਿਰਪਾ ਨਾਲ (ਵਾਹਿਗੁਰੂ ਦਾ) ਨਾਮ ਉਚਾਰਨ ਕਰੀਦਾ ਹੈ (ਜੋ ਭਗਤੀ ਦਾ ਮੂਲ ਹੈ)।੩।

ਕਹੁ ਨਾਨਕ ਸੋ ਜਨੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੪॥੪੭॥੧੧੬॥ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ (ਰੱਬ ਦੇ ਦਰ ਤੇ ਜਾਂ ਜਗਤ ਵਿਚ ਆਇਆ) ਪ੍ਰਵਾਨ ਹੈ। ਜਿਸ ਦੇ ਹਿਰਦੇ ਵਿਚ ਭਗਵਾਨ ਵਸਦਾ ਹੈ।੪।੪੭।੧੧੬।

ਪਦਾਰਥ = ਜਪਤ-ਜਪਦਿਆਂ (ਗਾਉਂਦਿਆਂ)। ਕਮਲੁ-ਹਿਰਦਾ ਕਮਲ। ਪਰਗਾਸੈ-ਖਿੜ ਜਾਂਦਾ ਹੈ। ਤ੍ਰਾਸ-ਡਰ। ਨਾਸੈ-ਨੱਸ (ਦੂਰ ਹੋ) ਜਾਂਦਾ ਹੈ।੧। ਸਾ-ਉਹ। ਮਤਿ-ਸਿੱਖਿਆ; ਅਕਲ (ਦੋਵੇਂ ਅਰਥ ਕੀਤੇ ਜਾ ਸਕਦੇ ਹਨ)। ਪੂਰੀ-ਉਕਾਈ ਹੀਣ। ਜਿਤੁ-ਜਿਸ (ਸਿੱਖਿਆ ਰਾਹੀਂ)।੧।ਰਹਾਉ। ਨਿਧਿ-ਖਜਾਨਾ। ਕਾਮਾ-ਕੰਮ; ਕਾਮਨਾ।੨। ਪਰਵਾਣੁ-ਪ੍ਰਵਾਨ; ਸਫਲ। ਤੇ-ਤੋਂ; ਨਾਲ। ਵਖਾਣੁ -ਉਚਾਰਨ।੩। ਸੋ ਜਨੁ-ਉਹ ਪੁਰਖ। ਜਾ ਕੈ-ਜਿਸ ਦੇ। ਰਿਦੈ-ਹਿਰਦੇ ਵਿਚ।੪।੪੭।੧੧੬।

ਗਉੜੀ ਮਹਲਾ ੫ ॥ ਏਕਸੁ ਸਿਉ ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ ॥੧॥ ਇਕ (ਵਾਹਿਗੁਰੂ) ਨਾਲ ਜਿਸ (ਮਨੁੱਖ) ਦਾ ਮਨ ਰੰਗਿਆ ਗਿਆ ਹੈ। ਉਸ ਨੂੰ ਪਰਾਈ ਈਰਖਾ ਭੁੱਲ ਜਾਂਦੀ ਹੈ (ਦੂਜਿਆਂ ਨਾਲ ਈਰਖਾ ਨਹੀਂ ਕਰਦਾ)।੧।

ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥੧॥ਰਹਾਉ॥ (ਉਸ ਮਨੁੱਖ ਨੂੰ) ਗੋਬਿੰਦ ਤੋਂ ਬਿਨਾ ਹੋਰ ਦੂਜਾ ਕੋਈ ਨਹੀਂ ਦਿਸਦਾ। (ਉਹ ਜਾਣ ਲੈਂਦਾ ਹੈ ਕਿ) ਕਰਨ ਕਰਾਉਣ ਵਾਲਾ ਕਰਤਾ ਪੁਰਖ ਉਹ (ਪ੍ਰਭੂ ਹੀ) ਹੈ।੧।ਰਹਾਉ।

ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥੨॥ (ਜਿਹੜਾ ਮਨੁੱਖ) ਮੂੰਹ ਨਾਲ ਹਰਿ ਹਰਿ ਨਾਮ ਉਚਾਰਦਾ ਹੈ ਤੇ ਮਨ ਨਾਲ (ਦਿਲੋਂ ਨਾਮ ਸਿਮਰਨ ਦੀ) ਕਮਾਈ ਕਰਦਾ ਹੈ। ਉਹ ਪੁਰਖ ਇਥੇ ਉਥੇ (ਲੋਕ ਪ੍ਰਲੋਕ ਵਿਚ) ਕਿਤੇ ਵੀ ਨਹੀਂ ਡੋਲਦਾ।੨।

ਜਾ ਕੈ ਹਰਿ ਧਨੁ ਸੋ ਸਚ ਸਾਹੁ ॥ ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥੩॥ (ਨਾਮ ਧਨ) ਜਿਸ ਮਨੁੱਖ ਦੇ ਪਾਸ ਹੈ, ਉਹ ਸੱਚਾ ਸ਼ਾਹ ਹੈ। ਪੂਰੇ ਗੁਰੂ ਨੇ ਵੱਡੇ ਸ਼ਾਹ ਵਾਹਿਗੁਰੂ ਨਾਲ (ਉਸ ਵਣਜਾਰੇ ਪੁਰਖ ਦਾ) ਵਿਸ਼ਵਾਸ ਬਣਾ ਦਿਤਾ ਹੈ।੩।

ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥ ਕਹੁ ਨਾਨਕ ਪਰਮ ਪਦੁ ਪਾਇਆ ॥੪॥੪੮॥੧੧੭॥ ਗੁਰੂ ਜੀ ਆਖਦੇ ਹਨ ਕਿ (ਅਜੇਹੇ ਮਨੁੱਖ ਨੂੰ) ਜੀਵਨ ਦਾਤਾ ਅਕਾਲ ਪੁਰਖ ਹਰੀ ਰਾਜਾ ਮਿਲ ਗਿਆ ਹੈ। (ਇਸ ਲਈ ਉਸ ਨੇ) ਪਰਮ ਪਦ ਪ੍ਰਾਪਤ ਪਾ ਲਿਆ ਹੈ।੪।੪੮।੧੧੭।

ਪਦਾਰਥ = ਏਕਸੁ-ਇਕ ਵਾਹਿਗੁਰੂ। ਸਿਉ-ਨਾਲ। ਰਾਤਾ-ਰੰਗਿਆ ਗਿਆ। ਵਿਸਰੀ-ਭੁੱਲ ਗਈ। ਤਾਤਾ-ਜਲਨ; ਈਰਖਾ।੧। ਕਰਨ ਕਰਾਵਨ-ਸਭ ਕੁਛ ਕਰਨ ਦੀ ਤਾਕਤ ਰੱਖਣ ਵਾਲਾ ਤੇ ਜੀਵਾਂ ਤੋਂ ਸਭ ਕੁਛ ਕਰਾਉਣ ਦੀ ਤਾਕਤ ਵਾਲਾ। ਕਰਤਾ-ਜਗਤ ਨੂੰ ਪੈਦਾ ਕਰਨ ਵਾਲਾ ਪ੍ਰਭੂ। ਸੋਈ-ਉਹ (ਪ੍ਰਭੂ) ਹੀ।੧।ਰਹਾਉ। ਮਨਹਿ-ਮਨ ਨਾਲ; ਮਨ ਲਾ ਕੇ। ਮੁਖਿ-ਮੂੰਹ ਨਾਲ। ਇਤ-ਇਸ ਲੋਕ ਵਿਚ। ਉਤ-ਉਸ ਲੋਕ ਵਿਚ। ਕਤਹਿ-ਕਿਤੇ ਵੀ।੨। ਸਾਹੁ-ਸ਼ਾਹੂਕਾਰ। ਵਿਸਾਹੁ-ਇਤਬਾਰ (ਜਿਸ ਕਰਕੇ ਵਿਹਾਰ ਵਿਚ ਕਿਸੇ ਨੂੰ ਰਾਸ ਪੂੰਜੀ ਸੌਦਾ ਖਰਦਿਣ ਤੇ ਵੇਚਣ ਲਈ ਦਿਤੀ ਜਾਂਦੀ ਹੈ)।੩। ਜੀਵਨ ਪੁਰਖੁ-ਸਭ ਨੂੰ ਜੀਵਨ ਦੇਣ ਵਾਲਾ ਅਕਾਲ ਪੁਰਖ। ਹਰਿ ਰਾਇਆ-ਹਰੀ ਰਾਜਾ। ਪਰਮ ਪਦੁ-ਸਭ ਤੋਂ ਉਚੀ ਪਦਵੀ, ਜਿਸ ਤਕ ਮਨੁੱਖ ਸਿਮਰਨ ਕਰਦਾ ਹੋਇਆ ਪੁੱਜਦਾ ਹੈ (ਵਾਹਿਗੁਰੂ ਨਾਲ ਮਿਲਾਪ)।੪।੪੮।੧੧੭।

ਗਉੜੀ ਮਹਲਾ ੫ ॥ ਨਾਮੁ ਭਗਤ ਕੈ ਪ੍ਰਾਨ ਅਧਾਰੁ ॥ ਨਾਮੋ ਧਨੁ ਨਾਮੋ ਬਿਉਹਾਰੁ ॥੧॥ (ਵਾਹਿਗੁਰੂ ਦਾ) ਨਾਮ ਹੀ ਭਗਤਾਂ ਦੇ ਪ੍ਰਾਣਾਂ ਦਾ ਆਸਰਾ ਹੈ। ਨਾਮ ਹੀ (ਭਗਤਾਂ ਦਾ) ਧਨ ਹੈ ਤੇ ਨਾਮ ਹੀ (ਉਨ੍ਹਾਂ ਦਾ) ਵਰਤ ਵਿਹਾਰ ਹੈ।੧।

ਨਾਮ ਵਡਾਈ ਜਨੁ ਸੋਭਾ ਪਾਏ ॥ ਕਰਿ ਕਿਰਪਾ ਜਿਸੁ ਆਪਿ ਦਿਵਾਏ ॥੧॥ਰਹਾਉ॥ (ਪ੍ਰਭੂ ਦਾ) ਦਾ ਸੇਵਕ ਨਾਮ ਦੀ ਵਡਿਆਈ ਨਾਲ (ਲੋਕ ਪ੍ਰਲੋਕ ਵਿਚ) ਸੋਭਾ ਪਾਉਂਦਾ ਹੈ; ਭਗਤ ਨਾਮ ਕਰਕੇ ਇਸ ਲੋਕ ਵਿਚ ਵਡਿਆਈ ਤੇ ਪ੍ਰਲੋਕ ਵਿਚ ਸੋਭਾ ਪਾਉਂਦਾ

All Rights Reserved by Harjinder Singh Gyani | www.GuruGranthVakhyaan.org

ਹੈ।(ਪਰ ਨਾਮ ਉਸ ਪੁਰਖ ਨੂੰ ਮਿਲਦਾ ਹੈ) ਜਿਸ ਨੂੰ ਪ੍ਰਭੂ ਆਪ ਕਿਰਪਾ ਕਰਕੇ (ਗੁਰੂ ਪਾਸੋਂ) ਦਿਵਾਉਂਦਾ ਹੈ।੧।ਰਹਾਉ।
ਨਾਮੁ ਭਗਤ ਕੈ ਸੁਖ ਅਸਥਾਨੁ ॥ ਨਾਮ ਰਤੁ ਸੋ ਭਗਤੁ ਪਰਵਾਨੁ ॥੨॥ (ਵਾਹਿਗੁਰੂ ਦਾ) ਨਾਮ ਹੀ ਭਗਤਾਂ ਦੇ ਲਈ ਸੁੱਖਾਂ ਦਾ ਸਥਾਨ ਹੈ।(ਜਿਸ ਦਾ) ਨਾਮ ਨਾਲ ਪ੍ਰੇਮ ਹੈ, ਉਹ ਭਗਤ (ਰੱਬੀ ਦਰਬਾਰ ਵਿਚ) ਪ੍ਰਵਾਨ ਹੁੰਦਾ ਹੈ।੨।
ਹਰਿ ਕਾ ਨਾਮੁ ਜਨ ਕਉ ਧਾਰੈ ॥ ਸਾਸਿ ਸਾਸਿ ਜਨੁ ਨਾਮੁ ਸਮਾਰੈ ॥੩॥ ਹਰੀ ਦਾ ਨਾਮ ਭਗਤਾਂ ਨੂੰ ਆਸਰਾ ਦਿੰਦਾ ਹੈ।(ਪ੍ਰਭੂ ਦਾ) ਭਗਤ ਸੁਆਸ ਸੁਆਸ ਵਾਹਿਗੁਰੂ ਨਾਮ ਸਿਮਰਦਾ ਹੈ।੩।(ਪਾਠ 'ਜਨਕ ਉਧਾਰੈ' ਨਹੀਂ ਹੈ)।
ਕਹੁ ਨਾਨਕ ਜਿਸੁ ਪੂਰਾ ਭਾਗੁ ॥ ਨਾਮ ਸੰਗਿ ਤਾ ਕਾ ਮਨੁ ਲਾਗੁ ॥੪॥੪੯॥੧੧੮॥ ਗੁਰੂ ਜੀ ਆਖਦੇ ਹਨ ਕਿ ਜਿਸ ਪੁਰਖ ਦਾ ਪੂਰਾ ਭਾਗ (ਚੰਗੀ ਕਿਸਮਤ) ਹੈ।ਉਸ ਦਾ ਮਨ ਵਾਹਿਗੁਰੂ ਦੇ ਨਾਮ ਨਾਲ ਲਗਦਾ (ਜੁੜਦਾ) ਹੈ।੪।੪੯।੧੧੮।
ਪਦਾਰਥ =ਅਧਾਰੁ-ਆਸਰਾ।ਨਾਮੋ-ਨਾਮ ਹੀ।ਬਿਉਹਾਰੁ-ਵਰਤ ਵਿਹਾਰ; ਲੈਣ ਦੇਣ (ਨਾਮ ਜਪਣਾ ਤੇ ਜਪਾਉਣਾ); ਵਪਾਰ। ੧।ਜਨੁ-ਸੇਵਕ (ਭਗਤ)।੧। ਰਹਾਉ।ਸੁਖ ਅਸਥਾਨੁ-ਅਨੰਦ ਦਾ ਟਿਕਾਣਾ।ਰਤੁ-ਪ੍ਰੇਮ; ਰੰਗਿਆ ਹੋਇਆ।੨।ਜਨ ਕਉ-ਸੇਵਨ ਨੂੰ।ਧਾਰੈ-ਆਸਰਾ ਦਿੰਦਾ ਹੈ।ਸਮਾਰੈ-ਸਿਮਰਦਾ ਹੈ।੩।ਤਾ ਕਾ-ਉਸ ਦਾ।ਲਾਗੁ-ਜੁੜਦਾ ਹੈ।੪।੪੯।੧੧੮।
ਗਉੜੀ ਮਹਲਾ ੫ ॥ ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥ ਤਬ ਤੇ ਧਾਵਤੁ ਮਨੁ ਤ੍ਰਿਪਤਾਇਆ ॥੧॥ (ਜਦ ਮੈਂ) ਸੰਤ ਗੁਰੂ ਦੀ ਕ੍ਰਿਪਾ ਨਾਲ ਹਰੀ ਦਾ ਨਾਮ ਧਿਆਇਆ।ਤਦ ਤੋਂ (ਤ੍ਰਿਸ਼ਨਾ ਵੱਲ) ਦੌੜਦਾ ਮੇਰਾ ਮਨ ਤ੍ਰਿਪਤ ਹੋ (ਟਿਕ) ਗਿਆ।੧।
ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥ ਸ੍ਰਮੁ ਮਿਟਿਆ ਮੇਰੀ ਹਤੀ ਬਲਾਇ ॥੧॥ਰਹਾਉ॥ (ਮੈਂ ਵਾਹਿਗੁਰੂ ਦੇ) ਗੁਣ ਗਾ ਕੇ ਸੁੱਖਾਂ ਦਾ ਟਿਕਾਣਾ ਪਾ ਲਿਆ ਹੈ।(ਚੁਰਾਸੀ ਲੱਖ ਜੂਨਾਂ ਵਿਚ ਫਿਰਨ ਦਾ) ਥਕੇਵਾਂ ਮਿਟ ਗਿਆ ਤੇ ਮੇਰੀ (ਅਵਿਦਿਆ ਰੂਪ) ਬਲਾ ਵੀ ਮਰ ਗਈ ਹੈ।੧।ਰਹਾਉ। ਸ੍ਰਮੁ ਥਾਕਾ ਪਾਏ ਬਿਸ੍ਰਾਮਾ, ਮਿਟਿ ਗਈ ਸਗਲੀ ਧਾਈ।(੧੦੦੦)
ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥ ਪ੍ਰਮਾਤਮਾ ਦੇ ਚਰਨਾਂ ਕਮਲਾਂ ਦੀ ਅਰਾਧਨਾ ਕਰਨ ਕਰਕੇ ਅਤੇ ਹਰੀ ਦਾ ਸਿਮਰਨ ਕਰਨ ਨਾਲ ਮੇਰੀ ਚਿੰਤਾ ਮਿਟ ਗਈ ਹੈ।੨।
ਸਭ ਤਜਿ ਅਨਾਥੁ ਏਕ ਸਰਣਿ ਆਇਓ ॥ ਊਚ ਅਸਥਾਨੁ ਤਬ ਸਹਜੇ ਪਾਇਓ ॥੩॥ (ਜਦ ਮੈਂ) ਅਨਾਥ ਸਭ (ਆਸਰੇ) ਛਡ ਕੇ ਇਕ ਵਾਹਿਗੁਰੂ ਦੀ ਸ਼ਰਣ ਵਿਚ ਆਇਆ।ਤਾਂ ਨਿਰ ਯਤਨ ਹੀ ਉਚਾ ਸਥਾਨ (ਪਰਮ ਪਦ) ਪਾ ਲਿਆ ਹੈ।(ਕਿਉਂਕਿ ਸ੍ਰਮ ਜੋ ਮਿਟ ਗਿਆ)।੩।
ਦੂਖੁ ਦਰਦੁ ਭ੍ਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥੪॥੫੦॥੧੧੯॥ ਗੁਰੂ ਜੀ ਆਖਦੇ ਹਨ ਕਿ (ਜਦ ਮੇਰੇ) ਮਨ ਵਿਚ ਕਰਤਾਰ ਵਸ ਗਿਆ।(ਤਾਂ ਮੇਰਾ) ਭਰਮ, ਡਰ ਤੇ (ਇਨ੍ਹਾਂ ਦਾ ਫਲ) ਦੁਖ ਦਰਦ ਨੱਠ ਗਿਆ।੪।੫੦।੧੧੯।
ਪਦਾਰਥ = ਤਬ ਤੇ-ਤਦ ਤੋਂ।ਧਾਵਤੁ-ਦੌੜਦਾ (ਭਟਕਦਾ) ਫਿਰਦਾ।ਤ੍ਰਿਪਤਾਇਆ-ਰੱਜ ਗਿਆ।੧।ਸੁਖ ਬਿਸ੍ਰਾਮੁ-ਸੁਖਾਂ ਦਾ ਟਿਕਾਣਾ।ਸ੍ਰਮੁ-ਥਕਾਵਟ (ਜਨਮ ਮਰਣ ਦੀ); ਦੌੜ ਭੱਜ; ਦੁੱਖ।ਹਤੀ-ਮਰ ਗਈ।ਬਲਾਇ-ਅਵਿਦਿਆ ਰੂਪ ਬਿਪਤਾ।੧। ਰਹਾਉ।ਭਗਵੰਤਾ-ਪ੍ਰਮਾਤਮਾ ਦੇ।ਤੇ-ਤੋਂ; ਨਾਲ।੨।ਤਜਿ-ਛਡ ਕੇ।ਏਕ-ਇਕ ਪ੍ਰਮਾਤਮਾ ਦੀ।ਊਚ ਅਸਥਾਨੁ-ਉਚਾ ਟਿਕਾਣਾ; ਪਰਮ ਪਦ।ਸਹਜੇ-ਸੌਖੇ (ਨਿਰ ਯਤਨ) ਹੀ।੩।ਭਉ-ਡਰ।ਕਰਣਹਾਰੁ-ਸਿਰਜਣਹਾਰ।੪।੫੦।੧੧੯।
ਗਉੜੀ ਮਹਲਾ ੫ ॥ਕਰ ਕਰਿ ਟਹਲ, ਰਸਨਾ ਗੁਣ ਗਾਵਉ ॥ (ਹੇ ਭਾਈ!) ਹੱਥਾਂ ਨਾਲ (ਪ੍ਰਮੇਸਰ ਦੇ ਪਿਆਰੇ ਗੁਰਮੁਖਾਂ ਦੀ) ਸੇਵਾ ਕਰ ਤੇ ਜੀਭ ਨਾਲ (ਪ੍ਰਮੇਸਰ ਦੇ) ਗੁਣ ਗਾਇਆ ਕਰ।(ਸ਼ਬਦ ਸੰਬੋਧਨ ਰੂਪ ਵਿਚ ਹੈ)।
ਅੰਗ ੧੯੦ = ਚਰਨ ਠਾਕੁਰ ਕੈ ਮਾਰਗਿ ਧਾਵਉ ॥੧॥ ਪੈਰਾਂ ਨਾਲ ਮਾਲਕ ਪ੍ਰਭੂ ਦੇ ਰਸਤੇ ਉਤੇ ਤੁਰਿਆ ਕਰ।੧।
ਭਲੋ ਸਮੋ ਸਿਮਰਨ ਕੀ ਬਰੀਆ ॥ ਸਿਮਰਤ ਨਾਮੁ ਭੈ ਪਾਰਿ ਉਤਰੀਆ ॥੧॥ਰਹਾਉ॥ (ਵਾਹਿਗੁਰੂ ਨੂੰ ਮਿਲਣ ਵਾਸਤੇ ਇਹ ਬੜਾ) ਚੰਗਾ ਸਮਾਂ ਹੈ ਤੇ (ਮਨੁੱਖਾ ਜਨਮ ਹੀ) ਸਿਮਰਨ ਦਾ ਮੌਕਾ ਹੈ।ਵਾਹਿਗੁਰੂ ਦਾ ਸਿਮਰਨ ਕਰਨ ਨਾਲ ਭਵਜਲ (ਸੰਸਾਰ ਸਮੁੰਦਰ) ਤੋਂ ਪਾਰ ਲੰਘ ਜਾਈਦਾ ਹੈ।੧।ਰਹਾਉ।
ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥ ਪ੍ਰਭ ਅਵਿਨਾਸੀ ਮਨ ਮਹਿ ਲੇਖੁ ॥੨॥ (ਹੇ ਭਾਈ!) ਅੱਖਾਂ ਨਾਲ ਸੰਤਾਂ ਦਾ ਦਰਸ਼ਨ ਦੇਖ।ਅਤੇ ਨਾਸ਼ ਰਹਿਤ ਵਾਹਿਗੁਰੂ ਦਾ ਨਾਮ (ਅਪਣੇ) ਮਨ ਵਿਚ ਲਿਖ ਲੈ; ਸਿਮਰਨ ਦਾ ਲੇਖ ਲਿਖ।੨।

ਸੁਣਿ ਕੀਰਤਨੁ ਸਾਧ ਪਹਿ ਜਾਇ ॥ ਜਨਮ ਮਰਣ ਕੀ ਤ੍ਰਾਸ ਮਿਟਾਇ ॥੩॥ ਸਾਧੂਆਂ ਕੋਲ ਜਾ ਕੇ ਵਾਹਿਗੁਰੂ ਦਾ ਕੀਰਤਨ ਸੁਣਿਆ ਕਰ।(ਇਸ ਨਾਲ ਤੇਰਾ) ਜਨਮ ਮਰਣ ਦਾ ਡਰ ਮਿਟ ਜਾਵੇਗਾ; ਜਨਮ ਮਰਣ ਦਾ ਡਰ ਮਿਟਾ ਲੈ।੩।

ਚਰਣ ਕਮਲ ਠਾਕੁਰ ਉਰਿ ਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥ (ਹੇ ਭਾਈ!) ਮਾਲਕ ਪ੍ਰਭੂ ਦੇ ਚਰਣ ਕਮਲ (ਅਪਣੇ) ਹਿਰਦੇ ਵਿਚ ਟਿਕਾ ਲੈ।ਗੁਰੂ ਜੀ ਉਪਦੇਸ਼ ਦੇਂਦੇ ਹਨ (ਕਿ ਇਸ ਪ੍ਰਕਾਰ) ਔਖੀ ਮਿਲਣ ਵਾਲੀ ਮਨੁੱਖਾ ਦੇਹ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਕਰ ਲੈ।੪।੫੧।੧੨੦।

ਪਦਾਰਥ = ਕਰ–ਹੱਥਾਂ ਨਾਲ।ਕਰਿ–ਕਰਿਆ ਕਰ (ਕਰ ਤੇ ਕਰਿ ਦਾ ਫਰਕ ਦੇਖੋ)।ਟਹਲ–ਸੇਵਾ।ਰਸਨਾ–ਜੀਭ ਨਾਲ।ਚਰਨ–ਪੈਰਾਂ ਨਾਲ।ਮਾਰਗਿ–ਰਸਤੇ ਉਤੇ।ਧਾਵਉ–ਤੁਰੋ; ਚੱਲੋ।੧।ਭਲੋ ਸਮੋ–ਚੰਗਾ ਸਮਾਂ।ਬਰੀਆ–ਮੌਕਾ।ਭੈ–ਭਵ ਸਾਗਰ (ਸੰਸਾਰ ਸਮੁੰਦਰ)।ਉਤਰੀਆ–ਲੰਘ ਜਾਈਦਾ ਹੈ।੧।ਰਹਾਉ।ਨੇਤ੍ਰ–ਅੱਖਾਂ ਨਾਲ।ਪੇਖੁ–ਦੇਖ।ਅਵਿਨਾਸੀ–ਨਾਸ਼ ਰਹਿਤ।ਲੇਖੁ–ਲਿਖ; ਲਖ (ਜਾਣ) ਲੈ (ਸੰ.ਸ.; ਫ.ਸ.; ਟਕਸਾਲ)।੨।ਪਹਿ–ਪਾਸ (ਕੋਲ)।ਤ੍ਰਾਸ–ਡਰ।੩।ਉਰਿ–ਹਿਰਦੇ ਵਿਚ।ਧਾਰਿ–ਟਿਕਾ ਕੇ ਰੱਖ।ਦੁਲਭ ਦੇਹ–ਮੁਸ਼ਕਲ ਨਾਲ ਮਿਲਣ ਵਾਲਾ ਮਨੁੱਖ ਸਰੀਰ।ਨਿਸਤਾਰਿ–ਤਰ ਕੇ ਪਾਰ ਲੰਘਾ ਲੈ।੪।੫੧।੧੨੦।

ਗਉੜੀ ਮਹਲਾ ੫ ॥ ਜਾ ਕਉ ਅਪਨੀ ਕਿਰਪਾ ਧਾਰੈ ॥ ਸੋ ਜਨੁ ਰਸਨਾ ਨਾਮੁ ਉਚਾਰੈ ॥੧॥ (ਹੇ ਭਾਈ! ਪ੍ਰਭੂ) ਜਿਸ ਮਨੁੱਖ ਉਪਰ ਅਪਨੀ ਕਿਰਪਾ ਧਾਰਦਾ (ਕਰਦਾ) ਹੈ।ਉਹ ਪੁਰਖ ਰਸਨਾ ਨਾਲ ਵਾਹਿਗੁਰੂ ਦਾ ਨਾਮ ਉਚਾਰਦਾ ਹੈ।੧।

ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ਰਹਾਉ॥ ਹਰੀ ਨਾਮ ਦੇ ਭੁੱਲਣ ਨਾਲ ਸੰਸਾ ਤੇ ਦੁਖ ਵਿਆਪਦਾ ਹੈ।(ਪਰ) ਨਾਮ ਸਿਮਰਦਿਆਂ ਭਰਮ ਤੇ (ਸਭ ਕਿਸਮ ਦਾ) ਡਰ ਦੌੜ ਜਾਂਦਾ ਹੈ।੧।ਰਹਾਉ।

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥ ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥ (ਜੋ ਪੁਰਖ) ਹਰੀ ਦਾ ਕੀਰਤਨ (ਕੰਨਾਂ ਨਾਲ) ਸੁਣਦਾ ਹੈ ਤੇ ਹਰੀ ਦਾ ਕੀਰਤਨ (ਮੂੰਹ ਨਾਲ) ਗਾਉਂਦਾ ਹੈ।ਕੋਈ ਦੁੱਖ ਉਸ ਪੁਰਖ ਦੇ ਨੇੜੇ ਆਉਂਦਾ ਹੀ ਨਹੀਂ।੨।

ਹਰਿ ਕੀ ਟਹਲ ਕਰਤ ਜਨੁ ਸੋਹੈ ॥ ਤਾ ਕਉ ਮਾਇਆ ਅਗਨਿ ਨ ਪੋਹੈ ॥੩॥ ਹਰੀ ਦੀ ਸੇਵਾ ਭਗਤੀ ਕਰਦਿਆ (ਹਰੀ ਦਾ) ਭਗਤ ਸੋਭਾ ਪਾਉਂਦਾ ਹੈ।ਉਸ ਨੂੰ ਮਾਇਆ ਦੀ ਅੱਗ ਨਹੀਂ ਪੋਹ ਸਕਦੀ (ਆਤਮਕ ਜੀਵਨ ਨੂੰ ਸਾੜਦੀ ਨਹੀਂ)।੩।

ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥ ਨਾਨਕ ਤਜੀਅਲੇ ਅਵਰਿ ਜੰਜਾਲ ॥੪॥੫੨॥੧੨੧॥ ਗੁਰੂ ਜੀ ਆਖਦੇ ਹਨ (ਕਿ ਜਿਸ ਪੁਰਖ ਦੇ) ਮਨ ਵਿਚ, ਤਨ ਵਿਚ ਅਤੇ ਮੂੰਹ ਵਿਚ ਦਇਆ ਦੇ ਘਰ ਪ੍ਰਮਾਤਮਾ ਦਾ ਨਾਮ ਹੈ।(ਉਸ ਨੇ ਦੁਨੀਆਂ ਦੇ) ਹੋਰ ਸਾਰੇ ਜੰਜਾਲ (ਝਮੇਲੇ) ਛੱਡ ਦਿਤੇ ਹਨ।੪।੫੨।੧੨੧।

ਪਦਾਰਥ = ਜਾ ਕਉ–ਜਿਸ ਨੂੰ (ਉਤੇ)।ਧਾਰੈ–ਕਰਦਾ ਹੈ।ਸੋ–ਉਹ।੧।ਸਹਸਾ–ਸ਼ੱਕ; ਭਰਮ।ਬਿਆਪੈ–ਲਗਦਾ ਹੈ।ਭਉ–ਡਰ।ਭਾਗੈ–ਦੂਰ ਹੁੰਦਾ ਹੈ।੧।ਰਹਾਉ।ਤਿਸੁ ਜਨੁ–ਉਸ ਪੁਰਖ ਦੇ।ਨਿਕਟਿ–ਨੇੜੇ।੨।ਸੋਹੈ–ਸੋਭਦਾ ਹੈ; ਸੋਹਣਾ ਲਗਦਾ ਹੈ।ਤਾ ਕਉ–ਉਸ ਨੂੰ।ਪੋਹੈ–ਅਸਰ ਨਹੀਂ ਕਰਦੀ।੩।ਤਜੀਅਲੇ–ਛਡ ਦਿਤੇ।ਅਵਰਿ–ਹੋਰ।੪।੫੨।੧੨੧।

ਗਉੜੀ ਮਹਲਾ ੫ ॥ ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥੧॥ (ਹੇ ਭਾਈ! ਜਿਸ ਮਨੁੱਖ ਨੇ ਅਪਣੀ) ਸਿਆਣਪ ਤੇ ਬਹੁਤੀ ਚਤਰਾਈ ਛਡ ਦਿਤੀ ਹੈ।(ਉਸ ਨੇ ਮਨ ਵਿਚ) ਪੂਰੇ ਗੁਰੂ ਦੀ ਟੇਕ ਟਿਕਾ ਲਈ ਹੈ।੧।

ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥ ਗੁਰੁ ਪੂਰਾ ਭੇਟਿਆ, ਲਿਵ ਲਾਇ ॥੧॥ਰਹਾਉ॥ (ਕਿਉਂਕਿ ਜਿਸ ਪੁਰਖ ਨੂੰ) ਪੂਰਾ ਗੁਰੂ ਮਿਲ ਗਿਆ ਹੈ, (ਉਸ ਨੇ) ਲਿਵ ਲਾ ਕੇ ਹਰੀ ਦੇ ਗੁਣ ਗਾਏ ਹਨ, (ਜਿਸ ਦੇ ਫਲ ਸਰੂਪ) ਦੁੱਖ ਨਾਸ਼ ਹੋ ਗਏ ਹਨ ਤੇ ਸੁਖ ਪ੍ਰਾਪਤ ਹੋ ਗਏ ਹਨ।੧।ਰਹਾਉ।

ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥੨॥ ਗੁਰੂ ਨੇ (ਉਸ ਨੂੰ) ਮੰਤ੍ਰ ਵੱਜੋਂ ਹਰੀ ਦਾ ਨਾਮ ਦਿਤਾ ਹੈ।(ਜਿਸ ਨਾਮ ਦੀ ਬਰਕਤ ਨਾਲ ਉਸ ਦੇ ਸਾਰੇ) ਝੋਰੇ ਮਿਟ ਗਏ ਅਤੇ ਚਿੰਤਾ ਵੀ ਲਹਿ (ਦੂਰ ਹੋ) ਗਈ।੨।

ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥੩॥ ਕ੍ਰਿਪਾਲੂ ਗੁਰੂ ਦੇ ਮਿਲਣ ਨਾਲ (ਉਸ ਮਨੁੱਖ ਨੂੰ) ਆਤਮਕ ਅਨੰਦ ਪ੍ਰਾਪਤ ਹੋ ਗਿਆ।ਅਤੇ ਕ੍ਰਿਪਾ ਕਰ ਕੇ (ਗੁਰੂ ਨੇ ਉਸ ਦੇ) ਜਮਾਂ ਦੇ ਫਾਹੇ ਵੀ ਕੱਟ ਦਿਤੇ।੩।

ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਨੇ) ਪੂਰਾ ਗੁਰੂ ਪਾ ਲਿਆ ਹੈ।ਉਸ (ਗੁਰੂ) ਕਰਕੇ (ਉਸ ਮਨੁੱਖ ਨੂੰ) ਮੁੜ ਮਾਇਆ ਨਹੀਂ ਬਿਆਪਦੀ।੪।੫੩।੧੨੨।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਬਹੁ-ਬਹੁਤ।ਟੇਕ-ਆਸਰਾ।ਟਿਕਾਈ-ਧਾਰਣ ਕੀਤੀ।੧।ਬਿਨਸੇ-ਨਾਸ਼ ਹੋ ਗਏ।ਭੇਟਿਆ-ਮਿਲਿਆ।ਲਿਵ ਲਾਇ -ਧਿਆਨ ਜੋੜ ਕੇ।੧।ਰਹਾਉ।ਵਿਸੂਰੇ-ਝੋਰੇ; ਪਛਤਾਵੇ।ਉਤਰੀ-ਲਹਿ ਗਈ।੨।ਜਮ ਜਾਲ-ਜਮਾਂ ਦਾ ਜਾਲ (ਫਾਹੇ)।੩।ਤਾ ਤੇ-ਉਸ (ਗੁਰੂ) ਕਰਕੇ।ਬਹੁਰਿ-ਮੁੜ ਦੁਬਾਰਾ।ਨ ਬਿਆਪੈ-ਨਹੀਂ ਬਿਆਪਦੀ (ਅਸਰ ਨਹੀਂ ਕਰਦੀ)।੪।੫੩।੧੨੨।

ਗਉੜੀ ਮਹਲਾ ੫ ॥ ਰਾਖਿ ਲੀਆ ਗੁਰਿ ਪੂਰੈ ਆਪਿ ॥ ਮਨਮੁਖ ਕਉ ਲਾਗੋ ਸੰਤਾਪੁ ॥੧॥ (ਮੈਨੂੰ) ਪੂਰੇ ਗੁਰੂ ਨੇ ਆਪ ਹੱਥ ਦੇ ਕੇ (ਵੈਰੀਆਂ ਤੋਂ) ਰੱਖ ਲਿਆ ਹੈ।(ਇਹ ਦੇਖ ਕੇ ਈਰਖਾ ਕਰਨ ਵਾਲੇ) ਮਨਮੁਖਾਂ ਨੂੰ ਦੁੱਖ ਲਗਿਆ ਹੈ।੧।

ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥੧॥ਰਹਾਉ॥ ਹੇ ਮੇਰੇ ਮਿਤ੍ਰ! ਗੁਰੂ ਗੁਰੂ ਜਪ।(ਜਾਪ ਦੇ ਇਸ ਅਭਿਆਸ ਨਾਲ ਤੇਰਾ) ਮੂੰਹ ਵਾਹਿਗੁਰੂ ਦੇ ਦਰਬਾਰ ਵਿਚ ਉਜਲ ਹੋਵੇਗਾ।੧।ਰਹਾਉ।

ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥੨॥ (ਜੇ ਮਿੱਤ੍ਰ!) ਗੁਰੂ ਦੇ ਚਰਣ ਅਪਨੇ ਹਿਰਦੇ ਵਿਚ ਵਸਾ ਲੈ।(ਜਿਸ ਕਰਕੇ) ਦੁਖ ਦੇਣ ਵਾਲੇ ਦੁਸ਼ਮਨ ਤੇ ਬਿਪਤਾ ਨਾਸ਼ ਹੋ ਜਾਣ।੨।

ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ ਜੀਅ ਭਾਈ ॥੩॥ ਗੁਰੂ ਦਾ ਸ਼ਬਦ ਤੇਰੇ ਅੰਗ ਸੰਗ ਹੋ ਕੇ ਸਹਾਇਤਾ ਕਰਨ ਵਾਲਾ ਹੈ।ਹੇ ਭਾਈ! (ਉਸ ਸ਼ਬਦ ਦਾ ਸਦਕਾ ਤੇਰੇ ਉਤੇ) ਸਾਰੇ ਜੀਵ ਦਿਆਲੂ ਹੋਏ ਹਨ।੩।

ਗੁਰਿ ਪੂਰੈ ਜਬ ਕਿਰਪਾ ਕਰੀ ॥ ਭਨਤਿ ਨਾਨਕ ਮੇਰੀ ਪੂਰੀ ਪਰੀ ॥੪॥੫੪॥੧੨੩॥ ਗੁਰੂ ਜੀ ਆਖਦੇ ਹਨ ਕਿ ਜਦ ਪੂਰੇ ਗੁਰੂ ਨੇ ਕ੍ਰਿਪਾ ਕੀਤੀ ਤਾਂ ਸਾਰੀ ਘਾਲ ਸਫਲ ਹੋ ਗਈ।੪।੫੪।੧੨੩।

ਪਦਾਰਥ = ਰਾਖਿ ਲੀਆ-ਬਚਾ ਲਿਆ।ਸੰਤਾਪੁ-ਦੁਖ।੨।ਮੀਤ ਹਮਾਰੇ-ਹੇ ਮੇਰੇ ਮਿਤ੍ਰ!।ਦਰਬਾਰੇ-ਰੱਬ ਦੇ ਦਰਬਾਰ ਵਿਚ।੧। ਰਹਾਉ।ਹਤੈ-ਨਾਸ਼ ਹੋਵੇ।ਬਲਾਇ-ਬਿਪਤਾ।੨।ਸਹਾਈ-ਸਹਾਇਤਾ ਕਰਨ ਵਾਲਾ।ਸਗਲੇ-ਸਾਰੇ।ਜੀਅ-ਜੀਵ।੩।ਜਬ-ਜਦ ।ਭਨਤਿ-ਕਹਿੰਦੇ ਹਨ।ਪੂਰੀ ਪਰੀ-ਕੰਮ ਸਿਰੇ ਚੜ੍ਹ ਗਏ; ਪੂਰੀ ਤਸੱਲੀ ਹੋ ਗਈ (ਮ.ਕੋ)।੪।੫੩।੧੨੩।

ਗਉੜੀ ਮਹਲਾ ੫ ॥ ਅਨਿਕ ਰਸਾ ਖਾਏ ਜੈਸੈ ਢੋਰ ॥ ਮੋਹ ਕੀ ਜੇਵਰੀ ਬਾਧਿਓ ਚੋਰ ॥੧॥ (ਹੇ ਭਾਈ! ਨਾਮ ਵਿਹੂਣਾ ਮਨੁੱਖ ਜੋ) ਅਨੇਕਾਂ ਰਸਾਂ ਵਾਲੇ ਪਦਾਰਥ ਖਾਂਦਾ ਹੈ, (ਸਮਝੋ ਉਹ ਇਸ ਤਰ੍ਹਾਂ ਖਾਂਦਾ ਹੈ) ਜਿਸ ਤਰ੍ਹਾਂ ਪਸ਼ੂ (ਪੱਠੇ ਆਦਿ) ਖਾਂਦਾ ਹੈ।(ਨਾਮ ਹੀਣ ਮਨੁੱਖ) ਮੋਹ ਦੀ ਰੱਸੀ ਨਾਲ ਇਉਂ ਬੱਧਾ ਹੋਇਆ ਹੈ, ਜਿਵੇਂ ਚੋਰ ਬਨ੍ਹਿਆ ਹੁੰਦਾ ਹੈ।੧।

ਮਿਰਤਕ ਦੇਹ ਸਾਧ ਸੰਗ ਬਿਹੂਨਾ ॥ ਆਵਤ ਜਾਤ ਜੋਨੀ ਦੁਖ ਖੀਨਾ ॥੧॥ਰਹਾਉ॥ ਸਾਧ ਸੰਗਤ ਕਰਨ ਤੋਂ ਬਿਨਾ ਮਨੁੱਖਾ ਦੇਹ ਮੁਰਦਾ ਹੈ।ਜੂਨਾਂ ਵਿਚ ਆਉਣ ਜਾਣ (ਜੰਮਣ ਮਰਨ) ਦੇ ਦੁੱਖਾਂ ਕਰਕੇ (ਆਤਮਕ ਤੌਰ ਤੇ) ਨਾਸ਼ ਹੋ ਚੁਕਾ ਹੈ।੧।ਰਹਾਉ।

ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥ (ਨਾਮ ਹੀਣ ਮਨੁੱਖ ਨੇ ਅਪਣੇ ਸਰੀਰ ਨੂੰ) ਅਨੇਕ ਤਰ੍ਹਾਂ ਦੇ ਸੁੰਦਰ ਬਸਤ੍ਰ ਪਹਿਨਾਏ ਹਨ।(ਉਹ ਮਨੁੱਖ ਇਸ ਤਰ੍ਹਾਂ ਹੈ) ਜਿਵੇਂ ਖੇਤ ਵਿਚ ਬਨਾਉਟੀ ਮਨੁੱਖ ਦਾ ਪੁਤਲਾ ਹੁੰਦਾ ਹੈ, (ਜੋ ਜਾਨਵਰਾਂ ਆਦਿਕਾਂ ਨੂੰ) ਡਰਾਇਆ ਕਰਦਾ ਹੈ।੨।

ਸਗਲ ਸਰੀਰ ਆਵਤ ਸਭ ਕਾਮ ॥ ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥ ਹੋਰ ਸਾਰੇ ਸਰੀਰ ਸਭ ਤਰ੍ਹਾਂ ਦੇ ਕੰਮ ਆ ਜਾਂਦੇ ਹਨ।(ਪਰ ਜੋ) ਮਨੁੱਖ ਨਾਮ ਨਹੀਂ ਜਪਦਾ, (ਉਸਦਾ ਸਰੀਰ) ਨਿਹਫਲ ਹੈ।੩।

ਕਹੁ ਨਾਨਕ ਜਾਕਉ ਭਏ ਦਇਆਲਾ ॥ ਸਾਧ ਸੰਗਿ ਮਿਲਿ ਭਜਹਿ ਗੋੁਪਾਲਾ ॥੪॥੫੫॥੧੨੪॥ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਉਪਰ ਪ੍ਰਭੂ ਦਿਆਲ ਹੋਏ ਹਨ।ਉਹ ਸਾਧ ਸੰਗਤ ਵਿਚ ਮਿਲ ਕੇ ਵਾਹਿਗੁਰੂ ਨੂੰ ਜਪਦੇ ਹਨ।੪।੫੫।੧੨੪।

ਪਦਾਰਥ = ਰਸਾ-ਸੁਆਦਲੇ ਪਦਾਰਥ।ਢੋਰ-ਪਸ਼ੂ।ਜੇਵਰੀ-ਰੱਸੀ।ਬਾਧਿਓ-ਬੰਨ੍ਹਿਆ ਹੈ।੧।ਮਿਰਤਕ-ਮੁਰਦਾ।ਬਿਹੂਨਾ-ਬਿਨਾ ।ਖੀਨਾ-ਨਾਸ਼; ਕਮਜੋਰ।੧।ਰਹਾਉ।ਡਰਨਾ-(ਜਾਨਵਰਾਂ ਨੂੰ ਡਰਾਉਣ ਲਈ ਖੇਤ ਵਿਚ ਖੜਾ ਕੀਤਾ) ਬਨਾਉਟੀ ਰਾਖਾ।੨। ਸਗਲ-ਸਾਰੇ।ਕਾਮ-ਕੰਮ।੩।ਕਾ ਕਉ-ਜਿਸ ਨੂੰ (ਉਪਰ)।ਭਏ-ਹੋਏ।ਗੋੁਪਾਲਾ-ਪਾਲਣਵਾਲਾ ਵਾਹਿਗੁਰੂ।੪।੫੫।੧੨੪।

ਵਿਆਖਿਆ = ਵਾਹਿਗੁਰੂ ਦਾ ਨਾਮ ਨਾ ਜਪਣ ਵਾਲੇ ਨੂੰ ਗੁਰੂ ਜੀ ਪਸ਼ੂ ਦਸਦੇ ਹਨ, ਕਿਉਂਕਿ ਪਸ਼ੂ ਨੂੰ ਵਾਹਿਗੁਰੂ ਦਾ ਗਿਆਨ ਨਹੀਂ ਹੁੰਦਾ।ਫਿਰ ਸੁਆਲ ਪੈਦਾ ਹੁੰਦਾ ਕਿ ਪਸ਼ੂ ਤਾਂ ਰੱਸੇ ਨਾਲ ਬੰਨ੍ਹਿਆ ਹੁੰਦਾ ਹੈ, ਮਨੁੱਖ ਅਜਾਦ ਫਿਰਦਾ ਹੈ।ਤਾਂ ਗੁਰੂ ਜੀ ਦਸਦੇ ਹਨ ਕਿ ਮਨੁੱਖ ਵੀ ਮੋਹ ਦੀ ਰੱਸੀ ਨਾਲ ਬੱਧਾ ਹੋਇਆ ਹੈ।ਇਸਦਾ ਆਪਾ ਸੁਤੰਤਰ ਨਹੀਂ, ਫਿਰ ਇਸ ਨੂੰ ਪਸ਼ੂ ਤੋਂ ਭੈੜਾ ਚੋਰ ਦਸਦੇ ਹਨ।ਪਸ਼ੂ ਤਾਂ ਅਪਣੇ ਮਾਲਕ ਦੇ ਕਈ ਕੰਮ ਸੁਆਰਦਾ ਹੈ।ਮਨੁੱਖ ਅਪਣੇ ਮਾਲਕ ਵਾਹਿਗੁਰੂ ਦਾ ਦਿਤਾ ਖਾਂਦਾ ਹੈ,

All Rights Reserved by Harjinder Singh Gyani | www.GuruGranthVakhyaan.org

ਪਹਿਨਦਾ ਹੈ, ਪਰ ਮਾਲਕ ਦਾ ਸ਼ੁਕਰਾਨਾ ਨਹੀਂ ਕਰਦਾ, ਇਸ ਕਰਕੇ ਕੰਮ ਚੋਰ ਹੈ।ਨਾਮ ਹੀਣ ਮਨੁੱਖ ਰੁਹਾਨੀ ਜੀਵਨ ਵੱਲੋਂ ਮੁਰਦਾ ਹੈ, ਕਿਉਂਕਿ ਮਨ ਵਿਚ ਵਾਹਿਗੁਰੂ ਦੇ ਨਾਮ ਨੂੰ ਨਹੀਂ ਵਸਾਉਂਦਾ।ਮੋਹ ਵਿਚ ਫਸਿਆ ਮੁਕਤ ਨਹੀਂ ਹੁੰਦਾ, ਜੰਮਦਾ ਮਰਦਾ ਰਹਿੰਦਾ ਹੈ।ਨਾਮ ਹੀਣ ਮਨੁੱਖ ਡਰਨੇ ਸਮਾਨ ਹੈ, ਜੋ ਖੇਤ ਵਿਚ ਜਾਨਵਰਾਂ ਤੇ ਪੰਛੀਆਂ ਨੂੰ ਡਰਾਉਣ ਲਈ ਮਨੁੱਖ ਦਾ ਪੁਤਲਾ ਬਣਾ ਕੇ ਖੜਾ ਕੀਤਾ ਹੁੰਦਾ ਹੈ।ਪਸ਼ੂ ਬੇਸ਼ੱਕ ਸਿਮਰਨ ਨਹੀਂ ਕਰਦੇ, ਪਰ ਉਹ ਕੰਮ ਆਉਂਦੇ ਹਨ, ਉਨ੍ਹਾਂ ਦੇ ਮਰੇ ਸਰੀਰ ਵੀ ਕੰਮ ਆ ਜਾਂਦੇ ਹਨ।ਪਰ ਨਾਮ ਹੀਣ ਮਨੁੱਖ ਦਾ ਜੀਵਨ ਕਿਸੇ ਕੰਮ ਦਾ ਨਹੀ।ਅਖੀਰ ਵਿਚ ਦਸਦੇ ਹਨ ਕਿ ਮਨੁੱਖ ਦੇ ਵੀ ਵਸ ਵਿਚ ਨਹੀਂ, ਜਿਸ ਉਪਰ ਵਾਹਿਗੁਰੂ ਮੇਹਰਵਾਨ ਹੁੰਦਾ ਹੈ, ਉਹ ਸਤ ਸੰਗਤ ਵਿਚ ਮਿਲ ਕੇ ਵਾਹਿਗੁਰੂ ਦਾ ਨਾਮ ਜਪਦਾ ਹੈ।

ਅਰਦਾਸ = ਹੇ ਗੁਰੂ ਅਰਜਨ ਦੇਵ ਜੀ ਆਪ ਜੀ ਦਾ ਕੋਟਾਨ ਕੋਟ ਸ਼ੁਕਰ ਹੈ।ਆਪ ਜੀ ਨੇ ਮਹਾਨ ਕਿਰਪਾ ਕਰਕੇ, ਦਾਸ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖ ਕੇ ਗੁਰਬਾਣੀ ਦੇ ਅਰਥ ਲਿਖਵਾਉਣ ਦੀ ਸੇਵਾ ਕਰਾਈ ਹੈ।ਕਥਾ ਲਿਖਦਿਆਂ ਹੋਈਆਂ ਭੁੱਲਾਂ ਦੀ ਮਾਫੀ ਬਖਸ਼ਣੀ ਜੀ, ਅੱਗੇ ਤੋਂ ਆਪ ਕਿਰਪਾ ਕਰਕੇ ਦਾਸ ਦੇ ਦਿਲ ਵਿਚ ਵਸ ਕੇ ਅਰਥ ਲਿਖਵਾ ਲੈਣੇ ਜੀ।

ਦਾਸਨਿਦਾਸ
ਹਰਜਿੰਦਰ ਸਿੰਘ ਗਿਆਨੀ

www.gurugranthvakhyaan.org ASAP